RNI No. - PUNPUN/2022/82997

ISSN : 2584-1211

# ਆਪਣੀ ਆਵਾਜ਼


# अपनी आवाज़

# APNI AAWAAZ



| Vol. 5 | Issue 9 | September 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 9 | ਸਤੰਬਰ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |





ਫੋਟੋ : ਸ਼ਹਿਬਾਜ਼ ਖ਼ਾਨ

| ਸਾਲ 5 | Vol. 5 | ਅੰਕ 9 | Issue 9 | ਮਾਸਿਕ | Monthly | ਸਤੰਬਰ 2026 | September 2026 |
|---|---|---|---|---|---|---|---|

A Referred Journal of Punjabi Language & Literature

# Apni Aawaaz

Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Reffaries :**

Dr Jasvir Singh Principal
Dr Paramjit Singh
Dr. Harpreet Singh
Dr. Baljit Singh
Prithvi Raj Thapar
Jagdeep Singh

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਮੇਰਾ ਸਿਰਜਨਾ ਸਫ਼ਰ | ਸੁਰਿੰਦਰ ਸਿੰਘ ਸੁੰਨੜ | 3 |
| 2. ਸੰਪਾਦਕੀ – ਸਰਕਾਰਾਂ ਲਈ ਸੋਚਣ ਦੀ ਘੜੀ | ਡਾ. ਰਾਮ ਮੂਰਤੀ | 4 |
| 3. ਲਾ ਸ਼ਰੀਕ | ਮਨੀਸ਼ ਤਾਲਿਬ | 5 |
| 4. ਫ਼ਿਕਰਮੰਦੀ ਦੇ ਰਾਹਾਂ ਵਿੱਚੋਂ ਚੁਗੇ ਲਫ਼ਜ਼ : ਧੀਆਂ ਡਾਲਰ .... | ਸ਼ਹਿਬਾਜ਼ ਖ਼ਾਨ | 9 |
| 5. ਇਲਾਹੀ ਨਦਰ ਦੇ ਪੈਂਡੇ | ਚੇਤਨ ਸਿੰਘ | 9 |
| 6. ਕਸ਼ਮੀਰੀ ਲਾਲ ਚਾਵਲਾ ਦੇ ਕਵਿਤਾਵਾਂ | ਕਸ਼ਮੀਰੀ ਲਾਲ ਚਾਵਲਾ | 11 |
| 7. ਲੰਘੇ ਪਾਣੀ ਮੁੜ ਨਹੀਂ ਆਉਂਦੇ... | ਜਗਜੀਤ ਸਿੰਘ ਲੋਹਟਬੱਦੀ | 12 |
| 8. ਜੇ ਤੁਸੀਂ ਆਪਣੇ ਆਪ ਦੇ ਸ਼ੁਭਚਿੰਤਕ ਹੋ, ਤਾਂ ਇਹ ਪੜ੍ਹੋ! | ਜ਼ਫ਼ਰ ਇਕਬਾਲ ਜ਼ਫ਼ਰ | 16 |
| 9. ਹਰਜਿੰਦਰ ਸਿੰਘ ਜਿੰਦੀ ਦੀਆਂ ਦੋ ਕਵਿਤਾਵਾਂ | ਹਰਜਿੰਦਰ ਸਿੰਘ ਜਿੰਦੀ | 18 |
| 10. ਵਿਸ਼ਵ ਪੰਜਾਬੀ ਸਭਾ ਬਰੈਂਪਟਨ ਕਨੇਡਾ ਦੀ ਐਡਮਿੰਟਨ... | ਬਲਵਿੰਦਰ ਬਾਲਮ | 19 |
| 11. ਬਲਵਿੰਦਰ ਬਾਲਮ ਦੀਆਂ ਤਿੰਨ ਗ਼ਜ਼ਲਾਂ | ਬਲਵਿੰਦਰ ਬਾਲਮ | 20 |
| 12. ਹਿੰਦੀ ਵਿਅੰਗ–ਲਜ਼ੀਜ਼ ਅਤੇ ਚਟਪਟੇ ਵਿਅੰਗ ਦਾ ਭੜਥਾ | ਅਸ਼ੋਕ ਗੌਤਮ | 21 |
| 13. ਮਿੰਨੀ ਕਹਾਣੀ – ਨੀਤੀ | ਪ੍ਰੋ. ਨਵ ਸੰਗੀਤ ਸਿੰਘ | 23 |
| 14. ਲੇਖ–'ਖ਼ਾਲਸਾ ਮਹਿਸੂਲ' ਲੈਣ ਵਾਲੇ ਭਾਈ ਬੋਤਾ ਸਿੰਘ.... | ਨੂਰ ਸੰਤੋਖਪੁਰੀ | 24 |
| 15. ਪੰਜ ਮਿੰਨੀ ਕਹਾਣੀਆਂ | ਸੁਖਮਿੰਦਰ ਸੇਖੋਂ | 26 |
| 16. ਲਖਵਿੰਦਰ ਸਿੰਘ ਬਾਜਵਾ ਦੀ ਲਿਖਤ | ਲਖਵਿੰਦਰ ਸਿੰਘ ਬਾਜਵਾ | 29 |
| 17. ਪੁਸਤਕ ਚਰਚਾ : 'ਜਵਾਬ ਅਜੇ ਬਾਕੀ ਹੈ...' | ਡਾ.ਪ੍ਰਿਤਪਾਲ ਸਿੰਘ ਮਹਿਰੋਕ | 30 |
| 18. ਪੰਜ ਕਵਿਤਾਵਾਂ | ਮਹਿੰਦਰ ਸਿੰਘ ਮਾਨ | 35 |
| 19. "ਪੰਜਾਬੀ ਅਤੇ ਵਿਰਸਾ ਅਪਣਾਓ ਨਸ਼ਿਆਂ ਨੂੰ ਭਜਾਓ" | ਜਸਵੀਰ ਸ਼ਰਮਾਂ ਦੱਦਾਹੂਰ | 36 |
| 20. ਸਾਦਗੀ ਨੂੰ ਬਣਾਈਏ ਜੀਵਨ ਦਾ ਅਹਿਮ ਹਿੱਸਾ | ਸੰਜੀਵ ਸਿੰਘ ਸੈਣੀ | 37 |
| 21. ਚੁੱਪ ਦਾ ਪਸਾਰਾ | ਆਰ. ਸੀ. ਘੇਲੀਆ | 38 |
| 22. ਅੰਬਰਾਂ ਦੇ ਤਾਰੇ | ਤਕਸ਼ਕ ਸ਼ਰਮਾ | 39 |
| 23. ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ ... | ਡਾ. ਭੁਪਿੰਦਰ ਕੌਰ | 44 |
| 24. ਹਿੰਦੀ ਨਜ਼ਮ – ਗੇਮ | ਲੀਨਾ ਮਲਹੋਤਰਾ ਰਾਓ | 48 |
| 25. 'ਆਪਣੀ ਆਵਾਜ਼' ਦਾ ਰੰਗ ਮੰਚ ਦੇ ਵਿਕਾਸ ਵਿੱਚ ਯੋਗਦਾਨ | ਰਿਪੋਰਟ–ਡਾ ਰਾਮ ਮੂਰਤੀ | 49 |
| 26. 1. ਗ਼ਜ਼ਲ–ਮਨਜੀਤ ਸਿੰਘ ਸੋਹਲ, 2. ਗਜ਼ਲ | ਗੁਰਦਿਆਲ ਸਿੰਘ 'ਕਾਂਜਲੀ' | 50 |
| 27. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 51 |
| 28. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 52 |
| 29. ਕਸ਼ਮੀਰ ਦੇ ਗੁਰ ਅਸਥਾਨਾਂ ਦੀ ਯਾਤਰਾ | ਚੇਤਨ ਸਿੰਘ | 59 |

**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।**

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001


ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ

# ਮੇਰਾ ਸਿਰਜਨਾ ਸਫ਼ਰ



**ਸੁਰਿੰਦਰ ਸਿੰਘ ਸੁੰਨੜ**

1968 ਦੇ ਵਿੱਚ ਜਦ ਮੈਂ ਗੌਰਮੈਂਟ ਕਾਲਜ ਕਪੂਰਥਲੇ ਦਾਖ਼ਲਾ ਲਿਆ ਤਾਂ ਸੁਰਜੀਤ ਪਾਤਰ ਹਾਲੇ ਤਾਜ਼ਾ-ਤਾਜ਼ਾ ਹੀ ਉਥੋਂ ਗਰੈਜੂਏਸ਼ਨ 'ਕਰਕੇ ਨਿਕਲਿਆ ਸੀ। ਲੇਕਿਨ ਸਾਰੇ ਵਿਦਿਆਰਥੀ ਜਿਹਨੂੰ ਗਾਉਣਾ ਆਉਂਦਾ ਸੀ ਜਾਂ ਨਹੀਂ, ਸਾਰੇ ਹੀ ਪਾਤਰ ਦੇ ਗੀਤ ਗੁਣਗੁਣਾਉਂਦੇ ਫਿਰਦੇ ਸੀ। ਮੈਂ ਤੋਤੇ ਦੀ ਅੱਖ ਵਿੱਚ ਉਮਰ ਗੁਜ਼ਾਰੀ ਹੈ, ਚੜ੍ਹ ਨਾ ਸਕਿਆ ਨਜ਼ਰੇ ਕਿਸੇ ਹਸੀਨਾ ਦੀ, ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ ਅਸੀਂ ਖੜ੍ਹੇ ਰਹੇ ਬਿਰਖ ਵਾਲੀ ਹਾ ਬਣ ਕੇ। ਮੇਰਾ ਵੀ ਜੀ ਕਰਨ ਲੱਗ ਪਿਆ ਕਿ ਮੈਂ ਵੀ ਕਵਿਤਾ ਲਿਖਾਂ। ਅਗਲੇ ਸਾਲ 1969 ਵਿੱਚ ਗੌਰਮੈਂਟ ਕਾਲਜ ਕਪੂਰਥਲੇ ਗੁਰੂ ਨਾਨਕ ਪਾਤਸ਼ਾਹ ਦੇ 500 ਸਾਲਾਂ ਗੁਰਪੁਰਬ 'ਤੇ ਇੱਕ ਬਹੁਤ ਵੱਡਾ ਕਵੀ ਦਰਬਾਰ ਹੋਇਆ ਜਿਸ ਵਿੱਚ ਪ੍ਰੋਫੈਸਰ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਐਸ.ਐਸ. ਮੀਸ਼ਾ, ਸ਼ਿਵ ਕੁਮਾਰ ਬਟਾਲਵੀ ਅਤੇ ਹੋਰ ਉਸ ਸਮੇਂ ਦੇ ਸਿਰ ਕੱਢ ਕਵੀ ਹਿੱਸਾ ਲੈਣ ਆਏ ਤੇ ਸਭ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ।




ਉਸ ਕਵੀ ਦਰਬਾਰ ਦੇ ਅੰਤ ਵਿੱਚ ਸ਼ਿਵ ਕੁਮਾਰ ਬਟਾਲਵੀ ਤੋਂ ਇੱਕ ਸਪੈਸ਼ਲ ਕਵਿਤਾ ਸਿਫਾਰਸ਼ ਨਾਲ ਸਰੋਤਿਆਂ ਨੇ ਸੁਣਨ ਲਈ ਕਿਹਾ ਤਾਂ ਸ਼ਿਵ ਕੁਮਾਰ ਨੇ ਆਪਣਾ ਗੀਤ ਸੁਣਾਇਆ 'ਕੀ ਪੁੱਛਦੇ ਹੋ ਹਾਲ ਫਕੀਰਾਂ ਦਾ' ਤਾਂ ਇਹ ਗੀਤ ਸੁਣ ਕੇ ਸਾਰੇ ਸਰੋਤੇ ਰੋਏ। ਬਸ ਉਸ ਤੋਂ ਬਾਅਦ 1969 ਦੇ ਵਿੱਚ ਹੀ ਮੈਂ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਮੇਰੇ ਯਾਰ ਦੋਸਤ ਜਦੋਂ ਮੇਰੀਆਂ ਕਵਿਤਾਵਾਂ ਸੁਣਦੇ ਤੇ ਕਹਿੰਦੇ ਇਹ ਗੀਤ ਹੈ, ਇਹ ਗ਼ਜ਼ਲ ਹੈ, ਇਹ ਕਵਿਤਾ ਹੈ, ਪਰ ਮੈਨੂੰ ਇਹਨਾਂ ਦੇ ਵਿੱਚ ਕੋਈ ਫਰਕ ਦਾ ਪਤਾ ਨਹੀਂ ਸੀ, ਪਰ ਮੈਂ ਲਿਖਣਾ ਸ਼ੁਰੂ ਕਰ ਦਿੱਤਾ। ਦੋ ਤਿੰਨ ਸਾਲਾਂ ਦੇ ਡਿਗਰੀ ਕਰਦਿਆਂ-ਕਰਦਿਆਂ ਮੈਂ ਬਹੁਤ ਕਵਿਤਾਵਾਂ ਲਿਖੀਆਂ ਤੇ ਬਾਅਦ ਵਿਚ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਮੈਂ ਐਮ.ਏ. ਪੰਜਾਬੀ ਦੀ ਕੀਤੀ। 1975 ਵਿੱਚ ਮੈਂ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ। ਬਿਨ ਸਿਰਲੇਖੋਂ ਕਵਿਤਾ ਲੋਕਾਂ ਨੂੰ ਬਹੁਤ ਪਸੰਦ ਸੀ। 1983 ਦੇ ਵਿੱਚ ਖੇਤੀ ਵਿੱਚੋਂ ਘਾਟਾ ਪੈਣ ਕਰਕੇ ਮੈਂ ਵਿਦੇਸ਼ ਚਲਾ ਗਿਆ ਤੇ ਉਥੇ 10 ਸਾਲ ਬਸ ਰੋਜ਼ੀ-ਰੋਟੀ ਕਮਾਉਣ ਲਈ ਤੇ ਉਥੇ ਪੈਰ ਜਮਾਉਣ ਲਈ ਸਿਰ ਧੜ ਦੀ ਬਾਜ਼ੀ ਲਾਈ। ਜਦ ਮੈਂ ਕਾਮਯਾਬ ਹੋ ਗਿਆ 1988 ਦੇ ਵਿੱਚ ਮੈਂ ਪਹਿਲਾ ਆਪਣਾ ਲਿਕਰ ਸਟੋਰ ਲਿਆ ਤਾਂ ਉਸ ਤੋਂ ਬਾਅਦ ਮੈਂ ਫਿਰ ਦੁਬਾਰਾ ਤੋਂ ਕਲਮ ਚੁੱਕੀ।

ਇਕ ਵਾਰ ਗੁਰਦੁਆਰੇ ਜਾਣ ਸਮੇਂ 'ਰੱਬ ਪ੍ਰਸਤ' ਕਵਿਤਾ ਲਿਖ ਕੇ ਲੈ ਗਿਆ ਜੋ ਲੋਕਾਂ ਨੂੰ ਬਹੁਤ ਪਸੰਦ ਆਈ, ਫਿਰ ਮੈਂ ਧਾਰਮਿਕ ਕਵਿਤਾਵਾਂ ਲਿਖੀਆਂ। ਕੁਝ ਸਾਲਾਂ ਵਿੱਚ ਹੀ ਮੈਂ ਬਹੁਤ ਸਾਰੀਆਂ ਗੀਤ, ਗ਼ਜ਼ਲਾਂ, ਕਵਿਤਾਵਾਂ ਲਿਖੀਆਂ ਤੇ 'ਰੰਗ ਮਜੀਠ' ਕਵਿਤਾ ਨਾਂ ਦੀ ਪੁਸਤਕ ਆਪਣੇ ਪਾਠਕਾਂ ਨੂੰ ਪੇਸ਼ ਕੀਤੀ।

ਫਿਰ 'ਹੀਰ' ਲਿਖੀ ਬੈਂਤਾ ਦੇ ਵਿੱਚ, ਫਿਰ 'ਸੁੰਨ ਸਿਫ਼ਰ' ਲਿਖੀ, ਕਵਿਤਾ ਦੀ ਕਿਤਾਬ ਉਹ ਵੀ 400 ਤੋਂ ਉੱਪਰ ਸਫ਼ਿਆਂ ਦੀ। ਖੈਰ ਕੁਝ ਸਾਲਾਂ ਦੇ ਵਿੱਚ ਹੀ ਮੇਰੀਆਂ 12 ਕਿਤਾਬਾਂ ਛਪ ਗਈਆਂ। ਲੇਕਿਨ ਜਦੋਂ ਰਿਟਾਇਰ ਹੋ ਕੇ ਮੈਂ ਸਾਰੇ ਕਾਰੋਬਾਰ ਬੱਚਿਆਂ ਨੂੰ ਸੌਂਪ ਕੇ ਤੇ ਪੰਜਾਬ ਵਿੱਚ ਆਇਆ ਤਾਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਚੇਤਨ ਸਿੰਘ ਦੇ ਪ੍ਰਭਾਵ ਵਿਚ ਅਨੰਦਪੁਰ ਸਾਹਿਬ ਤੋਂ ਜਾ ਕੇ ਅੰਮ੍ਰਿਤ ਛਕਿਆ ਤੇ ਸੁੰਨੜ ਗੁਰੂ ਵਾਲਾ ਹੋ ਗਿਆ। ਬਾਅਦ ਵਿੱਚ ਜੋ ਨਜ਼ਮਾ ਮੇਰੀ ਕਲਮ ਤੋਂ ਨਿਕਲੀਆਂ ਉਹ ਸਾਰੀਆਂ ਚੇਤਨ ਸਿੰਘ ਅਤੇ ਦਸ਼ਮੇਸ਼ ਦੀਪਕ ਸਿੰਘ ਦੀ ਮਿਹਨਤ ਨਾਲ ਇਕੱਠੀਆਂ ਕਰਕੇ ਇਹ ਹੱਥਲੀ ਕਿਤਾਬ 'ਪੁਨਰ ਜਨਮ' ਹਾਜ਼ਰ ਹੈ।

ਉਮੀਦ ਹੈ ਇਹ ਪਾਠਕਾਂ ਨੂੰ ਪਸੰਦ ਆਏਗੀ!



# ਸਰਕਾਰਾਂ ਲਈ ਸੋਚਣ ਦੀ ਘੜੀ

ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਅੱਜ ਪੰਜਾਬ ਦੇ ਹਾਲਾਤ ਕੋਈ ਬਹੁਤੇ ਚੰਗੇ ਨਹੀਂ ਹਨ। ਨਸ਼ਿਆਂ ਦਾ ਪ੍ਰਕੋਪ ਅੱਜ ਵੀ ਬਾ-ਦਸਤੂਰ ਜਾਰੀ ਹੈ ਅਤੇ ਯੁੱਧ ਨਸ਼ਿਆਂ ਵਿਰੁੱਧ ਲਗਭਗ ਅਸੀਂ ਹਾਲੇ ਤੱਕ ਤਾਂ ਹਾਰੇ ਹੀ ਹੋਏ ਹਾਂ। ਲੁੱਟ ਖੋਹ ਕਤਲੋਗਾਰਤ, ਚੋਰੀ ਚਕਾਰੀ ਅੱਗੇ ਨਾਲੋਂ ਬਹੁਤ ਜ਼ਿਆਦਾ ਵਧ ਗਈ ਹੈ। ਗ਼ੈਰ ਸਮਾਜੀ ਅਨਸਰਾਂ ਦੇ ਹੌਸਲੇ ਬੁਲੰਦ ਹਨ ਅਤੇ ਉਹ ਸ਼ਰੇਆਮ ਲੁੱਟਾਂ ਖੋਹਾਂ ਚੋਰੀਆਂ ਚਕਾਰੀਆਂ ਨੂੰ ਅੰਜਾਮ ਦੇ ਰਹੇ ਹਨ। ਅਜਿਹੀਆਂ ਘਟਨਾਵਾਂ ਨੂੰ ਪੰਜਾਬ ਦੀ ਪੱਥ ਭ੍ਰਿਸ਼ਟ ਹੋਈ ਜਵਾਨੀ ਹੀ ਅਕਸਰ ਅੰਜਾਮ ਦਿੰਦੀ ਹੈ। ਜਦੋਂ ਕਿਧਰੇ ਵੀ ਚੋਰ ਜਾਂ ਲੁਟੇਰੇ ਜਾਂ ਕਾਤਲ ਫੜੇ ਜਾਂਦੇ ਹਨ ਤਾਂ ਉਹਨਾਂ ਵਿੱਚ ਨੌਜਵਾਨ ਬੱਚੇ ਹੀ ਹੁੰਦੇ ਹਨ। ਇਹ ਪੰਜਾਬੀਆਂ ਦਾ ਨੈਤਿਕ ਨਿਘਾਰ ਹੈ ਕਿ ਅਸੀਂ ਬੱਚਿਆਂ ਨੂੰ ਸਿਹਤਮੰਦ ਕਦਰਾਂ ਕੀਮਤਾਂ ਨਾਲ ਨਹੀਂ ਜੋੜ ਸਕੇ ਅਤੇ ਕਿਰਤ ਕਰੋ ਦੇ ਸਿਧਾਂਤ ਨੂੰ ਉਨ੍ਹਾਂ ਦੇ ਜੀਵਨ ਵਿੱਚ ਨਹੀਂ ਉਤਾਰ ਸਕੇ। ਅਜਿਹੇ ਨੌਜਵਾਨਾਂ ਨੂੰ ਅਸੀਂ ਕਿਰਤ ਦਾ ਮਹੱਤਵ ਨਹੀਂ ਸਮਝਾ ਸਕੇ। ਇਸ ਲਈ ਲੰਮੇ ਸਮੇਂ ਤੋਂ ਪੰਜਾਬ ਵਿੱਚ ਬਣਨ ਵਾਲੀਆਂ ਸਰਕਾਰਾਂ ਦੀ ਵੀ ਯੂਥ ਵਾਸਤੇ ਕੋਈ ਨਿੱਗਰ ਪਾਲਸੀ ਸਾਹਮਣੇ ਨਹੀਂ ਆਉਂਦੀ। ਜੋਰ ਪੜ੍ਹਾਈ ਤੇ ਜ਼ਰੂਰ ਦਿੱਤਾ ਜਾਂਦਾ ਹੈ ਲੇਕਿਨ ਜਿਹੜੇ ਨੌਜਵਾਨ ਪੜ੍ਹ ਲਿਖ ਜਾਂਦੇ ਹਨ ਉਹ ਰੁਜ਼ਗਾਰ ਲਈ ਦਰ ਬਦਰ ਭਟਕਦੇ ਫਿਰਦੇ ਹਨ। ਉਹਨਾਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਲਈ ਧਰਨੇ ਮੁਜ਼ਾਹਰੇ ਲਾਉਣੇ ਪੈਂਦੇ ਹਨ ਜਿਸ ਦੇ ਬਦਲੇ ਵਿੱਚ ਉਹਨਾਂ ਨੂੰ ਪੁਲਿਸ ਤੇ ਪ੍ਰਸ਼ਾਸਨ ਦਾ ਡਾਂਗ ਸੋਟਾ ਹੀ ਨਸੀਬ ਹੁੰਦਾ ਹੈ। ਇਸ ਸਭ ਕੁਝ ਨੂੰ ਦੇਖਦਿਆਂ ਹੋਇਆਂ ਨੌਜਵਾਨੀ ਦਾ ਪਥ ਭ੍ਰਿਸ਼ਟ ਹੋ ਜਾਣਾ ਤੇ ਗ਼ਲਤ ਰਾਹ 'ਤੇ ਤੁਰ ਪੈਣਾ ਸੁਭਾਵਿਕ ਹੀ ਹੈ। ਜਦੋਂ ਨਿੱਤ ਦਿਨ ਅਖਬਾਰਾਂ ਵਿੱਚ, ਟੈਲੀਵਿਜ਼ਨ ਉੱਪਰ ਤੇ ਸੋਸ਼ਲ ਮੀਡੀਆ ਉੱਪਰ ਪੜ੍ਹੇ ਲਿਖੇ ਨੌਜਵਾਨਾਂ ਉੱਪਰ ਪੁਲਿਸ ਦੀਆਂ ਬਰਸਦੀਆਂ ਲਾਠੀਆਂ ਨੂੰ ਨੌਜਵਾਨ ਦੇਖਦੇ ਹਨ ਤਾਂ ਉਹਨਾਂ ਦਾ ਪੜ੍ਹਾਈ ਲਿਖਾਈ ਤੋਂ ਵੀ ਯਕੀਨ ਉੱਠ ਜਾਂਦਾ ਹੈ। ਉਹਨਾਂ ਦਾ ਇਹ ਸੋਚਣਾ ਕੁਦਰਤੀ ਹੈ ਕਿ ਇੱਥੇ ਪੜ੍ਹਿਆਂ ਲਿਖਿਆਂ ਦਾ ਵੀ ਜੇ ਇਹੋ ਹੀ ਹਸ਼ਰ ਹੋਣਾ ਹੈ ਤਾਂ ਪੜ੍ਹ ਲਿਖ ਕੇ ਕਰਨਾ ਕੀ ਹੈ? ਇਸ ਕਰਕੇ ਉਹ ਪੜ੍ਹਾਈ ਨੂੰ ਤਿਲਾਂਜਲੀ ਦੇ ਕੇ ਸਮਾਜ ਵਿੱਚ ਵਿਚਰਦੇ ਗ਼ਲਤ ਅਨਸਰਾਂ ਦੇ ਹੱਥ ਚੜ੍ਹ ਕੇ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦਿੰਦੇ ਹਨ। ਪੜ੍ਹਿਆ ਲਿਖਿਆ ਯੂਥ ਇੱਥੋਂ ਨਿਰਾਸ਼ ਹੋ ਕੇ ਦੇਸ਼ਾਂ ਵਿਦੇਸ਼ਾਂ ਵੱਲ ਪ੍ਰਵਾਸ ਕਰ ਜਾਂਦਾ ਹੈ। ਜਦੋਂ ਅੱਜ ਦੇਸ਼ਾਂ ਵਿਦੇਸ਼ਾਂ ਤੋਂ ਵੀ ਉਹਨਾਂ ਦੇ ਰੋਟੀ ਰੁਜ਼ਗਾਰ ਨੂੰ ਲੈ ਕੇ ਚੰਗੀਆਂ ਖਬਰਾਂ ਨਹੀਂ ਆ ਰਹੀਆਂ ਤਾਂ ਨੌਜਵਾਨੀ ਦਾ ਨਿਰਾਸ਼ਾ ਦੇ ਆਲਮ ਵਿੱਚ ਘਿਰ ਜਾਣਾ ਆਮ ਵਰਤਾਰਾ ਬਣ ਜਾਂਦਾ ਹੈ। ਫਿਰ ਉਹ ਨਿਰਾਸ਼ ਹੋ ਕੇ ਜਾਂ ਤਾਂ ਨਸ਼ਿਆਂ ਵਿੱਚ ਗਲਤਾਨ ਹੋ ਕੇ ਆਪਣੀ ਜਵਾਨੀ ਗਾਲ ਦਿੰਦੇ ਹਨ ਅਤੇ ਜਾਂ ਫਿਰ ਸਮਾਜ ਵਿਰੋਧੀ ਅਨਸਰਾਂ ਦੇ ਵਰਗਲਾਵੇ ਵਿੱਚ ਆ ਕੇ ਦੇਸ਼ ਵਿਰੋਧੀ ਤੇ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਲੱਗ ਜਾਂਦੇ ਹਨ। ਦੇਸ਼ਾਂ ਵਿਦੇਸ਼ਾਂ ਵਿੱਚ ਹੁੰਦੀਆਂ ਚੋਰੀਆਂ ਚਕਾਰੀਆਂ ਦੇ ਕੇਸ ਵੀ ਜਦੋਂ ਖੁੱਲ੍ਹਦੇ ਹਨ ਤਾਂ ਉੱਥੇ ਵੀ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨਾਂ ਦੀ ਸ਼ਮੂਲੀਅਤ ਵੇਖੀ ਜਾਂਦੀ ਹੈ। ਸਮਾਜ ਦੀਆਂ ਸੰਵੇਦਨਸ਼ੀਲ ਧਿਰਾਂ ਲਈ ਇਹ ਬੜੀ ਨਿਰਾਸ਼ਾ ਦੀ ਤੇ ਫਿਕਰ ਦੀ ਸਥਿਤੀ ਬਣ ਜਾਂਦੀ ਹੈ। ਇਸ ਕਰਕੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਆਪਣੇ ਦੇਸ਼ ਦੀ ਜਵਾਨੀ ਨੂੰ ਸੰਭਾਲਣ ਲਈ ਉਹ ਉਹਨਾਂ ਦੇ ਰੋਟੀ ਰੁਜ਼ਗਾਰ ਦਾ ਕੋਈ ਨਾ ਕੋਈ ਪ੍ਰਬੰਧ ਜ਼ਰੂਰ ਕਰਨ। ਪੜ੍ਹੇ ਲਿਖੇ ਨੌਜਵਾਨਾਂ ਦੀ ਕਦਰ ਹੋਵੇ, ਉਹਨਾਂ ਨੂੰ ਚੰਗਾ ਰੁਜ਼ਗਾਰ ਮਿਲੇ ਤਾਂ ਕਿ ਉਹ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਵੱਧ ਚੜ੍ਹ ਕੇ ਪਾ ਸਕਣ। ਜੇ ਸਰਕਾਰਾਂ ਥੋੜ੍ਹੀਆਂ ਜਿਹੀਆਂ ਵੀ ਸੂਝਵਾਨ ਹੋਣ ਤਾਂ ਫਿਰ ਜਿਹੜੇ ਨੌਜਵਾਨ ਧਰਨਿਆ ਮੁਜ਼ਾਹਰਿਆਂ ਵਿੱਚ ਆਪਣੀ ਸ਼ਕਤੀ ਲਾਉਂਦੇ ਹਨ ਉਸ ਸ਼ਕਤੀ ਨੂੰ ਦੇਸ਼ ਦੇ ਵਿਕਾਸ ਵੱਲ ਸੇਧਤ ਕਰਕੇ ਉਹਨਾਂ ਦੇ ਜੋਸ਼ ਤੇ ਹੋਸ਼ ਤੋਂ ਕੰਮ ਲਿਆ ਜਾ ਸਕਦਾ ਹੈ। ਦੇਸ਼ ਤੇ ਸਮਾਜ ਨੂੰ ਤਰੱਕੀ ਵੱਲ ਲਿਜਾਣ ਲਈ ਨੌਜਵਾਨਾਂ ਨੂੰ ਸੰਭਾਲਣਾ ਕਿਸੇ ਵੀ ਸਰਕਾਰ ਦਾ ਪਰਮ ਕਰਤਵ ਹੋਣਾ ਚਾਹੀਦਾ ਹੈ।

- ਡਾ. ਰਾਮ ਮੂਰਤੀ

# ਲਾ ਸ਼ਰੀਕ

ਮਨੀਸ਼ ਤਾਲਿਬ


ਆਪਣੀ ਹਸਤੀ ਪਰ ਇਤਨਾ ਭੀ ਤਕੱਬੁਰ ਠੀਕ ਨਹੀਂ ਤਾਲਿਬ,

ਵਕਤ ਕੇ ਤੂਫਾਨ ਕਈ ਅਸਮਾਨ ਖਾ ਗਏ।

ਬੜੇ ਸਾਲਾਂ ਤੋਂ ਥਾਣੇਦਾਰ ਹਰਭਜਨ ਸਿੰਘ ਆਪਣੀ ਨਿੱਜੀ ਜ਼ਿੰਦਗੀ ਕਾਰਨ ਪਰੇਸ਼ਾਨ ਸੀ। ਕਾਰਨ ਸਾਫ਼ ਨਜ਼ਰ ਆ ਰਿਹਾ ਸੀ—ਵਿਆਹ ਦੇ ਬਾਰਾਂ-ਤੇਰਾਂ ਸਾਲ ਬੀਤ ਜਾਣ ਦੇ ਬਾਵਜੂਦ ਉਸ ਦੇ ਵਿਹੜੇ ਵਿੱਚ ਕਿਲਕਾਰੀਆਂ ਦੀ ਆਵਾਜ਼ ਗੂੰਜਣੀ ਨਸੀਬ ਨਹੀਂ ਸੀ ਹੋਈ। ਜਦੋਂ ਵੀ ਦਫ਼ਤਰ ਵਿੱਚ ਜਾਂ ਰਿਸ਼ਤੇਦਾਰੀ ਵਿੱਚ ਕੋਈ ਸ਼ਗਨ ਵਾਲੀ ਮਿਠਾਈ ਆਉਂਦੀ, ਤਾਂ ਉਹ ਲੋਕਾਚਾਰੀ ਕਰਕੇ ਉੱਪਰੋਂ-ਉੱਪਰੋਂ ਹੱਸਦਾ ਅਤੇ ਨਾਮਾਤਰ ਚੂੰਡੀ ਭਰ ਕੇ ਮਿੱਠਾ ਮੂੰਹ ਨੂੰ ਲਾਉਂਦਾ।

ਇੱਕ ਵਾਰ ਉਸ ਦੀ ਘਰਵਾਲੀ ਪਰਮਜੀਤ ਹਮਲ (ਗਰਭ) ਨਾਲ ਹੋਈ, ਪਰ ਆਖਰੀ ਮਹੀਨੇ ਗਰਭਪਾਤ ਹੋ ਗਿਆ ਤੇ ਪੁੱਤਰ ਆ ਕੇ ਵੀ ਵਾਪਸ ਚਲਾ ਗਿਆ। ਉਸ ਦਿਨ ਤੋਂ ਬਾਅਦ ਉਸ ਵਿਚਾਰੀ ਨੇ ਕੋਈ ਡਾਕਟਰ, ਵੈਦ, ਹਕੀਮ, ਮੰਦਰ-ਗੁਰਦੁਆਰਾ ਜਾਂ ਕਿਸੇ ਪੀਰ-ਫ਼ਕੀਰ ਦਾ ਦਰ-ਦਰਵਾਜ਼ਾ ਨਹੀਂ ਛੱਡਿਆ, ਪਰ ਕਿਤੋਂ ਖ਼ੈਰ ਨਹੀਂ ਪਈ। ਜਿੱਥੇ ਵੀ ਕਿਸੇ ਨੇ ਦੱਸ ਪਾਈ, ਉਹ ਉੱਧਰ ਹੀ ਤੁਰ ਪੈਂਦੀ। ਪਹਿਲਾਂ-ਪਹਿਲਾਂ ਤਾਂ ਥਾਣੇਦਾਰ ਨੇ ਉਸ ਨੂੰ ਟੋਕਿਆ, ਪਰ ਬਾਅਦ ਵਿੱਚ ਉਹ ਚੁੱਪ ਹੋ ਗਿਆ। ਉਸ ਦੀ ਮਾਂ ਨੇ ਮਰਨ ਵੇਲੇ ਉਸ ਨੂੰ ਕਿਹਾ ਸੀ, “ਕਾਕਾ, ਆਪਣੀ ਪਤਨੀ ’ਤੇ ਕਦੇ ਹੱਥ ਨਹੀਂ ਚੁੱਕਣਾ ਤੇ ਘਰ ਵਿੱਚ ਥਾਣੇਦਾਰੀ ਨਹੀਂ ਵਿਖਾਉਣੀ, ਕਿਉਂਕਿ ਤੇਰੇ ਪਿਓ ਨੇ ਮੈਨੂੰ ਸਾਰੀ ਉਮਰ ਸ਼ਰਾਬ ਪੀ ਕੇ ਬਹੁਤ ਤੰਗ ਕੀਤਾ ਸੀ।” ਇਸੇ ਕਰਕੇ ਹਰਭਜਨ ਸਿੰਘ ਘਰ ਵਿੱਚ ਹਮੇਸ਼ਾ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰਦਾ ਸੀ।

ਹਰਭਜਨ ਸਿੰਘ ਨੂੰ ਉਸ ਦੇ ਇਲਾਕੇ ਦੇ ਲੋਕ ਅਤੇ ਥਾਣੇ ਵਾਲੇ ‘ਗੱਬਰ ਸਿੰਘ’ ਆਖਦੇ ਸਨ। ਉਸ ਦੀ ਆਵਾਜ਼ ਰੋਹਬਦਾਰ ਅਤੇ ਕੰਮ ਜ਼ੋਰਦਾਰ ਸਨ। ਉਸ ਨੇ ਆਪਣੀ ਪੂਰੀ ਨੌਕਰੀ ਵਿੱਚ ਸ਼ਾਇਦ ਹੀ ਕਿਸੇ ’ਤੇ ਰਹਿਮ ਕੀਤਾ ਹੋਵੇਗਾ। ਇਸੇ ਕਰਕੇ ਉਸ ਦੇ ਮਿੱਤਰ ਘੱਟ ਸਨ ਤੇ ਦੁਸ਼ਮਣ ਜ਼ਿਆਦਾ। ਉਸ ਦਾ ਇੱਕ ਮਸ਼ਹੂਰ ਕਿੱਸਾ ਇਹ ਸੀ ਕਿ ਇੱਕ ਵਾਰ ਉਸ ਦੇ ਸ਼ਰੀਕੇ ਵਿੱਚੋਂ ਕਿਸੇ ਡਰਾਈਵਰ ਕੋਲੋਂ ਇੱਕ ਛੋਟਾ ਜਿਹਾ ਕਾਰ ਐਕਸੀਡੈਂਟ ਹੋ ਗਿਆ। ਲੋਕਾਂ ਨੇ ਉਸ ਨੂੰ ਘੇਰ ਲਿਆ ਅਤੇ ਪੁਲਿਸ ਸੱਦ ਲਈ। ਉਸ ਡਰਾਈਵਰ ਨੇ ਮੁਲਾਜ਼ਮਾਂ ਨੂੰ ਦੱਸਿਆ ਕਿ ਉਹ ਕੋਤਵਾਲੀ ਦੇ ਇੰਚਾਰਜ ਹਰਭਜਨ ਸਿੰਘ ਦਾ ਰਿਸ਼ਤੇਦਾਰ ਹੈ। ਮੌਕੇ ਦੇ ਅਫ਼ਸਰ ਨੇ ਹਰਭਜਨ ਸਿੰਘ ਨੂੰ ਫ਼ੋਨ ਕੀਤਾ ਤੇ ਸਾਰੀ ਗੱਲ ਦੱਸੀ। ਇਸ ’ਤੇ ਅੱਗੋਂ ਹਰਭਜਨ ਸਿੰਘ ਨੇ ਕਿਹਾ, “ਮੈਂ ਨਹੀਂ ਜਾਣਦਾ ਕਿਸੇ ਨੂੰ, ਦੋ ਘਸੁੰਨ ਮਾਰੋ ਤੇ ਭਜਾ ਦਿਓ ਸਾਲੇ ਨੂੰ!” ਮੌਕੇ ਦੇ ਮੁਲਾਜ਼ਮਾਂ ਨੇ ਉਸ ਦਾ ਖੜ੍ਹੇ ਪੈਰ ਫ਼ੈਸਲਾ ਕਰਵਾ ਦਿੱਤਾ ਅਤੇ ਜਾਣ ਲੱਗੇ ਉਸ ਡਰਾਈਵਰ ਨੂੰ ਕਿਹਾ, “ਭਲੇਮਾਣਸਾ, ਅੱਗੇ ਤੋਂ ਇਸ ਬੰਦੇ ਦੀ ਸਿਫ਼ਾਰਸ਼ ਨਾ ਪਵਾਈਂ,



ਐਵੇਂ ਚੱਕਰਾਂ ਵਿੱਚ ਪੈ ਜਾਵੇਂਗਾ। ਜਾਹ, ਚਲਾ ਜਾ ਘਰ ਨੂੰ।" ਗੱਬਰ ਸਿੰਘ ਉਰਫ਼ ਹਰਭਜਨ ਸਿੰਘ ਦੇ ਇਸ ਰੁੱਖੇ ਵਤੀਰੇ ਕਾਰਨ ਲੋਕਾਂ, ਸਟਾਫ਼ ਅਤੇ ਰਿਸ਼ਤੇਦਾਰਾਂ ਵਿੱਚ ਉਸ ਦੇ ਬੇਔਲਾਦ ਹੋਣ ਨੂੰ ਇਸੇ ਕੁੜੱਤਣ ਭਰੇ ਸੁਭਾਅ ਨਾਲ ਜੋੜ ਕੇ ਦੇਖਿਆ ਜਾਂਦਾ ਸੀ।

ਅੱਜ ਪਰਮਜੀਤ ਦੀ ਛੋਟੀ ਨਨਾਣ ਬੱਬਲੀ ਆਪਣੇ ਸਹੁਰੇ ਘਰੋਂ ਆਈ ਹੋਈ ਸੀ। ਉਹ ਦੋਵੇਂ ਘਰੋਂ 150 ਕਿਲੋਮੀਟਰ ਦੂਰ ਕਿਸੇ ਸਖ਼ੀ ਸਰਵਰ ਦੇ ਦਰਬਾਰ ਵਿੱਚ ਹਾਜ਼ਰ ਹੋਣ ਲਈ ਤਿਆਰ ਹੋ ਗਈਆਂ। ਉੱਧਰੋਂ ਹਰਭਜਨ ਸਿੰਘ ਵੀ ਆਪਣੀ ਡਿਊਟੀ 'ਤੇ ਜਾਣ ਲਈ ਤਿਆਰ ਹੋ ਰਿਹਾ ਸੀ। ਦੋਵੇਂ ਪਤੀ-ਪਤਨੀ ਹੁਣ ਆਪਸ ਵਿੱਚ ਗੱਲ ਘੱਟ ਹੀ ਕਰਦੇ ਸਨ, ਕਿਉਂਕਿ ਘਰ ਦਾ ਮਾਹੌਲ ਹਮੇਸ਼ਾ ਗ਼ਮਗੀਨ ਅਤੇ ਖ਼ੁਸ਼ਕ ਰਹਿੰਦਾ ਸੀ, ਪਰ ਪਰਮਜੀਤ ਉਸ ਨੂੰ ਸਭ ਕੁਝ ਦੱਸ ਕੇ ਹੀ ਜਾਂਦੀ ਸੀ। ਬੇਸ਼ੱਕ ਹਰਭਜਨ ਸਿੰਘ ਬਾਹਰ ਲੋਕਾਂ ਲਈ 'ਗੱਬਰ ਸਿੰਘ' ਸੀ, ਪਰ ਉਹ ਘਰ ਵਿੱਚ ਬਿਲਕੁਲ ਖ਼ਾਮੋਸ਼ ਰਹਿੰਦਾ ਸੀ, ਕਿਉਂਕਿ ਉਸ ਨੂੰ ਆਪਣੀ ਮਾਂ ਨਾਲ ਮਰਨ ਵੇਲੇ ਕੀਤੇ ਵਾਅਦੇ ਯਾਦ ਸਨ। ਤੁਰਨ ਲੱਗੇ ਪਰਮਜੀਤ ਨੇ ਆਪਣੇ ਪਤੀ ਹਰਭਜਨ ਸਿੰਘ ਨੂੰ ਆਖਿਆ, "ਸਾਨੂੰ ਸ਼ਾਮਾਂ ਪੈ ਜਾਣੀਆਂ ਜੀ, ਤੁਸੀਂ ਰੋਟੀ ਖਾ ਲਿਉ, ਭਾਬੀ ਕਮਲਜੀਤ ਨੂੰ ਮੈਂ ਕਹਿ ਚੱਲੀ ਹਾਂ।" ਹਰਭਜਨ ਸਿੰਘ ਨੇ ਆਪਣੀ ਜੇਬ ਵਿੱਚੋਂ ਕੋਈ ਤਿੰਨ ਹਜ਼ਾਰ ਰੁਪਏ ਕੱਢ ਕੇ ਟੇਬਲ 'ਤੇ ਰੱਖ ਦਿੱਤੇ ਤੇ ਚੁੱਪ-ਚਾਪ ਚਾਹ ਪੀਣ ਲੱਗ ਪਿਆ। ਪਰਮਜੀਤ ਨੇ ਪੈਸੇ ਚੁੱਕ ਕੇ ਪਰਸ ਵਿੱਚ ਪਾ ਲਏ ਅਤੇ ਕਾਰ ਵਿੱਚ ਬੈਠ ਕੇ ਦੋਵੇਂ ਨਨਾਣ-ਭਰਜਾਈ ਤੁਰ ਪੀਆਂ।

ਅੱਜ ਹਰਭਜਨ ਸਿੰਘ ਦੀ ਨਹਿਰ ਵਾਲੇ ਨਾਕੇ 'ਤੇ ਡਿਊਟੀ ਸੀ। ਸ਼ਾਇਦ ਹੀ ਕੋਈ ਬੰਦਾ ਆਪਣੇ ਵਾਹਨ 'ਤੇ ਬਿਨਾਂ ਕਾਗਜ਼-ਪੱਤਰਾਂ ਦੇ ਉਸ ਦੇ ਸਾਹਮਣਿਓਂ ਲੰਘ ਸਕਦਾ ਹੋਵੇ। ਕਿਸੇ ਦਾ ਚਲਾਨ ਕੱਟਣਾ, ਕਿਸੇ ਦੀ ਗੱਡੀ ਜ਼ਬਤ ਕਰ ਲੈਣੀ ਅਤੇ ਤਿੰਨ ਸਵਾਰੀਆਂ ਵਾਲੀ ਹੁਲੜਬਾਜ਼ ਮੰਡੀਰ 'ਤੇ ਤਾਂ ਉਸ ਨੇ ਚੰਗੀ ਡਾਂਗ ਫੇਰੀ ਸੀ। ਮਜ਼ਾਲ ਸੀ ਕੋਈ ਉਸ ਦੀ ਬਾਜ਼ ਅੱਖ ਤੋਂ ਬਚ ਜਾਵੇ। ਉਸ ਨਾਕੇ ਦੌਰਾਨ ਇਲਾਕੇ ਦਾ ਦੋ ਵਾਰ ਜਿੱਤਿਆ ਐਮ.ਐਲ.ਏ. ਤੇਜਾ ਸਿੰਘ ਵੀ ਆਪਣੇ ਲਾਮ-ਲਸ਼ਕਰ ਨਾਲ ਲੰਘਿਆ। ਉਸ ਦੀਆਂ ਚਾਰ ਗੱਡੀਆਂ ਬਿਨਾਂ ਕਿਸੇ ਚੈਕਿੰਗ ਦੇ ਬਗੈਰ ਰੋਕ-ਟੋਕ ਲੰਘ ਗਈਆਂ। ਇਨ੍ਹਾਂ ਵਿੱਚੋਂ ਇੱਕ ਗੱਡੀ ਵਿੱਚ ਨੇਤਾ ਜੀ ਦਾ ਖਾਸਮ-ਖਾਸ ਚਮਚਾ ਚਮਕੌਰ ਸਿੰਘ ਵੀ ਬੈਠਾ ਸੀ, ਜਿਸ ਨੂੰ ਕੁਝ ਸਾਲਾਂ ਪਹਿਲਾਂ ਹਰਭਜਨ ਸਿੰਘ ਨੇ ਹੀ ਨਾਜਾਇਜ਼ ਸ਼ਰਾਬ ਅਤੇ ਹੀਰੋਇਨ ਸਮੇਤ ਕਾਬੂ ਕੀਤਾ ਸੀ, ਪਰ ਸਿਆਸੀ ਦਬਾਅ ਤੇ ਅਫ਼ਸਰਾਂ ਦੇ ਕਹਿਣ ਕਾਰਨ ਉਸ ਨੂੰ ਛੱਡਣਾ ਪਿਆ ਸੀ। ਹਰਭਜਨ ਸਿੰਘ ਨੇ ਐਮ.ਐਲ.ਏ. ਨੂੰ ਸਲੂਟ ਮਾਰਿਆ ਤੇ ਗੱਡੀਆਂ ਲੰਘਣ ਤੋਂ ਬਾਅਦ ਉਹ ਫਿਰ ਆਪਣੀ ਡਿਊਟੀ ਵਿੱਚ ਮਸਰੂਫ਼ ਹੋ ਗਿਆ।

ਇੱਧਰ ਲੰਮਾ ਸਫ਼ਰ ਤੈਅ ਕਰਕੇ ਪਰਮਜੀਤ ਤੇ ਉਸ ਦੀ ਨਨਾਣ ਬੱਬਲੀ ਉਸ ਸੂਫ਼ੀ ਦਰਵੇਸ਼ ਦੇ ਡੇਰੇ 'ਤੇ ਪਹੁੰਚ ਗਈਆਂ। ਉੱਥੇ ਸਾਈਂ ਜੀ ਉਨ੍ਹਾਂ ਵੱਲ ਵੇਖ ਕੇ ਅੰਦਰ ਆਪਣੀ ਇਬਾਦਤ ਵਿੱਚ ਬੈਠਣ ਚਲੇ ਗਏ ਅਤੇ ਬਾਹਰ ਸੰਗਤ ਹਾਜ਼ਰੀ ਭਰਨ ਲੱਗ ਪਈ। ਪਰਮਜੀਤ ਤੇ ਬੱਬਲੀ ਵੀ ਉੱਥੇ ਬੈਠ ਗਈਆਂ। ਪਰਮਜੀਤ ਨੇ ਦਿਲ ਵਿੱਚ ਸੋਚਿਆ ਕਿ ਸ਼ਾਇਦ ਇਸ ਦਰ ਤੋਂ ਵੀ ਖ਼ੈਰ ਨਹੀਂ ਪੈਣੀ, ਪਰ ਉਹ ਬੱਬਲੀ ਦੀ ਡੂੰਘੀ ਆਸਥਾ ਕਰਕੇ ਉੱਥੇ ਬੈਠੀ ਰਹੀ।

ਇੱਧਰ ਹਰਭਜਨ ਸਿੰਘ ਨਾਕੇ 'ਤੇ ਖੜ੍ਹਾ ਸੀ ਕਿ ਉੱਧਰੋਂ ਇੱਕ ਬਜ਼ੁਰਗ ਸਾਈਕਲ 'ਤੇ ਸਵਾਰ ਹੋ ਕੇ ਉਸ ਦੇ ਕੋਲੋਂ ਲੰਘਿਆ। ਥਾਣੇਦਾਰ ਹਰਭਜਨ ਸਿੰਘ ਨੇ ਪਹਿਲਾਂ ਤਾਂ ਉਸ ਨੂੰ ਅਣਗੌਲਿਆ ਕਰ ਦਿੱਤਾ, ਪਰ ਪਤਾ ਨਹੀਂ ਕਿਉਂ ਅਚਾਨਕ ਉਸ ਦੇ ਮਨ ਵਿੱਚ ਬਜ਼ੁਰਗ ਪ੍ਰਤੀ ਸ਼ੱਕ ਪੈਦਾ ਹੋ ਗਿਆ। ਉਸ ਨੇ ਹਵਲਦਾਰ ਈਸ਼ਰ ਸਿੰਘ ਨੂੰ ਉਸ ਨੂੰ ਆਵਾਜ਼ ਮਾਰਨ ਲਈ ਕਿਹਾ। ਉਸ ਬਜ਼ੁਰਗ ਨੇ ਪਿੱਛੇ ਮੁੜ ਕੇ ਦੇਖਿਆ ਤੇ ਨਿਮਰਤਾ ਨਾਲ ਪੁੱਛਿਆ, "ਸਰਦਾਰ ਸਾਹਿਬ, ਕੀ ਗੁਸਤਾਖ਼ੀ ਹੋਈ ਮੇਰੇ ਕੋਲੋਂ?" ਹਰਭਜਨ ਸਿੰਘ ਨੇ ਉਸ ਦੀ ਤਲਾਸ਼ੀ ਲੈਣ ਦਾ ਹੁਕਮ ਦਿੱਤਾ। ਹਵਲਦਾਰ ਈਸ਼ਰ ਸਿੰਘ ਨੇ ਜਦੋਂ ਉੱਪਰੋਂ-ਉੱਪਰੋਂ ਤਲਾਸ਼ੀ ਲਈ ਤਾਂ ਕਿਹਾ, "ਸਰਦਾਰ ਸਾਹਿਬ, ਕੁਝ ਨਹੀਂ ਮਿਲਿਆ।" ਪਰ ਗੱਬਰ ਸਿੰਘ ਤਾਂ ਫਿਰ ਗੱਬਰ ਸਿੰਘ ਸੀ। ਉਸ ਨੇ ਆਪਣੀ ਤਸੱਲੀ ਲਈ ਬਜ਼ੁਰਗ ਦੀ ਜਾਮਾ-ਤਲਾਸ਼ੀ ਆਪ ਲਈ, ਜਿਸ ਦੌਰਾਨ ਉਸ ਕੋਲੋਂ ਥੋੜ੍ਹੀ ਜਿਹੀ ਪੋਸਤ (ਡੋਡੇ) ਬਰਾਮਦ ਹੋਈ। ਥਾਣੇਦਾਰ ਹਰਭਜਨ ਸਿੰਘ ਨੇ ਗੂੜ੍ਹੀਆਂ ਅੱਖਾਂ ਨਾਲ ਹਵਲਦਾਰ ਈਸ਼ਰ ਸਿੰਘ ਵੱਲ ਵੇਖਿਆ ਤੇ ਆਖਿਆ, "ਤੈਨੂੰ ਤਾਂ ਮੈਂ ਬਾਅਦ ਵਿੱਚ ਵੇਖਦਾ ਹਾਂ।"

ਈਸ਼ਰ ਸਿੰਘ ਨੇ ਹੌਲੀ ਦੇਣੀ ਮਿੰਨਤ ਕੀਤੀ, "ਜਨਾਬ, ਜਾਣ ਦਿਓ... ਸਿਆਣਾ-ਬਿਆਣਾ ਬਜ਼ੁਰਗ ਐ, ਕੋਈ 65-70 ਸਾਲਾਂ ਦੀ ਉਮਰ ਹੋਣੀ ਐਂ। ਗਲਤੀ ਹੋ ਗਈ ਵਿਚਾਰੇ ਕੋਲੋਂ।" ਪਰ ਹਰਭਜਨ ਸਿੰਘ ਨੇ ਈਸ਼ਰ ਸਿੰਘ ਦੀ ਇਸ ਮਿੰਨਤ ਨੂੰ ਜਿਵੇਂ ਕੰਨਾਂ ਵਿੱਚ ਪੈਣ ਹੀ ਨਾ ਦਿੱਤਾ। ਥਾਣੇਦਾਰ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਉਸ ਬਜ਼ੁਰਗ ਨੂੰ ਪੁਲਿਸ ਗੱਡੀ ਵਿੱਚ ਬਿਠਾ ਲਿਆ। ਉਸ ਵੱਲ ਤਿੱਖੀ ਨਜ਼ਰ ਨਾਲ ਦੇਖ ਕੇ ਪੁੱਛਿਆ, "ਬਾਬਾ, ਸੱਚੋ-ਸੱਚ ਦੱਸ, ਇਹ ਪੋਸਤ ਕਿੱਥੋਂ ਲੈ ਕੇ

ਆਇਆ ਹੈਂ?" ਪਰ ਉਸ ਬਜ਼ੁਰਗ ਨੇ ਆਪਣੀ ਖ਼ਾਮੋਸ਼ੀ ਨਹੀਂ ਤੋੜੀ। ਹਰਭਜਨ ਸਿੰਘ ਬਾਰ-ਬਾਰ ਇੱਕੋ ਸਵਾਲ ਕਰ ਰਿਹਾ ਸੀ ਅਤੇ ਬਜ਼ੁਰਗ ਹੱਥ ਜੋੜ ਕੇ ਬੱਸ, "ਜਾਣ ਦਿਓ ਹਜ਼ੂਰ, ਮਜ਼ਦੂਰ ਬੰਦਾ ਹਾਂ," ਆਖ ਰਿਹਾ ਸੀ। ਇਹ ਸਿਲਸਿਲਾ ਕੋਈ ਅੱਧਾ ਘੰਟਾ ਚੱਲਦਾ ਰਿਹਾ। ਕਦੇ ਕੋਈ ਮੁਲਾਜ਼ਮ ਆ ਕੇ ਪੁੱਛਦਾ, ਕਦੇ ਕੋਈ, ਪਰ ਬਜ਼ੁਰਗ ਨੇ ਆਪਣੇ ਬਿਆਨ ਨਹੀਂ ਬਦਲੇ।

ਇੱਧਰ ਪਰਮਜੀਤ ਤੇ ਬੱਬਲੀ ਸਾਈਂ ਜੀ ਦੇ ਦਰਸ਼ਨਾਂ ਲਈ ਦੋ ਘੰਟੇ ਤੋਂ ਚੌਂਕੀ ਭਰ ਰਹੀਆਂ ਸਨ। ਉੱਧਰ ਸ਼ਾਮ ਦਾ ਵੇਲਾ ਹੋਣ ਨੂੰ ਆ ਰਹੀ ਸੀ। ਉਨ੍ਹਾਂ ਦੀ ਕਾਰ ਦਾ ਡਰਾਈਵਰ ਦੋ ਵਾਰ ਉਨ੍ਹਾਂ ਕੋਲ ਗੇੜਾ ਕੱਢ ਗਿਆ, ਪਰ ਉਹ ਕੁਝ ਨਾ ਬੋਲੀਆਂ। ਪਰਮਜੀਤ ਨੇ ਅੱਖਾਂ ਬੰਦ ਕਰਕੇ ਰੋਣਾ ਸ਼ੁਰੂ ਕਰ ਦਿੱਤਾ।

ਉੱਧਰ ਹਰਭਜਨ ਸਿੰਘ ਨੇ ਆਪਣੀ ਗੱਡੀ ਵਿੱਚੋਂ ਡੰਡਾ ਕੱਢ ਲਿਆ ਅਤੇ ਉਸ ਬਜ਼ੁਰਗ ਵੱਲ ਵਧਣ ਲੱਗਾ। ਜਿਪਸੀ ਦੇ ਪਿੱਛੇ ਬੈਠੇ ਬਜ਼ੁਰਗ ਮੁਲਜ਼ਮ ਨੂੰ ਝਿੜਕਦਿਆਂ ਉਸ ਨੇ ਪੁੱਛਿਆ, "ਮੈਂ ਆਖ਼ਰੀ ਵਾਰ ਪੁੱਛ ਰਿਹਾ ਹਾਂ, ਫਿਰ ਮੈਂ ਤੇਰੀ ਉਮਰ ਦਾ ਲਿਹਾਜ਼ ਨਹੀਂ ਕਰਨਾ। ਸੱਚੋ-ਸੱਚ ਦੱਸ, ਇਹ ਪੋਸਤ ਕਿੱਥੋਂ ਲੈ ਕੇ ਆਇਆ ਤੇ ਕਿੱਥੇ ਲੈ ਕੇ ਚੱਲਿਆ ਹੈਂ?" ਉਸ ਬਜ਼ੁਰਗ ਨੇ ਬਿਨਾਂ ਕਿਸੇ ਡਰ ਦੇ ਗੱਬਰ ਸਿੰਘ ਦੇ ਦਹਿਸ਼ਤ ਭਰੇ ਚਿਹਰੇ ਵੱਲ ਵੇਖਿਆ, ਜਿਵੇਂ ਕੋਈ ਬੇਗੁਨਾਹ ਜਾਨਵਰ ਆਪਣੀਆਂ ਮਾਸੂਮ ਨੀਲੀਆਂ ਅੱਖਾਂ ਨਾਲ ਕਿਸੇ ਜਲਾਦ ਕਸਾਈ ਵੱਲ ਵੇਖਦਾ ਹੈ। ਹਰਭਜਨ ਸਿੰਘ ਨੇ ਆਪਣੀ ਸੋਟੀ ਨੂੰ ਵੱਟ ਕੇ ਜਿਪਸੀ ਦੀ ਖ਼ਾਲੀ ਸੀਟ 'ਤੇ ਮਾਰਿਆ।

ਬਜ਼ੁਰਗ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਅਜਿਹਾ ਜਵਾਬ ਦਿੱਤਾ, ਜਿਸ ਨੂੰ ਸੁਣ ਕੇ ਸਾਰੇ ਮੁਲਾਜ਼ਮਾਂ ਦੇ ਬੁੱਲ੍ਹ ਸਿਉਂਤੇ ਗਏ ਅਤੇ ਹਰਭਜਨ ਸਿੰਘ ਉਰਫ਼ ਗੱਬਰ ਸਿੰਘ ਦੇ ਹੱਥ ਵਿੱਚ ਫੜੀ ਸੋਟੀ ਹੇਠਾਂ ਹੋ ਗਈ। ਬਜ਼ੁਰਗ ਨੇ ਕਿਹਾ, "ਸਰਦਾਰ ਸਾਹਿਬ, ਮੈਨੂੰ ਇਸ ਨਸ਼ੇ ਨੂੰ ਕਰਦਿਆਂ ਪੰਜਾਹ ਸਾਲ ਹੋ ਗਏ ਨੇ। ਮੈਂ ਲੱਕੜ ਦਾ ਕੰਮ ਕਰਦਾ ਹਾਂ। ਮੈਂ ਸੋਹ ਖਾਂਦਾ ਹਾਂ, ਮੈਂ ਕਦੇ ਨਸ਼ਾ ਵੇਚਿਆ ਨਹੀਂ ਅਤੇ ਨਾ ਹੀ ਕਿਸੇ ਦੇ ਪੁੱਤਰ ਨੂੰ ਇਸ ਕੋਹੜ 'ਤੇ ਲਾਇਆ ਹੈ। ਮੈਂ ਸੋਲਾਂ ਸਾਲਾਂ ਦਾ ਸੀ ਜਦੋਂ ਮੇਰੇ ਤਾਏ ਨੇ ਮੈਨੂੰ ਪਹਿਲੀ ਵਾਰ ਇਹ ਨਸ਼ਾ ਕਰਵਾਇਆ ਸੀ। ਉਹ ਮੈਨੂੰ ਆਪਣੇ ਨਾਲ ਕੰਮ 'ਤੇ ਲੈ ਜਾਂਦਾ ਤੇ ਹੌਲੀ-ਹੌਲੀ, ਕੰਮ ਕਰਵਾਉਣ ਲਈ ਥੋੜ੍ਹਾ-ਥੋੜ੍ਹਾ ਪੋਸਤ ਦਿੰਦਾ ਰਹਿੰਦਾ। ਪੰਜਾਹ ਸਾਲਾਂ ਤੋਂ ਸਵੇਰ ਤੋਂ ਸ਼ਾਮ ਤੱਕ ਮੇਰੇ ਕੋਲ ਬੱਸ ਇੱਕੋ ਚਿੰਤਾ ਰਹਿੰਦੀ ਹੈ ਕਿ ਅਗਲੀ ਸਵੇਰ ਮੈਂ ਇਸ ਦਾ ਇੰਤਜ਼ਾਮ ਕਿਵੇਂ ਕਰਨਾ ਹੈ।"

ਬਜ਼ੁਰਗ ਨੇ ਅੱਗੇ ਕਿਹਾ, "ਮੈਂ ਉਸ ਬੰਦੇ ਬਾਰੇ ਨਹੀਂ ਦੱਸ ਸਕਦਾ ਜਨਾਬ, ਮੇਰੇ ਵਾਸਤੇ ਤਾਂ ਉਹ ਰੱਬ ਵਰਗਾ ਹੈ ਜੋ ਮੇਰਾ ਵਕਤ ਸਾਰਦਾ ਹੈ, ਕਿਉਂਕਿ ਮੈਂ ਹੁਣ ਉਸ ਨੂੰ ਅਤੇ ਇਸ ਨਸ਼ੇ ਨੂੰ ਨਹੀਂ ਛੱਡ ਸਕਦਾ। ਆਖ਼ਰੀ ਗੱਲ ਇਹ ਹੈ ਸਰਦਾਰ ਜੀ, ਕਿ ਜੇਕਰ ਇੱਕ ਪਾਸੇ ਮੇਰੇ ਜਵਾਨ ਪੁੱਤਰ ਦੀ ਲਾਸ਼ ਵੀ ਪਈ ਹੋਵੇ ਅਤੇ ਦੂਜੇ ਪਾਸੇ ਇਹ ਪੋਸਤ, ਤਾਂ ਮੇਰੀਆਂ ਅੱਖਾਂ ਪਹਿਲਾਂ ਇਸ ਪੋਸਤ ਨੂੰ ਚੁਣਨਗੀਆਂ। ਹੁਣ ਤੁਹਾਡੇ ਹੱਥ ਵਿੱਚ ਹੈ ਜਨਾਬ, ਮੈਨੂੰ ਤੁਸੀਂ ਜਿੱਥੇ ਮਰਜ਼ੀ ਰੱਖੋ।" ਇੰਨਾ ਆਖ ਕੇ ਉਹ ਗੱਚ ਭਰ ਕੇ ਚੁੱਪ ਹੋ ਗਿਆ।

ਥਾਣੇਦਾਰ ਹਰਭਜਨ ਸਿੰਘ ਦੇ ਹੱਥ ਵਿੱਚੋਂ ਸੋਟੀ ਹੇਠਾਂ ਡਿੱਗ ਪਈ। ਕੋਲ ਖੜ੍ਹੇ ਸਿਪਾਹੀ ਨੇ ਸੋਟੀ ਚੁੱਕ ਕੇ ਪਿੱਛੇ ਕਰ ਦਿੱਤੀ। ਅੱਜ ਜ਼ਿੰਦਗੀ ਵਿੱਚ ਪਹਿਲੀ ਵਾਰ ਥਾਣੇਦਾਰ ਹਰਭਜਨ ਸਿੰਘ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੇ ਵਜੂਦ 'ਤੇ ਪਾਈ ਵਰਦੀ ਅਤੇ ਸਿਤਾਰੇ ਬਹੁਤ ਭਾਰੇ ਹੋ ਗਏ ਹੋਣ। ਜਿਸ ਪੁੱਤਰ ਦੀ ਦਾਤ ਲਈ ਉਹ ਅਤੇ ਉਸ ਦਾ ਟੱਬਰ ਰੋਜ਼ ਸਵੇਰ ਤੋਂ ਸ਼ਾਮ ਤੱਕ ਉਸ ਪਰਵਰਦਗਾਰ ਦੇ ਦਰ 'ਤੇ ਮੱਥਾ ਰਗੜ ਰਿਹਾ ਸੀ, ਇਹ ਬਜ਼ੁਰਗ ਉਸੇ ਪੁੱਤਰ ਦੀ ਝੂਠੀ ਕਸਮ ਖਾਣ ਦੀ ਬਜਾਏ ਨਸ਼ੇ ਦੀ ਇਮਾਨਦਾਰੀ ਅੱਗੇ ਹਾਰ ਗਿਆ ਸੀ। ਉਹ ਸੋਚ ਰਿਹਾ ਸੀ ਕਿ ਇਹ ਬਜ਼ੁਰਗ ਬੇਈਮਾਨ ਹੈ ਜਾਂ ਇਮਾਨਦਾਰ? ਹਾਲੇ ਉਹ ਵਿਚਾਰਾਂ ਦੀ ਇਸ ਉਧੇੜ-ਬੁਣ ਵਿੱਚ ਹੀ ਸੀ ਕਿ ਉਸ ਦੇ ਫ਼ੋਨ ਦੀ ਘੰਟੀ ਖੜਕੀ।

ਉਸ ਦੀ ਘਰਵਾਲੀ ਨੇ ਉਤਸ਼ਾਹ ਵਿੱਚ ਕਿਹਾ, "ਸਰਦਾਰ ਜੀ! ਸਾਈਂ ਜੀ ਨੇ ਇਬਾਦਤ ਤੋਂ ਬਾਹਰ ਆ ਕੇ ਦਰਸ਼ਨ ਦਿੱਤੇ ਅਤੇ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਕਿਹਾ—ਨਾ ਬੇਟਾ, ਖ਼ੁਦਾ ਦੇ ਸ਼ਰੀਕ ਨਹੀਂ ਬਣਨਾ, ਉਹ ਲਾ-ਸ਼ਰੀਕ ਏ, ਬੱਚਿਆਂ ਵਾਲੀਏ ਉਹ ਲਾ-ਸ਼ਰੀਕ ਏ... ਇੰਨਾ ਆਖ ਕੇ ਉਹ ਫਿਰ ਇਬਾਦਤ ਵਿੱਚ ਲੀਨ ਹੋਣ ਚਲੇ ਗਏ।" ਪਰਮਜੀਤ ਦੀ ਆਵਾਜ਼ ਵਿੱਚ ਘੁੰਗਰੂਆਂ ਦੀ ਛਣਕਾਰ ਸੀ, ਜਿਵੇਂ ਉਹ ਅੱਜ ਹੀ ਮਾਂ ਬਣ ਗਈ ਹੋਵੇ। ਉਹ ਬਾਰ-ਬਾਰ ਆਪਣੇ ਪਤੀ ਨੂੰ ਆਖ ਰਹੀ ਸੀ, "ਮੈਨੂੰ ਸਾਈਂ ਜੀ ਨੇ ਬੱਚਿਆਂ ਵਾਲੀ ਕਿਹਾ... ਮੈਨੂੰ ਬੱਚਿਆਂ ਵਾਲੀ ਕਿਹਾ!" ਉਹ ਬਹੁਤ ਖ਼ੁਸ਼ ਸੀ।

ਪਰ ਹਰਭਜਨ ਸਿੰਘ ਉਰਫ਼ ਗੱਬਰ ਸਿੰਘ ਦੇ ਕੰਨਾਂ ਵਿੱਚ ਉਹ ਸ਼ਬਦ ਬਾਰ-ਬਾਰ ਗੂੰਜ ਰਹੇ ਸਨ—"ਨਾ ਬੇਟਾ, ਖ਼ੁਦਾ ਦੇ ਸ਼ਰੀਕ ਨਹੀਂ ਬਣਨਾ, ਉਹ ਲਾ-ਸ਼ਰੀਕ ਏ...।" ਇੰਝ ਲੱਗ ਰਿਹਾ ਸੀ ਕਿ ਸਾਈਂ ਜੀ ਨੇ ਅੱਧੇ ਬਚਨ ਪਰਮਜੀਤ ਵਾਸਤੇ ਅਤੇ ਅੱਧੇ ਉਸ ਦੇ ਘਰਵਾਲੇ ਥਾਣੇਦਾਰ ਹਰਭਜਨ ਸਿੰਘ ਵਾਸਤੇ ਕਹੇ ਹੋਣ।

ਹਰਭਜਨ ਸਿੰਘ ਕੁਝ ਦੇਰ ਇੱਧਰ-ਉੱਧਰ ਟਹਿਲਣ

ਲੱਗਾ। ਨਾਕੇ ਦੇ ਕੋਲੋਂ ਇੱਕ ਮਾਂ ਆਪਣੇ ਬੱਚੇ ਨੂੰ ਲੈ ਕੇ ਲੰਘ ਰਹੀ ਸੀ। ਬੱਚਾ ਕਦੇ ਸੜਕ ਦੇ ਇੱਕ ਪਾਸੇ ਭੱਜਦਾ ਤੇ ਕਦੇ ਦੂਜੇ ਪਾਸੇ। ਉਸ ਦੀ ਮਾਂ ਨੇ ਉਸ ਨੂੰ ਝਿੜਕਦੇ ਹੋਏ ਆਖਿਆ, "ਕਾਕਾ, ਇੱਕ ਪਾਸੇ ਹੋ ਕੇ ਚੱਲ, ਦੋਵਾਂ ਪਾਸੇ ਦੌੜਨ ਵਾਲੇ ਕਦੇ ਘਰ ਨਹੀਂ ਪਹੁੰਚਦੇ।" ਇਹ ਗੱਲ ਹਰਭਜਨ ਸਿੰਘ ਦੇ ਦਿਲ ਨੂੰ ਧੂਹ ਪਾ ਗਈ। ਉਸ ਨੇ ਕੁਝ ਸੋਚ ਕੇ ਆਪਣੀ ਘੜੀ ਵੱਲ ਵੇਖਿਆ ਅਤੇ ਮੁਲਾਜ਼ਮਾਂ ਨੂੰ ਨਾਕਾ ਚੁੱਕਣ ਦਾ ਹੁਕਮ ਦੇ ਦਿੱਤਾ।

ਹਰਭਜਨ ਸਿੰਘ ਨੇ ਈਸ਼ਰ ਸਿੰਘ ਨੂੰ ਆਖਿਆ, "ਬਜ਼ੁਰਗ ਨੂੰ ਜਿਪਸੀ ਦੀ ਪਿਛਲੀ ਸੀਟ 'ਤੇ ਬਿਠਾਓ ਅਤੇ ਉਸ ਦਾ ਸਾਈਕਲ ਵੀ ਰੱਖੋ।" ਥਾਣੇਦਾਰ ਦੇ ਕਹਿਣ 'ਤੇ ਹਵਲਦਾਰ ਈਸ਼ਰ ਸਿੰਘ ਨੇ ਗੱਡੀ ਦੀ ਡਰਾਈਵਿੰਗ ਸੀਟ ਸੰਭਾਲ ਲਈ ਅਤੇ ਹਰਭਜਨ ਸਿੰਘ ਚੁੱਪ-ਚਾਪ ਦੂਜੀ ਸੀਟ 'ਤੇ ਬੈਠ ਗਿਆ। ਪਿੱਛੇ ਬੈਠੇ ਮੁਲਾਜ਼ਮਾਂ ਨੇ ਆਪਸ ਵਿੱਚ ਘੁਸਰ-ਮੁਸਰ ਸ਼ੁਰੂ ਕਰ ਦਿੱਤੀ ਕਿ ਹੁਣ ਸਾਹਿਬ ਵੱਡਾ ਪਰਚਾ ਦਰਜ ਕਰਨਗੇ। ਪਰ ਇੱਕ ਪਿੰਡ ਦੀ ਫਿਰਨੀ 'ਤੇ ਆ ਕੇ ਹਰਭਜਨ ਸਿੰਘ ਨੇ ਸਿਪਾਹੀ ਨੂੰ ਕਿਹਾ, "ਸਾਈਕਲ ਉਤਾਰੋ।" ਅਤੇ ਬਜ਼ੁਰਗ ਨੂੰ ਕਿਹਾ, "ਬਾਪੂ ਜੀ, ਤੁਸੀਂ ਜਾਓ, ਤੁਹਾਡਾ ਪਿੰਡ ਆ ਗਿਆ ਹੈ। ਪਰ ਜੋ ਥੋੜ੍ਹਾ ਜਿਹਾ ਪੋਸਤ ਤੁਹਾਡੇ ਕੋਲੋਂ ਮਿਲਿਆ ਹੈ, ਉਹ ਮੈਂ ਕਾਨੂੰਨਨ ਤੁਹਾਨੂੰ ਵਾਪਸ ਨਹੀਂ ਦੇ ਸਕਦਾ।"

ਬਜ਼ੁਰਗ ਜਦੋਂ ਜਾਣ ਲੱਗਾ, ਤਾਂ ਥੋੜ੍ਹਾ ਅੱਗੇ ਜਾਣ 'ਤੇ ਹਰਭਜਨ ਸਿੰਘ ਨੇ ਉਸ ਨੂੰ ਫਿਰ ਆਵਾਜ਼ ਮਾਰੀ। ਸਾਥੀ ਮੁਲਾਜ਼ਮਾਂ ਨੇ ਸੋਚਿਆ ਕਿ ਸ਼ਾਇਦ ਸਾਹਿਬ ਦਾ ਮਨ ਬਦਲ ਗਿਆ ਹੈ ਅਤੇ ਉਹ ਹੁਣ ਪਿੰਡ ਦੇ ਲੋਕਾਂ ਸਾਹਮਣੇ ਕਾਰਵਾਈ ਪਾਉਣਗੇ। ਪਰ ਨਹੀਂ, ਅੱਜ ਹਰਭਜਨ ਸਿੰਘ ਉਰਫ਼ ਗੱਬਰ ਸਿੰਘ ਬਦਲ ਚੁੱਕਾ ਸੀ। ਉਸ ਨੇ ਉਸ ਬਜ਼ੁਰਗ ਨੂੰ ਆਪਣੀ ਜੇਬ ਵਿੱਚੋਂ ਕੁਝ ਪੈਸੇ ਦਿੱਤੇ, ਉਸ ਦੀ ਗਰਮ ਕੰਬਲੀ ਉਸ ਦੇ ਜੁੜੇ ਹੋਏ ਹੱਥਾਂ 'ਤੇ ਰੱਖੀ ਅਤੇ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ, ਬਿਨਾਂ ਬੋਲੇ ਹੀ ਬਹੁਤ ਕੁਝ ਆਖ ਦਿੱਤਾ। ਸ਼ਾਇਦ ਉਹ ਦਿਲ ਵਿੱਚ ਆਖ ਰਿਹਾ ਹੋਵੇ—ਬਾਪੂ, ਇੱਥੇ ਵੱਡੇ-ਵੱਡੇ ਨਸ਼ੇ ਦੇ ਵਪਾਰੀ, ਲੋਕਾਂ ਦੇ ਪੁੱਤਾਂ ਨੂੰ ਨਸ਼ਿਆਂ ਵਿੱਚ ਫਸਾਉਣ ਵਾਲੇ ਹਿੱਕਾਂ ਤਾਣ ਕੇ ਲੰਘ ਗਏ, ਉਸ ਮੁਕਾਬਲੇ ਤੂੰ ਤਾਂ ਕੁਝ ਵੀ ਨਹੀਂ ਕੀਤਾ।

ਉਸ ਤੋਂ ਬਾਅਦ ਉਸ ਨੇ ਚਾਨਣੀ ਰਾਤ ਦੇ ਹਨੇਰੇ ਵਿੱਚ ਉਸ ਬਜ਼ੁਰਗ ਦੀ ਪਿੱਠ 'ਤੇ ਹੱਥ ਧਰ ਕੇ ਉਸ ਨੂੰ ਘਰ ਵੱਲ ਤੋਰ ਦਿੱਤਾ। ਹਰਭਜਨ ਸਿੰਘ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੇ ਵਜੂਦ 'ਤੇ ਪਾਈ ਹੋਈ ਵਰਦੀ ਬਿਲਕੁਲ ਹਲਕੀ ਹੋ ਗਈ ਹੋਵੇ ਅਤੇ ਉਸ ਦੇ ਮੋਢਿਆਂ 'ਤੇ ਲੱਗੇ ਸਿਤਾਰੇ ਚਾਨਣੀ ਰੋਸ਼ਨੀ ਵਿੱਚ ਉਸ ਨੂੰ ਸ਼ਾਬਾਸ਼ੀ ਦੇ ਰਹੇ ਹੋਣ।

ਬਾਕੀ ਮੁਲਾਜ਼ਮ ਇਹ ਨਜ਼ਾਰਾ ਵੇਖ ਕੇ ਹੈਰਾਨ ਰਹਿ ਗਏ। ਉਹ ਬਜ਼ੁਰਗ ਅੱਖਾਂ ਭਰ ਕੇ ਉੱਚੀ-ਉੱਚੀ ਆਖਦਾ ਜਾ ਰਿਹਾ ਸੀ, "ਥਾਣੇਦਾਰਾ, ਤੇਰੇ ਬੱਚੇ ਜੀਣ... ਥਾਣੇਦਾਰਾ, ਤੇਰੇ ਬੱਚੇ ਜੀਣ...!" ਉਸ ਦੀ ਆਵਾਜ਼ ਦੂਰ ਤੱਕ ਹਨੇਰੇ ਵਿੱਚ ਗੂੰਜ ਰਹੀ ਸੀ, ਜਿਵੇਂ ਕੋਈ ਦਿਲ ਦੀਆਂ ਗਹਿਰਾਈਆਂ ਵਿੱਚੋਂ ਰੱਬ ਦੀ ਦਰਗਾਹ ਵਿੱਚ ਅਸੀਸਾਂ ਦੇ ਰਿਹਾ ਹੋਵੇ। ਈਸ਼ਰ ਸਿੰਘ ਨੇ ਗੱਡੀ ਤੋਰ ਲਈ। ਕੁਝ ਦੂਰ ਜਾ ਕੇ ਉਸ ਨੇ ਆਪਸੀ ਚੁੱਪੀ ਨੂੰ ਤੋੜਿਆ ਅਤੇ ਕਿਹਾ, "ਸਰਦਾਰ ਸਾਹਿਬ, ਹੁਣ ਤੁਹਾਨੂੰ ਲੋਕਾਂ ਨੇ 'ਗੱਬਰ ਸਿੰਘ' ਨਹੀਂ, 'ਸਾਧੂ ਸਿੰਘ' ਆਖਿਆ ਕਰਨਾ।" ਹਰਭਜਨ ਸਿੰਘ ਨੇ ਹਲਕਾ ਜਿਹਾ ਹੱਸ ਕੇ ਇਸ ਨਵੇਂ ਨਾਮ ਦੀ ਸ਼ਾਹਦੀ ਭਰੀ, ਜਿਸ ਨਾਲ ਈਸ਼ਰ ਸਿੰਘ ਵੀ ਖ਼ੁਸ਼ ਹੋ ਗਿਆ। ਰਾਹ ਵਿੱਚ ਪੈਂਦੀ ਨਹਿਰ ਵਿੱਚ ਹਰਭਜਨ ਸਿੰਘ ਨੇ ਉਹ ਜ਼ਬਤ ਕੀਤਾ ਪੋਸਤ ਸੁੱਟ ਦਿੱਤਾ।

ਜਦੋਂ ਰਾਤ ਨੂੰ ਉਹ ਵਾਪਸ ਘਰ ਆਇਆ, ਤਾਂ ਘਰ ਵਿੱਚ ਖ਼ੁਸ਼ੀ ਦਾ ਮਾਹੌਲ ਸੀ—ਇੱਕ ਅਜਿਹੀ ਕੁਦਰਤੀ ਸ਼ਾਂਤੀ, ਜੋ ਅੱਜ ਤੋਂ ਪਹਿਲਾਂ ਕਦੇ ਨਹੀਂ ਸੀ ਦੇਖੀ ਗਈ। ਪਰਮਜੀਤ ਅਤੇ ਉਸ ਦੀ ਨਨਾਣ ਬੱਬਲੀ ਬੈਠੀਆਂ ਹਰਭਜਨ ਸਿੰਘ ਦਾ ਇੰਤਜ਼ਾਰ ਕਰ ਰਹੀਆਂ ਸਨ। ਉਸ ਦੇ ਅੰਦਰ ਵੜਦਿਆਂ ਹੀ ਉਸ ਦੀ ਭੈਣ ਬੱਬਲੀ ਨੇ ਕਿਹਾ, "ਵੀਰੇ, ਤੁਹਾਨੂੰ ਪਤਾ ਹੈ, ਅੱਜ ਭਾਬੀ ਨੂੰ ਸਾਈਂ ਜੀ ਨੇ 'ਬੱਚਿਆਂ ਵਾਲੀਏ' ਆਖ ਕੇ ਦੁਆ ਦਿੱਤੀ ਹੈ।" ਬਹੁਤ ਘੱਟ ਬੋਲਣ ਵਾਲੇ ਹਰਭਜਨ ਸਿੰਘ ਨੇ ਮੁਸਕਰਾ ਕੇ ਕਿਹਾ, "ਹਾਂ, ਅੱਜ ਇੱਕ ਰੱਬ ਦੇ ਬੰਦੇ ਨੇ ਮੈਨੂੰ ਵੀ 'ਤੇਰੇ ਬੱਚੇ ਜੀਣ' ਦੀ ਅਸੀਸ ਦਿੱਤੀ ਹੈ।"

ਕੁਝ ਮੁਦਤ ਬਾਅਦ ਪਰਮਜੀਤ ਦੇ ਘਰ ਰੱਬ ਨੇ ਸੁਣੀ ਅਤੇ ਦੋ ਬੱਚਿਆਂ ਦੀਆਂ ਕਿਲਕਾਰੀਆਂ ਗੂੰਜੀਆਂ। ਹਰਭਜਨ ਸਿੰਘ ਉਰਫ਼ ਗੱਬਰ ਸਿੰਘ ਨੂੰ ਅੱਜ ਦੋਸਤ ਅਤੇ ਰਿਸ਼ਤੇਦਾਰ ਉਸ ਦੇ ਨਰਮ ਅਤੇ ਠੰਢੇ ਰਵੱਈਏ ਕਰਕੇ 'ਗੱਬਰ ਸਿੰਘ' ਨਹੀਂ, ਬਲਕਿ 'ਸਾਧੂ ਸਿੰਘ' ਆਖਣ ਲੱਗ ਪਏ ਸਨ। ਅੱਜ ਵੀ ਉਹ ਬਜ਼ੁਰਗ ਉਸ ਨੂੰ ਕਦੇ-ਕਦਾਈਂ ਦਿਖਾਈ ਦੇ ਜਾਂਦਾ ਹੈ, ਪਰ ਥਾਣੇਦਾਰ ਹਰਭਜਨ ਸਿੰਘ ਉਰਫ਼ ਸਾਧੂ ਸਿੰਘ ਹੁਣ ਉਸ ਵੱਲ ਧਿਆਨ ਨਹੀਂ ਦਿੰਦਾ, ਤੇ ਉਹ ਬਜ਼ੁਰਗ ਵੀ ਸਤਿਕਾਰ ਵਜੋਂ ਆਪਣਾ ਰਾਹ ਬਦਲ ਲੈਂਦਾ ਹੈ।

(ਸਮਾਪਤ)


# ਫ਼ਿਕਰਮੰਦੀ ਦੇ ਰਾਹਾਂ ਵਿੱਚੋਂ ਚੁਗੇ ਲਫ਼ਜ਼ : ਧੀਆਂ ਡਾਲਰ ਖੋਜਣ ਚੱਲੀਆਂ



ਸ਼ਹਿਬਾਜ਼ ਖ਼ਾਨ, ਕਪੂਰਥਲਾ

ਸਤਿੰਦਰ ਸਰਤਾਜ ਦਾ ਇੱਕ ਗੀਤ ਹੈ... "ਬੁਲਬੁਲ ਕਹਿ ਗਈ ਸੀ ਮੌਸਮਾਂ ਦਾ ਪਿੱਛਾ ਨੀ ਕਰੀਦਾ, ਉਹਨਾਂ ਆਉਣਾ ਜਦੋਂ ਆਉਣਾ ਐਵੇਂ ਹਉਕਾ ਨੀ ਭਰੀਦਾ""

ਜ਼ਿੰਦਗੀ ਦੇ ਕੁੱਝ ਮੌਸਮ ਵਕਤ ਨਾਲ ਵਾਪਿਸ ਆ ਜਾਂਦੇ ਨੇ ਪਰ ਕੁੱਝ ਉਡਾਰੀ ਮਾਰ ਮੁੜ ਨਹੀਂ ਪਰਤਦੇ। ਅਜਿਹੀ ਹੀ ਹਾਲਤ ਵਿੱਚੋਂ ਉਪਜੀ ਹੈ ਪ੍ਰੋ. ਕੁਲਵੰਤ ਸਿੰਘ ਅੰਜਲਾ ਦੀ ਵਾਰਤਕ "ਧੀਆਂ ਡਾਲਰ ਖੋਜਣ ਚੱਲੀਆਂ। ਚਿੰਤਨ ਦੀ ਕੈਫ਼ੀਅਤ ਵਿੱਚੋਂ ਉਪਜੇ ਹਰਫ਼ ਮਨ ਦੇ ਉੱਤੇ ਗਹਿਰੀ ਚੋਟ ਕਰਦੇ ਨੇ। ਲੇਖਕ ਦੇ ਨਾਲ-ਨਾਲ ਉਸਦੀ ਕਲਮ ਜਦੋਂ ਤੜਪਦੀ ਹੈ, ਉਸਦੇ ਹਰਫ਼ ਜਦੋਂ ਕੁਰਲਾਉਂਦੇ ਨੇ ਤਾਂ ਉਹਨਾਂ ਅੰਦਰਲੀ ਚੀਸ ਸੰਵੇਦਨਸ਼ੀਲ ਪਾਠਕ ਦੇ ਮਨ ਤੱਕ ਪਹੁੰਚ ਜਾਂਦੀ ਹੈ। ਹਥਲੀ ਪੁਸਤਕ "ਧੀਆਂ ਡਾਲਰ ਖੋਜਣ ਚੱਲੀਆਂ" ਦਾ ਦਾਇਰਾ ਬਹੁਤ




ਵਸੀਹ ਹੈ। ਲੇਖਕ ਨੇ ਪੁਰਾਤਨ ਪੰਜਾਬ ਨੂੰ ਆਵਾਜ਼ਾਂ ਮਾਰੀਆਂ ਨੇ, ਕਿਤਾਬਾਂ ਨੂੰ ਹਾਕ ਮਾਰੀ ਹੈ, ਸਿਰਜਣਾ ਦੀ ਕੰਨੀ ਫੜੀ ਹੈ ਤੇ ਹਰਫ਼ਾਂ ਨੂੰ ਪੁਸਤਕਾਂ ਦੀ ਬੁੱਕਲ ਵਿੱਚ ਸਾਂਭਣ ਦਾ ਹੀਲਾ ਕੀਤਾ ਹੈ। ਇਸ ਪੁਸਤਕ ਵਿੱਚ ਮਹਿਜ਼ ਵਾਰਤਕ ਹੀ ਨਹੀਂ ਸਗੋਂ ਅਜੋਕੇ ਹਾਲਾਤ ਨਾਲ ਜੂਝ ਰਹੇ ਹਰ ਇਨਸਾਨ ਦੀ ਮਨੋਦਸ਼ਾ ਨੂੰ ਉਲੀਕਿਆ ਗਿਆ ਹੈ। ਲਗਭਗ ਬਾਈ ਵੱਖ-ਵੱਖ ਵਿਸ਼ਿਆਂ ਉੱਤੇ ਲੇਖਕ ਨੇ ਆਪਣੀ ਚਿੰਤਾ ਨੂੰ ਹਰਫ਼ਾਂ ਦੇ ਜ਼ਰੀਏ ਉਲੀਕਿਆ ਹੈ। ਮਨ ਦੀ ਤਕਲੀਫ਼ ਸਾਂਝੀ ਕਰੀਏ ਤਾਂ ਹੱਲ ਨਿਕਲਦੇ ਨੇ, ਸਮਾਜ ਅੰਦਰ ਹਲਚਲ ਪੈਦਾ ਹੁੰਦੀ ਹੈ, ਸੱਥਾਂ ਅੰਦਰ ਗਹਿਮਾ-ਗਹਿਮੀ ਪੈਦਾ ਹੁੰਦੀ ਹੈ, ਨਰੋਏ ਸਮਾਜ ਦੀ ਸਿਰਜਣਾ ਹੁੰਦੀ ਹੈ, ਇਨਕਲਾਬ ਆਉਂਦੇ ਨੇ, ਸੁਪਨੇ ਪੁੰਗਰਦੇ ਨੇ, ਸਿਰਜਣਾ ਨੂੰ ਸਾਹ ਮਿਲਦਾ ਹੈ, ਸੋਚ ਉੱਤੇ ਜੰਮਿਆ ਜ਼ੰਗ ਉੱਤਰਦਾ ਹੈ, ਖ਼ਿਆਲਾਂ ਨੂੰ ਉਡਾਰੀ ਮਿਲਦੀ ਹੈ ਤੇ ਮਨ ਅੰਦਰ ਸੰਜੀਦਗੀ ਪੈਦਾ ਹੁੰਦੀ ਹੈ।

ਲੇਖਕ ਨੇ ਪਰਵਾਸ ਪ੍ਰਤੀ ਜੋ ਫ਼?ਕਰਮੰਦੀ ਜ਼ਾਹਿਰ ਕੀਤੀ ਹੈ ਉਹ ਪਰਵਾਸ ਸ਼ਾਇਦ ਸਾਡੇ ਪੰਜਾਬ ਨੂੰ ਸਿਉਂਕ ਵਾਂਗਰ ਖੋਖਲਾ ਕਰ ਰਿਹਾ ਹੈ। ਲੋਕ ਮਿੱਟੀ ਅਤੇ ਖੇਤਾਂ ਨਾਲੋਂ ਟੁੱਟ ਗਏ ਨੇ, ਖੇਤਾਂ ਵਿੱਚ ਜੰਮੇ ਪਲ? ਲੋਕ ਆਪਣੀ ਹੀ ਮਿੱਟੀ ਤੋਂ ਬੇਮੁੱਖ ਹੋ ਗਏ ਨੇ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਅੱਧਾ ਪੰਜਾਬ ਇਸ ਵਕਤ ਪਰਵਾਸ ਦੇ ਨਾਲ ਦੋ ਹੱਥ ਹੋ ਰਿਹਾ ਹੈ ਪਰ ਕੀ ਇਸਦਾ ਕੋਈ ਹੱਲ ਵੀ ਹੈ? ਕੀ ਪੰਜਾਬ ਦੇ ਖੇਤਾਂ ਉੱਤੇ ਮੁੜ ਹਲ? ਲੀਕਾਂ ਵਾਹੁਣਗੇ? ਕੀ ਇਸ ਮਿੱਟੀ ਵਿੱਚ ਜ਼ਹਿਰ ਦਾ ਛਿੱਟਾ ਦਿੱਤੇ ਬਿਨ੍ਹਾਂ ਕੋਈ ਫ਼ਸਲ ਖ਼ੁਰਾਕ ਪੈਦਾ ਨਹੀਂ ਕੀਤੀ ਜਾ ਸਕਦੀ? ਬਹੁਤ ਸਾਰੀਆਂ ਚਿੰਤਾਵਾਂ ਇਸ ਕਿਤਾਬ ਦੇ ਮੱਥੇ ਉੱਤੇ ਵੀ ਲੀਕਾਂ ਬਣ ਉੱਭਰ ਆਈਆਂ ਨੇ।

ਇੱਕ ਸੰਜੀਦਾ ਸ਼ਾਇਰ ਜਾਂ ਆਖ ਲਵੋ ਸੰਵੇਦਨਸ਼ੀਲ ਲੇਖਕ ਜਦ ਆਪਣੇ ਆਸ-ਪਾਸ ਦਾ ਵਿਸ਼ਲੇਸ਼ਣ ਕਰਦਾ ਹੈ ਜਾਂ ਫਿਰ ਆਖ ਲਵੋ ਉਹ ਆਪਣੇ ਆਲੇ-ਦੁਆਲੇ ਦੇ ਸੰਸਾਰ ਦਾ ਭ੍ਰਮਣ ਕਰਦਾ ਹੈ ਤਾਂ ਕਈ ਸਾਰੀਆਂ ਤਲਖ਼ ਹਕੀਕਤਾਂ ਨਾਲ ਉਸਦਾ ਵਾਹ ਪੈਂਦਾ ਹੈ। ਜ਼ਿੰਦਗੀ ਦੀਆਂ ਅਜਿਹੀਆਂ ਹੀ

ਕੌੜੀਆਂ-ਸੱਚੀਆਂ ਗੱਲਾਂ ਨੇ ਇਸ ਪੁਸਤਕ ਨੂੰ ਜਨਮ ਦਿੱਤਾ ਹੈ। ਪੁਸਤਕ ਵਿਚਲੇ ਬੇਸ਼ਕੀਮਤੀ ਸੁਨੇਹਿਆਂ ਨੂੰ ਆਵਾਮ ਤੱਕ ਪਹੁੰਚਾਉਣ ਲਈ ਸਭ ਤੋਂ ਪਹਿਲਾਂ ਪੁਸਤਕ ਸੱਭਿਆਚਾਰ ਹੋਣਾ ਬਹੁਤ ਜ਼ਰੂਰੀ ਹੈ। ਜਦ ਤੱਕ ਲੋਕਾਂ ਅੰਦਰ ਪੁਸਤਕ ਲਈ ਮੋਹ ਨਹੀਂ ਹੈ, ਕਿਤਾਬ ਲਈ ਇਸ਼ਕ ਨਹੀਂ ਹੈ ਉਹ ਇਸ ਅੰਦਰਲੇ ਹਰਕਾਰੇ ਨਾਲ ਸੰਪਰਕ ਪੈਦਾ ਨਹੀਂ ਕਰ ਸਕਦੇ। ਫ਼ਿਰ ਤਾਂ ਮਨ ਦੇ ਦਰ ਉੱਤੇ ਆਧੁਨੀਕਰਨ ਦਾ ਜਿੰਦਰਾ ਵੱਜਿਆ ਦੇਖ ਕੇ ਇਹ ਡਾਕੀਆ ਭਰੇ ਮਨ ਨਾਲ ਹੀ ਵਾਪਿਸ ਪਰਤ ਆਵੇਗਾ। ਵਾਜਿਬ ਹੈ ਕਿ ਅਸੀਂ ਸਮੇਂ ਦੇ ਨਾਲ-ਨਾਲ ਤੁਰਨਾ ਹੈ ਪਰ ਇਸ ਚਾਲ ਨਾਲ ਅਸੀਂ ਉਹ ਨਿੱਕੀਆਂ-ਨਿੱਕੀਆਂ ਪੈੜਾਂ ਬਹੁਤ ਪਿੱਛੇ ਛੱਡ ਆਏ ਹਾਂ ਜਿਹਨਾਂ ਨੇ ਹਾਲੇ ਸਾਨੂੰ ਸੁਪਨਸ਼ੀਲ ਅਤੇ ਸੁਰਵੰਤ ਬਣਾਉਣਾ ਸੀ। ਸਾਡੀ ਸੋਚ ਅੰਦਰ ਉਹ ਬਰਕਤ ਨਹੀਂ ਰਹੀ ਜਿਹੜੀ ਫ਼ਕੀਰਾਂ ਅਤੇ ਪੀਰਾਂ ਦੇ ਕਾਸੇ ਵਿੱਚ ਹੁੰਦੀ ਸੀ। ਲੇਖਕ ਦੀ ਇਹ ਤੜਪਣ ਮਹਿਜ਼ ਖ਼ਿਆਲੀ ਨਹੀਂ ਸਗੋਂ ਸੱਚ ਨਾਲ ਜੁੜੀ ਹੋਈ ਹੈ। ਅਸਲੀਅਤ ਦਾ ਤਵਾਫ਼ ਕਰਦੀ ਇਹ ਪੁਸਤਕ ਹਰ ਉਸ ਲੇਖਕ ਅਤੇ ਚਿੰਤਕ ਦੇ ਖ਼ਿਆਲਾਂ ਦੀ ਹਾਣੀ ਹੈ ਜਿਸਦੇ ਅੰਦਰ ਫ਼ਿਕਰਮੰਦੀ ਸਹਿਕਦੀ ਹੈ, ਖ਼ਿਆਲ ਪਨਪਦੇ ਹਨ ਅਤੇ ਨਿੱਗਰ ਸੋਚ ਵਿਕਸਿਤ ਹੁੰਦੀ ਹੈ। ਸੁਪਨਿਆਂ ਦਾ ਸਜੀਵ ਹੋਣਾ ਹੀ ਸੋਚ ਨੂੰ ਨਰੋਆ ਅਤੇ ਸਿਰਜਣਾਤਮਕ ਰੱਖਦਾ ਹੈ।

ਕਦੇ ਪੰਜਾਬ ਨੂੰ, ਕਦੇ ਗੁਜਰਾਤ ਨੂੰ, ਕਦੇ ਕਸ਼ਮੀਰ ਨੂੰ,
ਹਿੰਸਾ ਦੀ ਅੱਗ ਲੂਹ ਦਿੰਦੀ ਹੈ ਅੱਖਾਂ ਦੇ ਨਿਰਮਲ ਨੀਰ ਨੂੰ।

ਪੁਸਤਕ ਅੰਦਰ ਪਤਾ ਨਹੀਂ ਪੰਜਾਬ ਦੇ ਕਿੰਨੇ ਟੋਟਿਆਂ ਦੀ ਗੱਲ ਹੋਈ ਹੈ, ਲਟ-ਲਟ ਬਲਦੇ ਗੁਜਰਾਤ ਦਾ ਜ਼ਿਕਰ ਹੋਇਆ ਹੈ ਅਤੇ ਗੋਲੀਆਂ ਨਾਲ ਭੁੰਨੇ ਕਸ਼ਮੀਰ ਦੀ ਪੀੜ ਤੜਪ ਰਹੀ ਹੈ। ਦਰਿਆਵਾਂ ਦੇ ਦੁੱਖ ਸਮੋਈ ਬੈਠੀ ਹੈ ਇਹ ਪੁਸਤਕ, ਮਾਂ ਬੋਲੀ ਦੀ ਅਸਹਿ ਪੀੜ ਨਾਲ ਤੜਪ ਰਹੀ ਹੈ ਇਹ ਵਾਰਤਕ, ਪਿਉ ਦਾਦਿਆਂ ਦੀਆਂ ਦਿੱਤੀਆਂ ਅਮਾਨਤਾਂ ਦੀ ਬਾਤ ਪਾਉਂਦੀ ਹੈ, ਇਹ ਪੁਸਤਕ ਸਿਰਫ਼ ਪੰਜਾਬ ਹੀ ਨਹੀਂ ਸਗੋਂ ਹਰ ਖੇਤਰ ਦੇ ਮਨ ਦੀ ਹੂਕ ਹੈ। ਘਾਟਾ ਸਿਰਫ਼ ਪੰਜਾਬ ਜਾਂ ਪੰਜਾਬੀਆਂ ਨੇ ਹੀ ਨਹੀਂ ਜਰਿਆ ਸਗੋਂ ਕਿਤੇ ਨਾ ਕਿਤੇ, ਕੋਈ ਨਾ ਕੋਈ ਅਜਿਹਾ ਹੱਸਾਸ ਦਿਲ ਜ਼ਰੂਰ ਹੋਏਗਾ ਜਿਸਨੇ ਵਕਤ ਦੀ ਪੀੜ ਆਪਣੇ ਉੱਤੇ ਝੱਲੀ ਹੋਣੀ ਹੈ।

ਕਦੇ ਬਾਥੂ ਕਦੇ ਚਲਾਈ ਦੇ ਪੱਤੇ ਤੋੜਦੀਆਂ,
ਮੁੱਕ ਜਾਂਦੀਆਂ ਨੇ ਮਾਵਾਂ ਤੀਲਾ ਤੀਲਾ ਜੋੜਦੀਆਂ।

ਪ੍ਰੋ. ਔਜਲਾ ਦੀ ਰੂਹ ਕਿਸੇ ਸੋਨ ਮਿਰਗ ਵਾਂਗਰ ਮਾਂ ਦੀ ਯਾਦ ਪਿੱਛੇ ਭਟਕਦੀ ਨਜ਼ਰ ਆਉਂਦੀ ਹੈ। ਕਿਰਸਾਨ ਬਾਪ ਦੇ ਮੋਹ ਵਿੱਚ ਮੁਗਧ ਹੋਇਆ ਲੇਖਕ ਕਣਕ ਦੀਆਂ ਬੱਲੀਆਂ, ਬਲਦਾਂ, ਖੇਤ ਦੀਆਂ ਆੜਾਂ ਤੇ ਘਰ ਦੇ ਵਿਹੜੇ ਨੂੰ ਯਾਦ ਕਰ ਭਾਵੁਕ ਹੁੰਦਾ ਪ੍ਰਤੀਤ ਹੁੰਦਾ ਹੈ।

ਅੱਖਰ ਸਾਥੋਂ ਮੁਨਕਰ ਹੋ ਰਹੇ ਨੇ, ਕਿਤਾਬਾਂ ਸਾਥੋਂ ਬੇਮੁੱਖ ਹੋ ਰਹੀਆਂ ਨੇ, ਵਾਤਾਵਰਣ ਸਾਥੋਂ ਨਰਾਜ਼ ਹੈ, ਕੁਦਰਤ ਸਾਥੋਂ ਟੁੱਟ ਚੁੱਕੀ ਹੈ, ਬਰਕਤਾਂ ਨੇ ਸਾਡੇ ਦਰ ਉੱਤੇ ਫੇਰਾ ਪਾਉਣਾ ਛੱਡ ਦਿੱਤਾ ਹੈ, ਦਰਿਆ ਸੁੱਕ ਚੁੱਕੇ ਹਨ, ਭਾਸ਼ਾ ਮਰ ਰਹੀ ਹੈ, ਆਪਸੀ ਮੋਹ ਖ਼ਤਮ ਹੋ ਰਿਹਾ ਹੈ। ਬੰਦੇ ਅੰਦਰ ਉਹ ਚਿਣਗ ਨਹੀਂ ਰਹੀ ਜੋ ਉਸਦੀ ਸਿਰਜਣਾ ਨੂੰ ਲਿਸ਼ਕਦਾ-ਚਮਕਦਾ ਰੱਖਦੀ ਹੈ। ਖ਼?ਆਲਾਂ ਦੀ ਤਾਜ਼ਗੀ ਉੱਤੇ ਬੇਹੇਪਨ ਦੀ ਪਰਤ ਆ ਗਈ ਹੈ। ਅਜਿਹੀਆਂ ਬਹੁਤ ਸਾਰੀਆਂ ਚਿੰਤਾਵਾਂ ਨੇ ਇਸ ਪੁਸਤਕ ਨੂੰ ਜਨਮ ਲੈਣ ਦਾ ਮੌਕਾ ਦਿੱਤਾ। ਇਹ ਕਿਤਾਬ ਸਿਰਫ਼ ਚਿੰਤਾਵਾਂ ਦਾ ਸੁਮੇਲ ਨਹੀਂ ਹੈ, ਸਗੋਂ ਇੱਕ ਅਰਦਾਸ ਹੈ, ਇੱਕ ਦੁਆ ਹੈ ਮਹਿਕਦੇ ਪੰਜਾਬ ਲਈ। ਵਪਾਰੀਕਰਨ ਤੋਂ ਦੂਰ ਵਸਦੇ ਕਿਸੇ ਪਿੰਡ ਲਈ, ਕਿਤਾਬਾਂ ਨਾਲ ਸਾਂਝ ਪਾਉਂਦੇ ਜਵਾਕਾਂ ਲਈ, ਖੇਤਾਂ ਵਿੱਚੋਂ ਜ਼ਹਿਰ ਮੁਕਤ ਫ਼ਸਲਾਂ ਉਗਾਉਂਦੇ ਕਿਸਾਨਾਂ ਲਈ, ਵਿਦੇਸ਼ ਵੱਸਦੀਆਂ ਡਾਲਰਾਂ ਦੀ ਖੋਜ ਵਿੱਚ ਬੇਘਰ ਹੋਈਆਂ ਧੀਆਂ ਲਈ, ਨਸ਼ੇ ਵਿੱਚ ਚੂਰ ਜਵਾਨੀ ਅਤੇ ਨੰਗੇਜ਼ ਵਿੱਚ ਗਰਕ ਹੋ ਰਹੇ ਸਮਾਜ ਲਈ ਇੱਕ ਮੁਕੰਮਲ ਸੁਨੇਹਾ ਹੈ ਇਹ ਕਿਤਾਬ। ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਆਪਣੀਆਂ ਕਾਵਿਕ ਸਤਰਾਂ ਨਾਲ ਆਪਣੀ ਵਾਰਤਕ ਨੂੰ ਹੋਰ ਵੀ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਪੁਸਤਕ ਵਿੱਚ ਵਰਤੇ ਗਏ ਠੇਠ ਪੰਜਾਬੀ ਅਤੇ ਉਰਦੂ ਜ਼ੁਬਾਨ ਦੇ ਸ਼ਬਦਾਂ ਨੇ ਹਰ ਵਿਸ਼ੇ ਨੂੰ ਗਹਿਰਾ ਪ੍ਰਭਾਵ ਦਿੱਤਾ ਹੈ ਅਤੇ ਪ੍ਰੋ.ਔਜਲਾ ਦੀ ਪੰਜਾਬੀ ਅਤੇ ਉਰਦੂ ਭਾਸ਼ਾ ਪ੍ਰਤੀ ਗਹਿਰੀ ਸੋਝੀ ਦੀ ਹਾਮੀ ਵੀ ਭਰੀ ਹੈ।

ਲੇਖਕ ਦਾ ਬੱਸ ਇੱਕੋ ਨਾਅਰਾ... ਆਓ! ਹਥਿਆਰ ਮੁਕਤ ਸਮਾਜ ਦੀ ਕਲਪਨਾ ਕਰੀਏ, ਹਰੇ ਭਰੇ ਪੰਜਾਬ ਦਾ ਸੁਪਨਾ ਲਈਏ, ਹਰ ਘਰ ਪੁਸਤਕ ਦਾ ਤਸੱਵੁਰ ਕਰੀਏ, ਮੁਹੱਬਤ ਦਾ ਅਹਿਸਾਸ ਜਗਾਈਏ, ਮੋਹ ਅਤੇ ਨੇੜਤਾ ਪੈਦਾ ਕਰੀਏ।

ਨਾ ਹੀ ਕੋਈ ਫ਼ਿਕਰ ਤੇ ਫਾਕਾ ਨਾ ਹੀ ਕੋਈ ਡਰ ਹੋਵੇ,
ਬੰਦਾ ਹੋਵੇ ਪੁਸਤਕ ਵਰਗਾ ਤੇ ਘਰ ਪੁਸਤਕ ਘਰ ਹੋਵੇ।

# ਕਸ਼ਮੀਰੀ ਲਾਲ ਚਾਵਲਾ ਰਚਿਤ ਹਾਇਕੂ




**ਕਸ਼ਮੀਰੀ ਲਾਲ ਚਾਵਲਾ**
ਸੰਪਾਦਕ ਅਦਬੀ ਪਰਿਕਰਮਾ
ਮੁਕਤਸਰ
ਪਿੰਨ - 152026
ਮੋਬਾਈਲ - 9814814791


### ਹਾਇਕੂ

1) ਬੱਦਲਾਂ ਵਿਚ
ਅੰਨੀ ਜਿਹੀ ਧੁੱਪ ਹੈ
ਲੱਗਦੀ ਠੰਢ

2) ਇਕ ਅੱਖ ਤਾਂ
ਦੂਜੀ ਨੂੰ ਨਾ ਦੇਖਦੀ
ਛਿਪਿਆ ਭੇਤ

3) ਫਿੱਕਾ ਸੂਰਜ
ਅੰਨੀ ਜਿਹੀ ਧੁੱਪ ਹੈ
ਲੱਗਦੀ ਠੰਢ

4) ਕੌਣ ਜਾਣਦਾ
ਸਾਡੇ ਦਰਦਾਂ ਤਾਈਂ
ਇਕੱਲੀ ਨਾਰੀ

5) ਵੱਡਾ ਟੱਬਰ
ਬਾਬਾ ਖਾਣਾ ਪਕਾਉਣ
ਰਸੋਈ ਵਿਚ

6) ਦੀਵਾ ਜਲਾ ਕੇ
ਜੋ ਮਾਚਿਸ ਦੀ ਤੀਲੀ ਤਾਂ
ਸੁੱਟ ਦਿੱਤੀ ਹੈ

7) ਰੁੰਡ ਮਰੁੰਡ
ਅੱਜ ਪਿੱਪਲ ਹੋਏ
ਮੁਕੀਆਂ ਛਾਵਾਂ

8) ਚੁੱਲੇ ਦੀ ਅੱਗ
ਝੁਲਸੇ ਅਰਮਾਨ
ਖੋਹਾ ਇਨਸਾਨ

9) ਹਰ ਸਮਾਂ ਤਾਂ
ਸਹਿਜ ਅੰਦਰ ਹੈ
ਕਾਹਲ ਕਿਉਂ

10) ਕੂੜ ਪਸਾਰਾ
ਅੱਜ ਮੀਡੀਆ ਵਿਚ
ਸੱਚ ਗਾਇਬ

### ਹਾਇਕੂ

1) ਹੋਲੀ ਦੇ ਰੰਗ
ਇਕ ਸਾਥ ਨਿਭਾਏ
ਸਾਂਝੀ ਕਹਾਣੀ

2) ਸਮਾਂ ਆਖਦਾ
ਦੁਖ ਸੁਖ ਚਿ ਕਹੋ
ਰਜ਼ਾ ਚਿ ਰਹੋ

3) ਹੋਲੀ ਦਾ ਮੇਲਾ
ਬੰਦਾ ਛੱਡ ਤੁਰਿਆ
ਜੱਗ ਦਾ ਮੇਲਾ

4) ਜੀਵਨ ਰੰਗ
ਜਿੱਥੇ ਜਿੱਥੇ ਖਿਲਰੇ
ਸਭ ਦੇ ਸੰਗ

5) ਜੋ ਪਰਛਾਈਂ
ਰੌਸ਼ਨ ਨਾਲ ਤੁਰੇ
ਜੀਵਨ ਪਾਏ

6) ਨਵਾਂ ਸਾਲ ਹੈ
ਖੁਸ਼ੀਆਂ ਦੀ ਸੌਗਾਤ
ਰੱਬ ਦੀ ਦਾਤ

7) ਰੁੱਖ ਲਗਾਏ
ਧਰਤੀ ਸ਼ਿਗਾਰਦੀ
ਆਲਾ ਦੁਆਲਾ

8) ਮਾਤ ਭੂਮੀ ਹੈ
ਕੇਸਰ ਦੀ ਕਿਆਰੀ
ਜਾਨੋਂ ਪਿਆਰੀ

9) ਵਧੇ ਦਰਦ
ਸੰਧੂਰੀ ਜਿਹੀ ਸ਼ਾਮ
ਮਨ ਸਤਾਏ

10) ਚੜ੍ਹੇ ਹਨੇਰਾ
ਸੂਰਜ ਡੁੱਬਿਆ ਹੈ
ਚੰਨ ਦੀ ਉਡੀਕ

# ਲੰਘੇ ਪਾਣੀ ਮੁੜ ਨਹੀਂ ਆਉਂਦੇ...

ਜਗਜੀਤ ਸਿੰਘ ਲੋਹਟਬੱਦੀ

89684-33500



ਜਲ ਜ਼ਿੰਦਗੀ ਹੈ...ਆਬ-ਏ-ਹਯਾਤੀ। ਹੋਂਦ ਸਜੀਵਤਾ ਹੈ...ਅਣਹੋਂਦ ਨਿਰਜੀਵਤਾ। ਆਲੇ ਦੁਆਲਿਉਂ ਬੇਖ਼ਬਰ...ਵਗਦੀ ਜੀਵਨ-ਧਾਰਾ ਦਾ ਨਾਮ... ਰਾਹ ਦੇ ਰੋੜਿਆਂ ਨੂੰ ਸੰਗੀਤਮਈ ਬਣਾਉਣ ਦੀ ਚਾਹਤ...ਦਿਨ ਰਾਤ ਮੁਕਾਮ ਸਰ ਕਰਨ ਦਾ ਆਵੇਗ...ਪ੍ਰਕਿਰਤੀ ਦਾ ਨਾਯਾਬ ਨਜ਼ਰਾਨਾ। ਜੀਵਨ ਦਾ ਮੂਲ ਤੱਤ ਹੈ- ਨਿਰਮਲ ਨੀਰ!

ਸ੍ਰਿਸ਼ਟੀ ਸਰਬਉੱਚ ਹੈ। ਜਲ ਨੂੰ ਸਾਡੇ ਰਹਿਬਰਾਂ ਨੇ ਬੁਲੰਦ ਰੁਤਬਾ ਬਖਸ਼ਿਐ: 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਮਾਨਵ ਜਾਤੀ, ਪਸ਼ੂ ਪੰਛੀ, ਜੀਵ ਜੰਤੂ, ਜੜ੍ਹ ਜੀਵਨ ਤਾਂ ਹੀ ਮੌਲਦੇ ਹਨ, ਜੇ ਅੰਮ੍ਰਿਤ-ਰੂਪੀ ਦਾਤ ਦੀ ਰਵਾਨੀ ਬਣੀ ਰਹੇ। ਬੂੰਦਾਂ ਦੀ ਆਮਦ ਦਾ ਅਹਿਸਾਸ ਸੁਖ਼ਦ ਹੁੰਦੈ। ਧਰਤੀ ਦੀ ਹਿੱਕ ਠਰਦੀ ਹੈ। ਚੁਫੇਰਾ ਮਹਿਕਦਾ। ਖ਼ੁਸ਼ਬੂਆਂ ਖਿੱਲਰਦੀਆਂ ਨੇ...ਕਾਲੀਆਂ ਘਟਾਵਾਂ ਛਾਉਂਦੀਆਂ ਨੇ...ਮੋਰ ਪੈਲਾਂ ਪਾਉਂਦੇ ਨੇ...ਕੋਇਲਾਂ ਗੀਤ ਗਾਉਂਦੀਆਂ ਨੇ...ਅੰਬਰੀਂ ਸਤਰੰਗੀ ਪੀਂਘ ਬਣਦੀ ਹੈ।

ਪਾਣੀਆਂ ਨੇ ਸੱਭਿਆਤਾਵਾਂ ਨੂੰ ਜਨਮ ਦਿੱਤੈ। ਇਤਿਹਾਸ ਗਵਾਹ ਹੈ ਕਿ ਪੁਰਾਤਨ ਮਨੁੱਖ ਨੇ ਦਰਿਆਵਾਂ ਕੰਢੇ ਰੈਣ-ਬਸੇਰੇ ਸਿਰਜਣ ਨੂੰ ਤਰਜੀਹ ਦਿੱਤੀ। ਮੋਹੰਜੋਦੜੋ ਅਤੇ ਹੜੱਪਾ ਦੀ-ਅੱਜ ਵੀ ਸਿੰਧ ਦੇ ਨਾਮ ਨਾਲ ਪਛਾਣ ਹੈ। ਚਾਰ ਉਦਾਸੀਆਂ ਦੇ ਸਫ਼ਰ ਤੋਂ ਬਾਅਦ ਬਾਬਾ ਨਾਨਕ ਨੇ ਕਿਰਤ ਦਾ ਹਲ ਚਲਾ ਕੇ ਸੱਚੀ ਸੁੱਚੀ ਕਮਾਈ ਕਰਨ ਲਈ ਰਾਵੀ ਦਾ ਕਿਨਾਰਾ ਚੁਣਿਆ-ਕਰਤਾਰਪੁਰ ਵਾਲਾ ਮੁਕੱਦਸ ਟਿਕਾਣਾ! ਮਹਾਨ ਵੇਦਾਂ ਗ੍ਰੰਥਾਂ ਦੀ ਰਚਨਾ ਦੇ ਗਵਾਹ ਪਾਣੀ ਬਣੇ। ਪੰਜਾਬ ਤਾਂ ਹੈ ਹੀ ਪਾਣੀਆਂ ਦਾ ਦੇਸ਼। ਪੰਜ-ਆਬ ਹੋਵੇ ਜਾਂ ਸਪਤ-ਸਿੰਧੂ: ਮਸਤਕ ਵਿੱਚ ਨੀਰ ਦੀ ਕਲਪਨਾ ਆ ਦਸਤਕ ਦਿੰਦੀ ਹੈ। ਖੇਤੀ ਪ੍ਰਧਾਨ ਖਿੱਤੇ ਨੂੰ ਕੁਦਰਤ ਨੇ ਆਪਣੇ ਹੱਥਾਂ ਨਾਲ ਸ਼ਿੰਗਾਰਿਆ ਹੈ। ਲਹਿਲਹਾਉਂਦੀਆਂ ਫ਼ਸਲਾਂ, ਪਰਵਰਦਿਗਾਰ ਨੂੰ ਜਿਵੇਂ ਅਹਿਸਾਨਮੰਦ ਹੋ ਕੇ ਕਹਿ ਰਹੀਆਂ ਹੋਣ: 'ਸਾਡੀ ਹੋਂਦ ਤੇਰੇ ਬਖਸ਼ੇ ਜਲ-ਰੂਪੀ ਸਰੋਤਾਂ ਕਰ ਕੇ ਹੀ ਹੈ।'

ਪਾਣੀ ਦਰਗਾਹੀ ਪੈਗੰਬਰਾਂ ਦਾ ਧਰਤੀ ਦੇ ਜੀਵਾਂ ਲਈ ਭੇਜਿਆ ਰੱਬੀ ਪੈਗ਼ਾਮ ਹੈ। ਅਨੰਤ ਗੁਣ ਸਮੋਈ ਬੈਠਾ ਹੈ ਆਪਣੇ ਅੰਦਰ। ਅਸੀਂ ਮਨੁੱਖੀ ਮਨ ਤਾਉਮਰ ਆਪਣੇ ਅਸਤਿਤਵ ਨੂੰ ਚਮਕਾਉਣ ਦੇ ਆਹਰ ਵਿੱਚ ਰੁੱਝੇ ਰਹਿੰਦੇ ਹਾਂ, ਪਰ ਕੁਦਰਤ ਦੇ ਰੰਗਾਂ ਦੇ ਗੁਣਾਂ ਨੂੰ ਚਿਤਵਣ ਦੀ ਸਮਰੱਥਾ ਨਹੀਂ ਰੱਖਦੇ। ਪਾਣੀ ਦੀ ਨਿਮਰਤਾ, ਸਮਰਪਣ, ਪਰਉਪਕਾਰ ਅਤੇ ਸੀਤਲਤਾ ਦੇ ਜਜ਼ਬੇ ਦਾ ਕੋਈ ਸਾਨੀ ਨਹੀਂ। ਭਾਈ ਗੁਰਦਾਸ ਜੀ ਦੀ ਅਠਾਈਵੀਂ ਵਾਰ ਦੀ ਤੇਰ੍ਹਵੀਂ ਪਉੜੀ ਵਿੱਚ ਇੱਕ ਗੁਰਸਿੱਖ ਦੇ ਜੀਵਨ ਨੂੰ ਪਾਣੀ ਦੇ ਸਦਗੁਣਾਂ ਨਾਲ ਨਿਹਾਰਿਆ ਗਿਆ ਹੈ:

ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ
ਪਾਣੀ ਚਲੈ ਨੀਵਾਣੁ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ
ਬਹੁ ਰੰਗੀ ਇੱਕ ਰੰਗੁ ਹੈ ਸਭਨਾਂ ਅੰਦਰਿ ਇੱਕੋ ਜਾਣੀ
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ...

ਕੀ ਸਾਡੇ ਕੋਲ ਇਨ੍ਹਾਂ ਵਿੱਚੋਂ ਕੋਈ ਇੱਕ ਅੱਧ ਗੁਣ ਹੈ?ਸੋਚ ਕੇ ਸਾਡੀਆਂ ਨਜ਼ਰਾਂ ਨੀਵੀਆਂ ਹੋ ਜਾਂਦੀਆਂ ਹਨ।

ਸਾਡੀ ਧਰਤੀ ਦੇ ਦੁਆਲੇ ਤਿੰਨ ਚੌਥਾਈ ਪਾਣੀ ਹੈ, ਗਹਿਰੇ ਤੇ ਡੂੰਘੇ ਸਮੁੰਦਰ। ਪਚੰਨਵੇਂ ਫੀਸਦ ਪਾਣੀ ਪੀਣ ਯੋਗ ਨਹੀਂ। ਅਸੀਂ ਪੰਜ ਫੀਸਦ ਪਾਣੀ-ਜੋ ਸਾਡੀ ਸਾਹ ਰਗ ਹੈ- ਨੂੰ ਵੀ ਸੰਭਾਲਣ ਦੇ ਕਾਬਲ ਨਹੀਂ। ਯਾਦ ਰੱਖੀਏ, ਪਾਣੀ ਅਮੁੱਕ ਨਹੀਂ। ਭੰਡਾਰ ਘਟਦੇ ਜਾ ਰਹੇ ਹਨ। ਪਹਾੜ ਖੁਰਨ ਅਤੇ ਗਲੇਸ਼ੀਅਰ ਪਿਘਲਣ ਲੱਗੇ ਹਨ। ਜਲਵਾਯੂ ਸੰਕਟ ਦੈਂਤ ਦਾ ਰੂਪ ਧਾਰੀ ਸਾਹਮਣੇ ਖੜ੍ਹੈ। ਸਾਰਾ ਸਾਲ ਠਰਿਆ ਰਹਿਣ ਵਾਲਾ ਖਿੱਤਾ ਉੱਬਲ ਰਿਹੈ। ਮਾਰੂਥਲ ਹੜ੍ਹਾਂ ਦੀ ਮਾਰ ਹੇਠ ਆ ਰਹੇ ਨੇ। ਮਨੁੱਖੀ ਬੰਨ੍ਹ ਭੁਰ ਰਹੇ ਨੇ। ਪਾਣੀ ਆਪਣੇ ਰਸਤੇ ਬਦਲ ਰਹੇ ਨੇ। ਮੀਂਹ ਕਣੀ ਦੀ ਕੋਈ ਰੁੱਤ ਹੀ ਨਹੀਂ ਰਹੀ। ਕੁਦਰਤ ਨਾਲ ਖਿਲਵਾੜ ਮਹਿੰਗਾ

ਸੌਦਾ ਸਾਬਤ ਹੋ ਰਿਹੈ। ਭਵਿੱਖੀਤਸਵੀਰ ਧੁੰਦਲੀ ਹੀ ਨਹੀਂ, ਡਰਾਉਣੀ ਵੀ ਹੈ।

ਸਾਲ 1993 ਤੋਂ ਹਰ ਸਾਲ 22 ਮਾਰਚ ਨੂੰ 'ਵਿਸ਼ਵ ਜਲ ਦਿਵਸ' ਮਨਾਇਆ ਜਾਂਦਾ ਹੈ- ਪਾਣੀ ਦੀ ਸੰਭਾਲ ਬਾਰੇ ਮਨੁੱਖਤਾ ਨੂੰ ਜਾਗਰੂਕ ਕਰਨ ਦੇ ਉਪਰਾਲੇ ਹਿੱਤ। ਸੰਯੁਕਤ ਰਾਸ਼ਟਰ ਦੀ ਰਿਪੋਰਟ ਦੱਸਦੀ ਹੈ ਕਿ ਚਾਰ ਅਰਬ ਲੋਕਾਂ ਕੋਲ ਪਾਣੀ ਦੀ ਕਮੀ ਹੈ ਅਤੇ 160 ਕਰੋੜ ਲੋਕ ਸਾਫ਼ ਪਾਣੀ ਪੀਣ ਤੋਂ ਵਾਂਝੇ ਹਨ। ਦੇਸ਼ ਦੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੰਨਣਾ ਹੈ ਕਿ ਗੰਗਾ ਸਮੇਤ 62 ਫੀਸਦ ਨਦੀਆਂ ਦਾ ਪਾਣੀ ਨ੍ਹਾਉਣ ਦੇ ਵੀ ਲਾਇਕ ਨਹੀਂ। ਜੀਵਨ ਦਾਤੀਆਂ ਖੁਦ ਖ਼ਤਰੇ ਵਿੱਚ ਹਨ। ਖੂਹਾਂ ਅਤੇ ਨਲਕਿਆਂ ਨੂੰ ਅਸੀਂ ਆਪਣੀਆਂ ਅੱਖਾਂ ਸਾਹਮਣੇ ਮਰਦੇ ਤੱਕਿਐ। ਕਿੱਧਰ ਜਾ ਰਹੀ ਹੈ ਸਾਡੀ ਇੱਕੀਵੀਂ ਸਦੀ? ਤਰੱਕੀ ਦਾ 'ਮਾਨਵੀ ਚਿਹਰਾ' ਕਿਤੇ ਦਿਖਾਈ ਨਹੀਂ ਦਿੰਦਾ। ਚਿੰਤਕ ਫ਼ਿਕਰਮੰਦ ਨੇ-ਕਿਤੇ ਅਜਿਹਾ ਨਾ ਹੋਵੇ ਕਿ ਅਗਲੀ ਸੰਸਾਰ ਜੰਗ ਦਾ ਆਧਾਰ ਪਾਣੀ ਬਣੇ!

ਉੱਘੇ ਇਰਾਨੀ-ਅਮਰੀਕੀ ਵਿਦਵਾਨ ਅਤੇ ਫਿਲਾਸਫੀ ਦੇ ਪ੍ਰੋਫ਼ੈਸਰ ਸੱਯਦ ਹੁਸੈਨ ਨਾਸਰ ਦੀ ਕਿਤਾਬ 'ਰਿਲੀਜਨ ਐਂਡ ਦਿ ਆਰਡਰ ਆਫ਼ ਨੇਚਰ' ਨੇ ਮਨੁੱਖੀ ਸੁਭਾਅ ਦੇ ਖੁਰਦਰੇਪਣ ਦੀ ਗੱਲ ਕੀਤੀ ਹੈ: "ਮਨੁੱਖੀ ਸਮਾਜ ਤਕਰੀਬਨ ਸਰਵ-ਵਿਆਪੀ ਤੌਰ ਤੇ ਮੰਨੇ ਜਾਂਦੇ ਕੁਦਰਤ ਦੀ ਪਵਿੱਤਰਤਾ ਦੇ ਵਿਚਾਰ ਤੋਂ ਲਾਂਭੇ ਹੋ ਕੇ ਅਜਿਹੀ ਸਥਿਤੀ ਵਿੱਚ ਚਲਾ ਗਿਆ ਹੈ, ਜਿਹੜੀ ਇਨਸਾਨ ਨੂੰ ਕੁਦਰਤ ਤੋਂ ਵੱਖ ਕਰਦੀ ਹੈ ਅਤੇ ਇਹ ਹੁਣ ਕੁਦਰਤ ਨੂੰ ਵੀ ਜੀਵਨ-ਪਾਲਕ ਨਹੀਂ, ਸਗੋਂ ਬੇਜਾਨ ਸ਼ੈਅ ਸਮਝਦੀ ਹੈ।" ਕਿੰਨਾ ਸਟੀਕ ਤੇ ਕੌੜਾ ਵਖਿਆਨ ਹੈ ਇਸ ਸਮੀਖਿਆ ਵਿੱਚ? ਮਨੁੱਖ ਨੇ ਪਾਣੀ ਦੇ ਕੁਦਰਤੀ ਵਹਾਅ ਦੇ ਸੋਮੇ ਰੋਕ ਦਿੱਤੇ ਹਨ। ਕੰਕਰੀਟ ਜੰਗਲ ਉੱਗ ਰਿਹਾ ਹੈ। ਕਾਰਪੋਰੇਟੀ ਲਾਲਸਾ ਆਖ਼ਰੀ ਬੂੰਦ ਤੱਕ ਮੁਨਾਫ਼ੇਖੋਰੀ ਦੀ ਹੋੜ ਵਿੱਚ ਹੈ। ਟੀਹਰੀ ਡੈਮ ਨੇ ਜੋਸ਼ੀ ਮੱਠ ਨੂੰ ਧਰਾਸਾਈ ਕਰ ਕੇ ਸ਼ੀਸ਼ਾ ਦਿਖਾਇਐ। ਚਿਪਕੋ ਅੰਦੋਲਨ ਕਿਤੇ ਪਿੱਛੇ ਛੁੱਟ ਗਿਐ। ਖੇਤੀ ਲਈ ਵਰਤੀਆਂ ਜਾਂਦੀਆਂ ਕੀਟਨਾਸ਼ਕ ਅਤੇ ਨਦੀਨਨਾਸ਼ਕ ਦਵਾਈਆਂ ਨੇ ਧਰਤੀ ਹੇਠਲੇ ਪਾਣੀ ਵਿੱਚ ਜ਼ਹਿਰ ਘੋਲ ਦਿੱਤੀ ਹੈ। ਜ਼ਿੰਦਗੀ ਚੌਰਾਹੇ ਤੇ ਹੈ।

ਪੰਜਾਂ ਪਾਣੀਆਂ ਦੀ ਧਰਤੀ ਦੀ ਪੁਕਾਰ ਦਿਲ-ਚੀਰਵੀਂ ਹੈ। ਸੰਤਾਲੀ ਆਇਆ, ਪਾਣੀ ਵੰਡੇ ਗਏ। ਧਰਤੀ ਢਾਈ ਦਰਿਆਵਾਂ ਦੀ ਰਹਿ ਗਈ ਹਰੀ ਕ੍ਰਾਂਤੀ ਨੇ ਮੁਲਕ ਦਾ ਪੇਟ ਜ਼ਰੂਰ ਭਰਿਆ, ਪਰ ਪੰਜਾਬੀਆਂ ਦੇ ਚਿਹਰੇ ਤੇ ਪਿਲੱਤਣ ਦੇ ਦਾਗ਼ ਛੱਡ ਗਈ ਅਤੇ 'ਕੈਂਸਰ ਟਰੇਨਾਂ' ਨੂੰ ਜਨਮ ਦੇ ਦਿੱਤਾ। ਪੰਜਾਬ ਦੇ138 ਵਿੱਚੋਂ 109 ਬਲਾਕਾਂ ਦਾ ਪਾਣੀ ਜੜ੍ਹੀਂ ਲੱਗ ਗਿਐ। ਐਸ.ਵਾਈ.ਐਲ ਦੀ ਤਲਵਾਰ ਹਜੇ ਵੀ ਲਟਕ ਰਹੀ ਹੈ। ਬੱਬਨਪੁਰ ਦੀ ਧਰਤੀ ਵਿੱਚੋਂ ਨਿੱਕਲੇ ਲਾਲ ਰੰਗ ਦੇ ਪਾਣੀ ਨੇ ਫ਼ਿਕਰਾਂ ਨੂੰ ਹੋਰ ਸੂਹਾ ਕਰ ਦਿੱਤੈ। ਪੰਜਾਬ ਦਾ ਪਾਣੀ ਪੀਣ ਯੋਗ ਹੀ ਨਹੀਂ ਰਿਹਾ। ਘਰ ਘਰ ਲੱਗੇ ਆਰ.ਓ. ਸਾਡਾ ਮੂੰਹ ਚਿੜਾਉਂਦੇ ਨੇ। ਡੱਬਾ-ਬੰਦ ਪਾਣੀ ਸਾਡੀ ਹੋਣੀ ਬਣ ਗਿਐ। ਲੋਕ ਕਲਾਕਾਰ ਜਗਸੀਰ ਜੀਦੇ ਦੀ ਹੂਕ ਇਸ ਦਰਦ ਨੂੰ ਬਿਆਨ ਕਰਦੀ ਹੈ :

ਜਿੱਥੇ ਪੀਣ ਨੂੰ ਮਿਲੇ ਮੁੱਲ ਪਾਣੀ, ਓਸ ਨੂੰ ਪੰਜਾਬ ਆਖਦੇ

ਪੰਜਾਬ ਦੀ ਪਾਣੀਆਂ ਨਾਲ ਮੁੱਢ ਤੋਂਭਾਵਨਾਤਮਿਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸਾਂਝ ਰਹੀ ਹੈ। ਜਨਮ ਤੋਂ ਅਖੀਰ ਤੱਕ ਪਾਣੀ ਸਾਡਾ ਅਨਿੱਖੜਵਾਂ ਅੰਗ ਰਿਹੈ...ਸਾਡੀਆਂ ਖ਼ੁਸ਼ੀਆਂ ਗ਼ਮੀਆਂ ਦਾ ਰੂਹਦਾਰ। ਰਾਵੀ ਦਾ ਪਾਣੀ ਹੁਣ ਵੀ ਤੱਤੀ ਤਵੀ ਨੂੰ ਯਾਦ ਕਰ ਕੇ ਪਾਣੀ ਪਾਣੀ ਹੋ ਜਾਂਦੈ। ਇਸ ਨੇ ਕਈ ਸਲਤਨਤਾਂ ਨੂੰ ਬਣਦਿਆਂ ਢਹਿੰਦਿਆਂ ਵੇਖਿਆ... ਹਮਲੇ ਦੇਖੇ, ਕਤਲੇਆਮ ਦੇਖਿਆ, ਬੇਪਤੀਆਂ ਦੇਖੀਆਂ। ਸਰਸਾ ਨਦੀ ਦੇ ਪਾਣੀਆਂ ਵਿੱਚ ਉਮਰਾਂ ਭਰ ਦੇ ਖ਼ਜ਼ਾਨੇ ਦੱਬੇ ਪਏ ਨੇ ਅਤੇ ਪਰਿਵਾਰ ਵਿਛੋੜਿਆਂ ਦੀ ਦਰਦਨਾਕ ਦਾਸਤਾਨ ਉੱਕਰੀ ਹੋਈ ਹੈ। ਕੁਦਰਤ ਦੇ ਕਵੀਪ੍ਰੋ. ਪੂਰਨ ਸਿੰਘ ਨੂੰ ਪਾਣੀ ਆਵਾਜ਼ਾਂ ਮਾਰਦੇ ਹਨ :

ਰਾਵੀ ਸੋਹਣੀ ਪਈ ਵਗਦੀ, ਮੈਨੂੰ ਸਤਲੁਜ ਪਿਆਰਾ ਹੈ

ਮੈਨੂੰ ਬਿਆਸ ਪਈ ਖਿੱਚਦੀ, ਮੈਨੂੰ ਝਨਾਂ ਕੁਵਾਜਾਂ ਮਾਰਦੀ

ਮੈਨੂੰ ਜੇਹਲਮ ਪਿਆਰਦਾ,

ਅਟਕਾਂ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ ਤੇ ਵੱਜਦੀ।

ਵੰਡੇ ਪਾਣੀਆਂ ਦੀ ਹੂਕਅੱਜ ਵੀ ਸਾਡੇ ਦਿਲਾਂ ਨੂੰ ਧੂਹ ਪਾਉਂਦੀ ਹੈ। ਡਾ. ਸੁਰਜੀਤ ਪਾਤਰ ਦੀ ਕਲਮ ਦੋਵੇਂ ਪਾਸਿਆਂ ਦੇ ਪਾਣੀਆਂ ਦੀ ਖੈਰੀਅਤ ਮੰਗਦੀ ਹੈ:

ਕਹੇ ਸਤਲੁਜ ਦਾ ਪਾਣੀ

ਆਖੇ ਬਿਆਸ ਦੀ ਰਵਾਨੀ

ਸਾਡਾ ਜੇਹਲਮ-ਝਨਾਬ ਨੂੰ ਸਲਾਮ ਆਖਣਾ
ਅਸੀਂ ਮੰਗਦੇ ਹਾਂ ਖੈਰਾਂ, ਸੁਬਹ-ਸ਼ਾਮ ਆਖਣਾ
ਜੀ ਸਲਾਮ ਆਖਣਾ।

ਝਨਾਂ ਦੇ ਪਾਣੀ ਨੂੰ ਸੱਚੀ ਸੁੱਚੀ ਆਸ਼ਕੀ ਦਾ ਸਾਖ਼ਸਾਤ ਗਵਾਹ ਹੋਣ ਦਾ ਮਾਣ ਹੈ। ਇਸਦੇ ਪਾਣੀਆਂ ਤੇ ਇਸ਼ਕ ਕਹਾਣੀ ਤਾਰੀਆਂ ਲਾਉਂਦੀ ਹੈ। ਆਰ ਪਾਰ ਰੁਮਾਨੀਅਤ ਦਾ ਵਾਸਾ ਰਿਹੈ। ਇਸਨੂੰ ਪਾਰ ਕਰ ਕੇ ਹੀ ਤਖ਼ਤ ਹਜ਼ਾਰੇ ਦੇ ਚੌਧਰੀ ਦਾ ਮੁੰਡਾ ਧੀਦੋ ਇੱਥੋਂ ਦੇ ਪਿਆਰ ਦਾ ਪੱਟਿਆ ਵਾਪਸ ਘਰ ਨਾ ਪਰਤਿਆ, ਸਗੋਂ ਬਾਰਾਂ ਸਾਲ ਇਸਦੇ ਕੰਢੇ ਬੇਲਿਆਂ ਵਿੱਚ ਮੱਝਾਂ ਚਾਰਦਾ ਰਿਹਾ। ਝਨਾਂ ਦੀ ਖ਼ੂਬਸੂਰਤੀ ਦਾ ਡੰਗਿਆ ਸ਼ਹਿਜ਼ਾਦਾ ਇੱਜ਼ਤ ਬੇਗ ਮੁੜ ਬੁਖਾਰੇ ਜਾਣ ਜੋਗਾ ਨਾ ਰਿਹਾ ਅਤੇ ਇਸਦੇ ਕੰਢੇ ਕੁੱਲੀ ਪਾ ਲਈ। ਪਿਆਰ ਦੇ ਅੱਥਰੇ ਵੇਗ ਦੀ ਵਿੰਨ੍ਹੀ ਸੋਹਣੀ ਉਸਨੂੰ ਮਿਲਣ ਲਈ ਹਰ ਰੋਜ਼ ਘੜੇ ਉੱਪਰ ਠਾਠਾਂ ਮਾਰਦੇ ਝਨਾਂ ਨੂੰ ਪਾਰ ਕਰਦੀ ਸੀ। ਪ੍ਰੀਤ ਕਹਾਣੀਆਂ ਦਾ ਸਿਖਰ ਸਨ ਇਹ ਪਾਣੀ ਅਤੇ ਪ੍ਰੋ. ਮੋਹਨ ਸਿੰਘ ਦੀ ਸ਼ਾਇਰੀ ਨੇ ਪਾਣੀਆਂ ਤੇ ਤੈਰਦੇਰੁਮਾਂਸ ਦੇ ਰੰਗਾਂ ਨੂੰ ਹੋਰ ਆਸ਼ਕਾਨਾਬਣਾ ਦਿੱਤਾ:

ਮੈਂ ਸ਼ਾਇਰ ਮੇਰੇ ਫੁੱਲ ਸੁਹਾਵੇ, ਕਦਰ ਇਨ੍ਹਾਂ ਦੀ ਕੋਈ ਆਸ਼ਕ ਪਾਵੇ
ਗੰਗਾ ਕੀ ਜਾਣੇ, ਮੇਰੇ ਫੁੱਲ ਝਨਾਂ ਵਿੱਚ ਪਾਣੇ
ਰੂਹਾਂ ਹੀਰ ਤੇ ਸੋਹਣੀ ਦੀਆਂ
ਫਿਰਨ ਝਨਾਂ ਦੇ ਅੰਦਰ ਪਈਆਂ
ਪੈਰ ਦੋਹਾਂ ਦੇ ਵਾਹਣੇ, ਮੇਰੇ ਫੁੱਲ ਝਨਾਂ ਵਿੱਚ ਪਾਣੇ!

ਅੱਜ ਪੰਜਾਬ ਦੇ ਪਾਣੀ ਉਦਾਸ ਨੇ। ਸਾਨੂੰ ਉਲਾਂਭਾ ਦੇ ਕੇ ਜਿਵੇਂ ਕਹਿ ਰਹੇ ਹੋਣ ਕਿ ਅਸਾਂ ਤੁਹਾਨੂੰ ਜ਼ਿੰਦਗੀ ਦਿੱਤੀ ਪਰ ਤੁਸੀਂ ਸਾਨੂੰ ਮਨੋਂ ਵਿਸਾਰ ਦਿੱਤਾ...ਸਾਡਾ ਸਰੂਪ ਹੀ ਬਦਲ ਦਿੱਤਾ। ਕਵੀ ਤ੍ਰੈਲੋਚਨ ਲੋਚੀ ਨੇ ਇਸ ਦਰਦ ਨੂੰ ਕਲਮਬੰਦ ਕੀਤੈ:

ਸਤਲੁਜ ਅਤੇ ਬਿਆਸ ਮਿਲੇ ਸੀ, ਦੋਵੇਂ ਬਹੁਤ ਉਦਾਸ ਮਿਲੇ ਸੀ
ਮੇਰੇ ਵੰਨੀ ਝਾਕ ਰਹੇ ਸੀ, ਜਿੱਦਾਂ ਮੈਨੂੰ ਆਖ ਰਹੇ ਸੀ
ਕਿੱਥੇ ਸਾਡੇ ਸੁੱਚੇ ਪਾਣੀ, ਕਿਉਂ ਕਰਦੈਂ ਤੂੰ ਖਤਮ ਕਹਾਣੀ...

ਬਾਬੇ ਨਾਨਕ ਦੀ ਵੇਈਂ ਸਾਨੂੰ ਸਵਾਲ ਕਰਦੀ ਹੈ ਕਿ ਮੈਂ ਉਹੀ ਹਾਂ ਜਿਸਦੇ ਕੰਢੇ ਬੈਠ ਬਾਪੂ ਨੇ ਮੂਲ ਮੰਤਰ ਉਚਾਰਿਆ ਸੀ? ਜਿਸ ਵਿੱਚ ਚੁੱਭੀ ਲਾ ਕੇਬਾਬਾਸ੍ਰਿਸ਼ਟੀ ਨਾਲ ਅਭੇਦ ਹੋ ਗਿਆ ਸੀ? ਵੇਈਂ ਅੱਜ ਵੀ ਨਾਨਕ ਦੇ ਪੈਰੋਕਾਰਾਂ ਵੱਲ ਨਿਰਾਸੀਆਂ ਨਜ਼ਰਾਂ ਨਾਲ ਤੱਕਦੀ ਹੈ। ਆਪਣੇ ਬੀਤੇ ਕੱਲ੍ਹ ਨੂੰ ਉਦਾਸ ਮਨ ਨਾਲ ਚਿਤਵਦੀ ਹੈ। ਸ਼ਾਇਦ ਸੰਤ ਸੀਚੇਵਾਲ ਵਰਗੇ ਹੋਰ ਉਪਾਸ਼ਕ ਇਸਨੂੰ ਫਿਰ ਤੋਂ ਪਵਿੱਤਰ ਵੇਈਂ ਦਾ ਦਰਜਾ ਦੇ ਸਕਣ।

ਲੁਧਿਆਣੇ ਦਾ ਬੁੱਢਾ ਦਰਿਆ ਆਪਣੀ ਹੋਣੀ ਤੇ ਝੂਰਦਾ ਹੈ। ਕਿਸੇ ਵੇਲੇ 'ਬੁੱਢੀ ਸਤਲੁਜ' ਦੇ ਨਾਂ ਨਾਲ ਜਾਣੇ ਜਾਂਦੇ ਇਸ ਵਹਾਅ ਨੂੰ ਹੁਣ 'ਬੁੱਢਾ ਨਾਲਾ' ਜਾਂ 'ਗੰਦਾ ਨਾਲਾ' ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ। ਪਿਛਲੀ ਸਦੀ ਦੇ ਅੱਠਵੇਂ ਦਹਾਕੇ ਤੱਕ ਇਸਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ। ਅੱਜ ਕੋਲੋਂ ਲੰਘਣ ਵੇਲੇ ਨੱਕ ਮੂੰਹ ਢਕਣਾ ਪੈਂਦਾ। ਏਨੀ ਬੇਕਦਰੀ? ਸ਼ਹਿਰ ਦੇ ਘਰਾਂ ਦੀ ਗੰਦਗੀ, ਡੇਅਰੀਆਂ ਦੇ ਮਲ-ਮੂਤਰ, ਰੰਗਾਈ ਕਾਰਖਾਨਿਆਂ ਦੇ ਜ਼ਹਿਰੀਲੇ ਰਸਾਇਣਾਂ ਅਤੇ ਅੰਧਵਿਸ਼ਵਾਸ ਦੇ ਕਚਰੇ ਨੇ ਇਸਨੂੰ ਬਦਤਰ ਬਣਾ ਦਿੱਤੈ। ਹਰ ਸਾਲ ਸਾਫ਼ ਸਫ਼ਾਈ ਦੇ ਨਾਮ ਉੱਤੇ ਕਰੋੜਾਂ ਰੁਪਏ ਖਰਚ ਕਰਨ ਦਾ ਟੀਚਾ ਰੱਖਿਆ ਜਾਂਦਾ, ਪਰ ਝੂਰਨ ਤੋਂ ਬਿਨਾਂ ਕੁੱਝ ਪੱਲੇ ਨਹੀਂ ਪੈਂਦਾ। ਕਈ ਵਾਰ ਕੁਦਰਤ ਵੀ ਆਪਣੀ ਬੇਕਦਰੀ ਕਾਰਨ ਗੁੱਸੇ ਵਿੱਚ ਆ ਜਾਂਦੀ ਹੈ। ਫਿਰ ਕੋਈ ਘੱਗਰ ਆਪਣਾ ਹੱਕ ਖੋਹਣ ਲਈ ਕੰਢੇ ਤੋੜ ਸੁੱਟਦੀ ਹੈ, ਮਨੁੱਖ ਨੂੰ ਸਬਕ ਸਿਖਾਉਣ ਦੇ ਰਾਹ ਪੈ ਜਾਂਦੀ ਹੈ।

ਪਾਣੀਆਂ ਨੂੰ ਪੰਜਾਬੀਆਂ ਉੱਤੇ ਕਥਨੀ ਅਤੇ ਕਰਨੀ ਵਿੱਚ ਫ਼ਰਕ ਹੋਣ ਦਾ ਗ਼ਮ ਹੈ। ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਨੇ ਪਾਣੀਆਂ ਦੀ ਬਲੀ ਲੈ ਲਈ ਹੈ। ਥਾਂ ਥਾਂ ਲੱਗੇ ਡੂੰਘੇ ਪੰਪਾਂ, ਟੂਟੀਆਂ ਵਿੱਚੋਂ ਲਗਾਤਾਰ ਵਗਦਾ ਬੇਤਹਾਸਾ ਪਾਣੀ, ਗੱਡੀਆਂ ਧੋਣ ਲਈ ਵਗਦੇ ਫੁਹਾਰੇ ਸਾਡੀ ਬਰਬਾਦੀ ਦਾ ਹੋਕਾ ਦੇ ਰਹੇ ਹਨ। ਝੋਨਾ ਬੀਜਣਾ, ਨਾੜ ਨੂੰ ਅੱਗ ਲਗਾਉਣੀ ਕਿਸਾਨ ਦੀ 'ਮਜ਼ਬੂਰੀ' ਹੈ। ਸੰਜੀਦਾ ਆਵਾਜ਼ਾਂ ਦੀਆਂ ਦਲੀਲਾਂ ਦਾ ਕਈ ਵਾਰ ਕੋਈ ਜਵਾਬ ਨਹੀਂ ਹੁੰਦਾ। ਉੱਘੇ ਖੇਤੀ ਵਿਗਿਆਨੀ ਡਾ. ਸਰਦਾਰਾ ਸਿੰਘ ਜੌਹਲ ਨੂੰ ਕਿਸੇ ਸਵਾਲ ਕੀਤਾ, "ਜੇ ਝੋਨਾ ਬੀਜਣ ਲਈ ਪਾਣੀ ਦੀ ਦੁਰਵਰਤੋਂ ਹੁੰਦੀ ਹੈ, ਤਾਂ ਹੋਰ ਕਿਹੜੀ ਫ਼ਸਲ ਬੀਜੀਏ?" ਜਵਾਬ ਨਿਰੁੱਤਰ ਕਰਨ ਵਾਲਾ ਸੀ, "ਓਹੀ, ਜਿਹੜੀ ਪਾਣੀ ਖਤਮ ਹੋਣ ਬਾਅਦ ਬੀਜੋਗੇ।" ਕਿਸਾਨਾਂ ਤੇ ਕਾਰਖਾਨਿਆਂ ਵਿੱਚ ਦੌੜ ਲੱਗੀ ਹੋਈ ਹੈ, ਪਾਣੀ ਮੁਕਾਉਣ ਅਤੇ ਗੰਧਲਾ ਕਰਨ ਦੀ! ਹਮਾਮ ਵਿੱਚ ਸਾਰੇ ਨੰਗੇ ਨੇ। ਨਸੀਹਤਾਂ ਤਾਂ

ਬਿਗਾਨਿਆਂ ਲਈ ਹੁੰਦੀਆਂ ਨੇ। ਲੱਗਦੈ, ਜਿਵੇਂ ਪਾਣੀ ਸਰਾਪੇ ਗਏ ਹੋਣ!

ਪੰਜਾਬ ਦੀ ਦਰਦਨਾਕ ਹੂਕ ਦੀ ਇੱਕ ਝਲਕ, ਜਿਹੜੀ ਸਾਡੀ ਰੂਹ ਨੂੰ ਕੰਬਣੀ ਛੇੜ ਦਿੰਦੀ ਹੈ। ਵਿਦਵਾਨਾਂ ਦੇ ਇੱਕ ਸੈਮੀਨਾਰ ਵਿੱਚ ਇੱਕ ਚਿੰਤਕ ਦੇਲਹੂ ਦੇ ਅੱਥਰੂ:

ਏਅਰ ਕੈਨੇਡਾ ਦੀ ਫਲਾਈਟ ਵਿੱਚ-ਜੋ ਵੈਨਕੂਵਰ ਤੋਂ ਦਿੱਲੀ ਜਾ ਰਹੀ ਸੀ- ਅਗਲੀ ਸੀਟ ਤੇ ਬੈਠੇ ਦੋ ਯਾਤਰੀ ਗੱਲਾਂ ਕਰ ਰਹੇ ਸੀ:

"ਸ਼ੇਰਾ, ਕਿੰਨੇ ਚਿਰ ਬਾਅਦ ਵਾਪਸ ਚੱਲਿਐਂ?""

"ਬਾਬਾ ਜੀ, ਪੂਰੇ ਪੱਚੀ ਸਾਲ ਬਾਅਦ"..."

"ਇੰਨੇ ਚਿਰ ਪਿੱਛੋਂ ਕਿਉਂ?""

"ਬਾਪੂ ਮੁੱਕ ਗਿਆ"..."

"ਕਿਉਂ ਕੀ ਹੋਇਆ?""

"ਡਾਕਟਰ ਕਹਿੰਦਾ...ਉਸਦਾ ਪਾਣੀ ਮੁੱਕ ਗਿਆ।""

"ਕਦੇ ਜਿਉਂਦੇ ਨੂੰ ਕਿਉਂ ਨਹੀਂ ਮਿਲਣ ਗਿਆ?""

"ਬਾਪੂ ਨਹੀਂ ਚਾਹੁੰਦਾ ਸੀ...ਪਿੰਡ ਵਿੱਚ ਦੁਸ਼ਮਣੀ ਕਰ ਕੇ"..."

"ਦੁਸ਼ਮਣੀ ਕਾਹਦੀ ਸੀ?""

"ਬਾਬਾ, ਉਹ ਵੀ ਪਾਣੀ ਦੀ ਸੀ...ਬਾਪੂ ਕੱਸੀ ਦਾ ਪਾਣੀ ਲਾਉਣ ਜਾਂਦਾ ਤਾਂ ਸ਼ਰੀਕੇ ਵਾਲੇ ਆਖ਼ਰੀ ਕਿਆਰਾ ਭਰਨ ਤੋਂ ਪਹਿਲਾਂ ਪਾਣੀ ਵੱਢ ਲੈਂਦੇ...ਬਾਪੂ ਘਰੇ ਆ ਕੇ ਕਹਿੰਦਾ... 'ਜੇਕਰ ਇਨ੍ਹਾਂ ਨੇ ਪਾਣੀ ਫੇਰ ਵੱਢਿਆ, ਤਾਂ ਮੈਂ ਇਨ੍ਹਾਂ ਨੂੰ ਵੱਢ ਦੂੰ...' ਮਾਂ ਕਹਿੰਦੀ... 'ਤੂੰ ਇਕੱਲਾਂ...ਜੇਕਰ ਗੁੱਸਾ ਆਵੇ ਤਾਂ ਆਪਣੀ ਜੀਭ ਕੁ ਤੇ ਦੰਦੀ ਵੱਢ ਲਿਆ ਕਰ...ਇਹ ਜ਼ਿਆਦਾ ਨੇ...' ਬਾਪੂ ਦੀ ਜੀਭ ਦੰਦੀਆਂ ਵੱਢ ਵੱਢ ਕਾਲੀ ਹੋ ਰਹੀ ਸੀ...ਪਰ ਸ਼ਰੀਕੇ ਵਾਲੇ ਪਾਣੀ ਵੱਢਣੋਂ ਨਾ ਹਟੇ... ਤਾਂ ਇੱਕ ਦਿਨ ਬਾਪੂ ਨੇ ਬਚਨਾ ਵੱਢਤਾ...ਮਾਂ ਮੈਨੂੰ ਚੁੱਕ ਕੇ ਪੇਕੇ ਚਲੀ ਗਈ...ਮੇਰਾ ਪਿੰਡ ਦਾ ਪਾਣੀ ਮੁੱਕ ਗਿਆ...ਫੇਰ ਵੱਡਾ ਹੋਇਆ...ਨਾਨਕਿਆਂ ਮੈਨੂੰ ਕੈਨੇਡਾ ਭੇਜ ਕੇ ਮੇਰਾ ਵਤਨ ਦਾ ਪਾਣੀ ਮੁਕਾ ਦਿੱਤਾ...ਹੁਣ ਵਾਪਸ ਚੱਲਿਐਂ...ਕਹਿੰਦੇ ਪਿਓ ਦੇ ਫੁੱਲ ਪਾਣੀ ਵਿੱਚ ਤਾਰਨੇ ਆਂ...ਤੇਰੀ ਜ਼ਰੂਰਤ ਐ।..."

ਬਾਬਾ ਲੰਮਾ ਸਾਹ ਲੈ ਕੇ ਬੋਲਿਆ... "ਜੇਕਰ ਪੰਜਾਂ ਆਬਾਂ ਵਿੱਚ ਕਿਤੇ ਪਾਣੀ ਮਿਲ ਗਿਆ ਤਾਂ ਠੀਕ ਐ ਨਹੀਂ ਤਾਂ ਬਾਪੂ ਦੇ ਫੁੱਲ ਹਰਿਦੁਆਰ ਤਾਰ ਆਈਂ...ਪਾਣੀ ਪੰਜਾਬ ਦਾ ਵੀ ਮੁੱਕ ਚੱਲਿਐ।"..."

ਪੰਜਾਬੀਓ! ਕਿਤੇ ਕੁਵੇਲਾ ਨਾ ਹੋ ਜਾਵੇ!!!

## ਗ਼ਜ਼ਲ

ਸੁਲੱਖਣ ਮੈਹਮੀ

ਤਾਂ ਕੀ ਹੋਇਆ ਦੂਜੇ ਦੀ ਜੇ ਲੋੜ ਨਹੀਂ ਹੁੰਦੀ।
ਤੰਦ ਸਾਂਝ ਦੀ ਫੇਰ ਵੀ ਸੱਜਣਾ ਤੋੜ ਨਹੀਂ ਹੁੰਦੀ।

ਗਰਜਾਂ ਬਿਨਾਂ ਕੋਈ ਫ਼ਰਜ਼ਾਂ ਦੀ ਨਾ ਗੱਲ ਕਰੇ,
ਨੇਕੀ ਦੀ ਕੀਮਤ ਤਾਂ ਕਦੇ ਵੀ ਮੋੜ ਨਹੀਂ ਹੁੰਦੀ।

ਦੁੱਖ, ਸੁੱਖ ਸਾਰੇ ਕਰਮਾਂ ਦੇ ਇਹ ਭੋਗਣੇ ਪੈਂਦੇ ਨੇ,
ਲੇਖ਼ਾਂ 'ਚ ਹੋਰ ਲਕੀਰ ਵੀ ਆਪੇ ਜੋੜ ਨਹੀਂ ਹੁੰਦੀ।

ਦਿਲ ਨੂੰ ਮਿਲੇ ਸਕੂਨ ਤਾਂ ਸ਼ੁਕਰ ਮਨਾ ਓਸਦਾ,
ਅਮੁੱਲ ਏ ਕੀਮਤ ਇਸਦੀ ਲੱਖ, ਕਰੋੜ ਨਹੀਂ ਹੁੰਦੀ।

ਸੱਚੀ ਗੱਲ ਮੂੰਹ ਤੇ ਕਹਿਣ ਦੀ ਆਦਤ ਜਾਂਦੀ ਨਾ,
ਝੂਠ ਦੀ ਮੈਥੋਂ ਲੋਈ ਵੀ ਸੱਜਣਾ ਓੜ ਨਹੀਂ ਹੁੰਦੀ।

ਹੋਏ ਖ਼ੂਨ ਦੇ ਰਿਸ਼ਤੇ ਇੱਕ ਦੂਜੇ ਤੋਂ ਬੇਮੁੱਖ ਨੇ,
ਸਦਾ ਦੂਰੀ ਦੀ ਵਜਹ ਸੁਭਾਅ ਦੀ ਕੌੜ ਨਹੀਂ ਹੁੰਦੀ।

ਜੇ ਚਾਹੋ ਤਾਂ ਅਸੰਭਵ ਵੀ ਸੰਭਵ ਹੋ ਜਾਂਦਾ,
ਹਰ ਜ਼ਖ਼ਮ ਪੁਰਾਣਾ ਕਦੇ ਬਿਮਾਰੀ ਕੋੜ੍ਹ ਨਹੀਂ ਹੁੰਦੀ।

ਨੇਕੀ ਕਰਕੇ ਪਾ ਸਮੁੰਦਰ ਸੌਖਾ ਰਹਿਣਾ ਜੇ,
'ਸੁਲੱਖਣਾ' ਕਦੇ ਵੀ ਆਤਮਾਂ ਤਾਂ ਝੰਜੋੜ ਨਹੀਂ ਹੁੰਦੀ।

***

# ਜੇ ਤੁਸੀਂ ਆਪਣੇ ਆਪ ਦੇ ਸ਼ੁਭਚਿੰਤਕ ਹੋ, ਤਾਂ ਇਹ ਪੜ੍ਹੋ !

ਲਿਖਤ : ਜ਼ਫ਼ਰ ਇਕਬਾਲ ਜ਼ਫ਼ਰ



ਜੇਕਰ ਸਾਡੀਆਂ ਇੱਛਾਵਾਂ ਅਤੇ ਇੱਛਾਵਾਂ ਪੂਰੀਆਂ ਨਹੀਂ ਹੋ ਸਕਦੀਆਂ, ਤਾਂ ਸਾਨੂੰ ਆਪਣੀ ਜ਼ਿੰਦਗੀ ਨੂੰ ਕੌੜਾ ਨਹੀਂ ਬਣਾਉਣਾ ਚਾਹੀਦਾ ਅਤੇ ਚਿੰਤਾ ਅਤੇ ਉਦਾਸੀ ਨਾਲ ਆਪਣੇ ਰੂਪ ਨੂੰ ਵਿਗਾੜਨਾ ਨਹੀਂ ਚਾਹੀਦਾ। ਸਾਨੂੰ ਆਪਣੇ ਆਪ ਨਾਲ ਦਿਆਲੂ ਹੋਣਾ ਚਾਹੀਦਾ ਹੈ। ਸਾਨੂੰ ਇਸ ਬਾਰੇ ਇੱਕ ਦਾਰਸ਼ਨਿਕ ਦ੍ਰਿਸ਼ਟੀਕੋਣ ਅਪਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਤੁਹਾਡੇ ਕੋਲ ਜੋ ਹੈ ਉਹ ਤੁਹਾਡੀਆਂ ਨਜ਼ਰਾਂ ਵਿੱਚ ਕਾਫ਼ੀ ਨਹੀਂ ਹੈ, ਤਾਂ ਤੁਸੀਂ ਪੂਰੀ ਦੁਨੀਆ ਦੇ ਮਾਲਕ ਕਿਉਂ ਹੋ? ਤੁਹਾਨੂੰ ਹਮੇਸ਼ਾ ਤਰਸ ਅਤੇ ਚਿੰਤਾ ਕਰਨੀ ਚਾਹੀਦੀ ਹੈ। ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਭਾਵੇਂ ਅਸੀਂ ਪੂਰੇ ਦੇਸ਼ ਦੇ ਦੁਆਲੇ ਇੱਕ ਵਾੜ ਬਣਾਈਏ ਅਤੇ ਇਸਦੇ ਮਾਲਕ ਬਣ ਜਾਈਏ, ਅਸੀਂ ਅਜੇ ਵੀ ਦਿਨ ਵਿੱਚ ਸਿਰਫ਼ ਤਿੰਨ ਵਾਰ ਖਾਣਾ ਖਾ ਸਕਦੇ ਹਾਂ ਅਤੇ ਇੱਕੋ ਕੁਰਸੀ 'ਤੇ ਬੈਠ ਸਕਦੇ ਹਾਂ ਅਤੇ ਇੱਕੋ ਸਮੇਂ ਇੱਕੋ ਬਿਸਤਰੇ 'ਤੇ ਸੌਂ ਸਕਦੇ ਹਾਂ।

ਆਪਣੇ ਬੱਚਿਆਂ ਨੂੰ ਪੈਸੇ ਨਾਲ ਜ਼ਿੰਮੇਵਾਰ ਬਣਨਾ ਸਿਖਾਓ। ਆਪਣੇ ਜੀਵਨ ਬੀਮੇ ਦੇ ਪੈਸੇ ਆਪਣੀ ਵਿਧਵਾ ਨੂੰ ਨਾ ਦਿਓ। ਜ਼ਿੰਦਗੀ ਲਈ ਆਪਣੇ ਆਪ ਨੂੰ ਖੁਸ਼ ਰੱਖਣਾ ਹੀ ਅਸਲ ਸਫਲਤਾ ਹੈ। ਦੋ ਸਾਲ ਬਾਅਦ, ਜਦੋਂ ਮੈਂ ਆਪਣੀ ਫਾਈਲ ਪੜ੍ਹ ਰਿਹਾ ਸੀ, ਤਾਂ ਮੈਨੂੰ ਕੁਝ ਸਮੱਸਿਆਵਾਂ ਦੀ ਇੱਕ ਸੂਚੀ ਮਿਲੀ ਜੋ ਉਸ ਸਮੇਂ ਮੇਰੀ ਸਿਹਤ ਨੂੰ ਦੀਵਾਲੀਆ ਕਰਨ ਦਾ ਖ਼ਤਰਾ ਸਨ। ਮੈਂ ਉਨ੍ਹਾਂ ਨੂੰ ਬਹੁਤ ਦਿਲਚਸਪੀ ਅਤੇ ਦਿਲਚਸਪੀ ਨਾਲ ਪੜ੍ਹਿਆ। ਹੁਣ ਮੈਨੂੰ ਪਤਾ ਹੈ ਕਿ ਉਨ੍ਹਾਂ ਵਿੱਚੋਂ ਕੋਈ ਵੀ ਨਹੀਂ ਹੋਇਆ ਸੀ।

ਜਦੋਂ ਵੀ ਮੈਂ ਚਿੰਤਤ, ਨਿਰਾਸ਼ ਜਾਂ ਉਦਾਸ ਹੁੰਦਾ ਹਾਂ, ਮੈਂ ਆਪਣੀ ਸਾਰੀ ਨਿਰਾਸ਼ਾ ਅਤੇ ਉਦਾਸੀ ਤੋਂ ਜਲਦੀ ਛੁਟਕਾਰਾ ਪਾ ਸਕਦਾ ਹਾਂ। ਮੈਂ ਆਪਣੀ ਲਾਇਬ੍ਰੇਰੀ ਜਾਂਦਾ ਹਾਂ, ਆਪਣੀਆਂ ਅੱਖਾਂ ਬੰਦ ਕਰਦਾ ਹਾਂ, ਕਿਤਾਬਾਂ ਦੀ ਸ਼ੈਲਫ ਲਈ ਪਹੁੰਚਦਾ ਹਾਂ, ਜੋ ਵੀ ਕਿਤਾਬ ਮੇਰੇ ਹੱਥ ਵਿੱਚ ਆਉਂਦੀ ਹੈ ਉਸਨੂੰ ਕਾਗਜ਼ ਦੇ ਟੁਕੜੇ ਵਾਂਗ ਕੱਢਦਾ ਹਾਂ, ਅਤੇ ਆਪਣੀਆਂ ਅੱਖਾਂ ਬੰਦ ਕਰਕੇ, ਮੈਂ ਕਿਤਾਬ ਖੋਲ੍ਹਦਾ ਹਾਂ, ਆਪਣੀਆਂ ਅੱਖਾਂ ਖੋਲ੍ਹਦਾ ਹਾਂ, ਅਤੇ ਪੜ੍ਹਨਾ ਸ਼ੁਰੂ ਕਰਦਾ ਹਾਂ। ਜਿਵੇਂ-ਜਿਵੇਂ ਮੈਂ ਇੱਕ ਘੰਟਾ ਪੜ੍ਹਦਾ ਹਾਂ, ਮੈਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਦੁਨੀਆਂ ਹਮੇਸ਼ਾ ਦੁੱਖਾਂ ਅਤੇ ਮੁਸੀਬਤਾਂ ਵਿੱਚ ਫਸੀ ਰਹੀ ਹੈ। ਸਭਿਅਤਾ ਅਤੇ ਸੱਭਿਆਚਾਰ ਤਬਾਹੀ ਦੇ ਕੰਢੇ 'ਤੇ ਡੁਬਦੇ ਰਹੇ ਹਨ। ਇਤਿਹਾਸ ਦੇ ਗੁਣ ਯੁੱਧ, ਅਕਾਲ, ਗਰੀਬੀ, ਮਹਾਂਮਾਰੀਆਂ ਅਤੇ ਮਨੁੱਖ ਪ੍ਰਤੀ ਮਨੁੱਖ ਦੀ ਅਣਮਨੁੱਖੀਤਾ ਦੀਆਂ ਕਹਾਣੀਆਂ ਨਾਲ ਗੂੰਜਣ ਲੱਗ ਪੈਂਦੇ ਹਨ। ਇੱਕ ਘੰਟਾ ਇਤਿਹਾਸ ਪੜ੍ਹਨ ਤੋਂ ਬਾਅਦ, ਮੈਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਅੱਜ ਵੀ, ਭਾਵੇਂ ਹਾਲਾਤ ਮਾੜੇ ਹਨ, ਉਹ ਪਹਿਲਾਂ ਨਾਲੋਂ ਕਿਤੇ ਬਿਹਤਰ ਹਨ। ਇਹ ਮੈਨੂੰ ਆਪਣੀਆਂ ਮੁਸ਼ਕਲਾਂ ਅਤੇ ਦੁੱਖਾਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿੱਚ ਦੇਖਣ ਅਤੇ ਇਹ ਸਮਝਣ ਵਿੱਚ ਬਹੁਤ ਮਦਦ ਕਰਦਾ ਹੈ ਕਿ ਪੂਰੀ ਦੁਨੀਆ ਲਗਾਤਾਰ ਸੁਧਾਰ ਰਹੀ ਹੈ। ਇਤਿਹਾਸ ਪੜ੍ਹੋ! ਦਸ ਹਜ਼ਾਰ ਸਾਲਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਤੁਸੀਂ ਆਪਣੀਆਂ ਸਮੱਸਿਆਵਾਂ ਨੂੰ ਸਦੀਵੀਤਾ ਦੀ ਮਿਆਦ ਵਿੱਚ ਬਹੁਤ ਛੋਟੀਆਂ ਅਤੇ ਮਾਮੂਲੀ ਦੇਖੋਗੇ।

ਇੱਕ ਵਿਅਕਤੀ ਸ਼ਾਨਦਾਰ ਲਿਖਤਾਂ 'ਤੇ ਆਧਾਰਿਤ ਕਿਤਾਬ ਪੜ੍ਹਨ ਵਿੱਚ ਇੰਨਾ ਗੁਆਚ ਜਾਂਦਾ ਹੈ ਕਿ ਘਬਰਾਹਟ ਦੇ ਟਕਰਾਅ ਦੇ ਹਮਲੇ ਰੁਕ ਜਾਂਦੇ ਹਨ। ਇੱਕ ਬਹੁਤ ਜ਼ਿਆਦਾ ਨਿਰਾਸ਼ ਅਤੇ ਨਿਰਾਸ਼ਾਵਾਦੀ ਵਿਅਕਤੀ ਨੂੰ ਖੇਡਾਂ ਖੇਡ ਕੇ ਆਪਣੇ ਆਪ ਨੂੰ ਚੁਸਤ ਅਤੇ ਚਲਾਕ ਬਣਨ ਲਈ ਮਜਬੂਰ ਕਰਨਾ ਚਾਹੀਦਾ ਹੈ, ਪਰ ਉਸਨੂੰ ਜਲਦਬਾਜ਼ੀ, ਤੇਜ਼ੀ, ਭੱਜਣ ਅਤੇ ਘਬਰਾਹਟ ਦੇ ਟਕਰਾਅ ਦੇ ਪ੍ਰਭਾਵ ਹੇਠ ਕੰਮ ਕਰਨ ਤੋਂ ਬਚਣਾ ਚਾਹੀਦਾ ਹੈ।

ਇੱਕ ਜ਼ਿੰਮੇਵਾਰ ਵਿਅਕਤੀ ਜੋ ਹਰ ਪਰਿਵਾਰ ਦਾ ਸਮਰਥਨ ਕਰਦਾ ਹੈ, ਜੋ ਜ਼ਰੂਰਤਾਂ ਲਈ ਸਰੋਤਾਂ ਦੀ ਘਾਟ ਕਾਰਨ ਸਮੇਂ ਤੋਂ ਪਹਿਲਾਂ ਚਿੰਤਤ ਹੋ ਜਾਂਦਾ ਹੈ, ਪਰ ਜਦੋਂ ਜ਼ਰੂਰਤਾਂ ਨੂੰ ਸਹੀ ਸਮੇਂ 'ਤੇ ਹੱਲ ਅਤੇ ਪੂਰਾ ਕੀਤਾ ਜਾਂਦਾ ਹੈ, ਤਾਂ ਮੈਂ ਆਪਣੀ ਬੇਲੋੜੀ ਚਿੰਤਾ ਤੋਂ ਸ਼ਰਮਿੰਦਾ ਹੋਵਾਂਗਾ ਕਿ ਜ਼ਰੂਰਤਾਂ ਬਿਨਾਂ ਚਿੰਤਾ ਕੀਤੇ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਪਹਿਲਾਂ ਤੋਂ ਪ੍ਰਬੰਧ ਕਰਨ ਦੇ ਵਿਚਾਰ ਨੇ ਮੈਨੂੰ ਚਿੰਤਤ ਕੀਤਾ। ਹੁਣ, ਜਦੋਂ ਵੀ ਚਿੰਤਾ ਦੇ ਪ੍ਰਭਾਵ ਮੇਰੇ ਮਨ ਨੂੰ ਪ੍ਰਭਾਵਿਤ ਕਰਨ ਲੱਗਦੇ ਹਨ, ਮੈਨੂੰ ਸੰਬੰਧਿਤ ਸਮੱਸਿਆ ਦੇ ਹੱਲ ਹੋਣ ਤੋਂ ਬਾਅਦ ਬੇਲੋੜੀ ਪਰੇਸ਼ਾਨੀ ਲੈਣ ਦਾ ਪਛਤਾਵਾ ਯਾਦ ਆਉਂਦਾ ਹੈ ਅਤੇ ਉਨ੍ਹਾਂ ਵਿਚਾਰਾਂ ਨੂੰ ਆਪਣੇ ਮਨ ਤੋਂ ਹਿਲਾ ਦਿੰਦਾ ਹੈ ਜੋ ਮੈਨੂੰ ਦਰਦ ਦੇ ਰਹੇ ਹਨ।

ਜੋ ਲੋਕ ਸ਼ਾਂਤੀ ਅਤੇ ਸ਼ਾਂਤੀ ਦੀ ਜ਼ਿੰਦਗੀ ਜੀਉਂਦੇ ਹਨ ਉਨ੍ਹਾਂ ਨੂੰ ਕਦੇ ਵੀ ਦੁੱਖ ਅਤੇ ਚਿੰਤਾ ਦੀ ਯੂਨੀਵਰਸਿਟੀ ਵਿੱਚ ਸਿਖਾਇਆ ਜਾਂਦਾ ਫਲਸਫਾ ਨਹੀਂ ਮਿਲਦਾ। ਮਜਬੂਰੀਆਂ ਸਾਨੂੰ ਹਰ ਰੋਜ਼ ਜੀਣਾ ਅਤੇ ਬਚਣਾ ਸਿਖਾਉਂਦੀਆਂ ਹਨ, ਫਿਰ ਵੀ ਮੈਂ ਕੱਲ੍ਹ ਦੇ ਡਰੋਂ ਆਪਣੇ ਅੱਜ ਨੂੰ ਮੁਸੀਬਤਾਂ ਉਧਾਰ ਨਹੀਂ ਲੈਣ ਦਿੰਦਾ। ਭਵਿੱਖ ਦਾ ਇਹ ਅਸਪਸ਼ਟ ਡਰ ਇੱਕ ਵਿਅਕਤੀ ਨੂੰ ਡਰਪੋਕ ਬਣਾ ਦਿੰਦਾ ਹੈ, ਜਦੋਂ ਕਿ ਮੈਂ ਮੁਸੀਬਤਾਂ ਨਾਲ ਲੜਨ ਦੀ ਤਾਕਤ ਅਤੇ ਊਰਜਾ ਰੱਖਦਾ ਹਾਂ, ਇਸ ਲਈ ਛੋਟੀਆਂ ਕਮਜ਼ੋਰ ਤਾਕਤਾਂ, ਪਰੇਸ਼ਾਨੀਆਂ ਅਤੇ ਚਿੰਤਾਵਾਂ ਮੈਨੂੰ ਪ੍ਰਭਾਵਿਤ ਨਹੀਂ ਕਰਦੀਆਂ।

ਮੈਂ ਆਪਣੇ ਅੰਦਰ ਖੁਸ਼ੀ ਅਤੇ ਖੁਸ਼ੀ ਦੀ ਇਮਾਰਤ ਢਹਿ ਜਾਣ ਤੋਂ ਬਾਅਦ ਇਕੱਲਤਾ ਦੇ ਖੰਡਰ ਦੇਖੇ ਹਨ। ਹੁਣ ਮੈਂ ਲੋਕਾਂ ਤੋਂ ਬਹੁਤੀ ਉਮੀਦ ਨਹੀਂ ਕਰਦਾ। ਇਸ ਲਈ, ਮੈਂ ਇੱਕ ਅਜਿਹੇ ਦੋਸਤ ਦੀ ਸੰਗਤ ਵਿੱਚ ਵੀ ਸੁਰੱਖਿਅਤ ਹਾਂ ਜੋ ਮੇਰੇ ਪ੍ਰਤੀ ਵਫ਼ਾਦਾਰ ਨਹੀਂ ਹੈ ਜਾਂ ਇੱਕ ਜਾਣਕਾਰ ਜੋ ਸ਼ੇਖੀ ਮਾਰ ਰਿਹਾ ਹੈ। ਮੈਂ ਸ਼ਾਨ ਦੀ ਭਾਵਨਾ ਪ੍ਰਾਪਤ ਕੀਤੀ ਹੈ। ਜਦੋਂ ਕੋਈ ਮੇਰੇ ਦੁੱਖਾਂ 'ਤੇ ਰੋਣ ਦੀ ਬਜਾਏ ਉਨ੍ਹਾਂ ਦਾ ਮਜ਼ਾਕ ਉਡਾਉਂਦਾ ਹੈ, ਤਾਂ ਕੁਝ ਵੀ ਨੁਕਸਾਨ ਨਹੀਂ ਪਹੁੰਚਾ ਸਕਦਾ। ਮੈਨੂੰ ਆਪਣੀਆਂ ਮੁਸ਼ਕਲਾਂ ਦਾ ਪਛਤਾਵਾ ਨਹੀਂ ਹੈ ਕਿਉਂਕਿ ਉਨ੍ਹਾਂ ਰਾਹੀਂ ਮੈਨੂੰ ਜ਼ਿੰਦਗੀ ਦੇ ਕੀਮਤੀ ਪਲ ਮਿਲੇ ਹਨ ਅਤੇ ਇਹ ਛੋਟੀਆਂ ਮੁਸ਼ਕਲਾਂ ਸਹੀ ਕੀਮਤ ਸਨ।

ਜੇਕਰ ਚਿੰਤਾ ਵਿੱਚ ਮਾਨਸਿਕ ਸ਼ਾਂਤੀ ਡਗਮਗਾ ਰਹੀ ਹੈ, ਤਾਂ ਉਦਾਸੀ ਨੂੰ ਦੂਰ ਕਰਨ ਲਈ ਬਾਹਰੀ ਸਰੀਰਕ ਮਿਹਨਤ ਦੀ ਮਦਦ ਲਓ। ਖੁੱਲ੍ਹੀ ਹਵਾ ਵਿੱਚ ਦੌੜੋ, ਘਾਹ 'ਤੇ ਨੰਗੇ ਪੈਰ ਤੁਰੋ, ਡੂੰਘੇ ਸਾਹ ਲਓ, ਕੋਈ ਖੇਡ ਖੇਡੋ। ਸਰੀਰਕ ਕਸਰਤ ਉਨ੍ਹਾਂ ਜ਼ਹਿਰੀਲੇ ਵਿਚਾਰਾਂ ਨੂੰ ਸਾਫ਼ ਕਰਦੀ ਹੈ ਜੋ ਮਾਨਸਿਕ ਦ੍ਰਿਸ਼ਟੀਕੋਣ ਨੂੰ ਘੇਰਦੇ ਹਨ। ਸਰੀਰਕ ਥਕਾਵਟ ਮਨ ਨੂੰ ਕਾਨੂੰਨੀ ਸਮੱਸਿਆਵਾਂ ਤੋਂ ਆਰਾਮ ਦਿੰਦੀ ਹੈ।

ਇਸ ਲਈ, ਜਦੋਂ ਕੋਈ ਉਨ੍ਹਾਂ ਵੱਲ ਮੁੜਦਾ ਹੈ, ਤਾਂ ਵਿਅਕਤੀ ਨੂੰ ਨਵਾਂ ਉਤਸ਼ਾਹ, ਨਵਾਂ ਉਤਸ਼ਾਹ, ਨਵੀਂ ਤਾਕਤ ਮਿਲਦੀ ਹੈ। ਸਰੀਰਕ ਗਤੀਵਿਧੀਆਂ ਵਿੱਚ, ਚਿੰਤਾ ਆਪਣੀ ਪ੍ਰਭਾਵਸ਼ੀਲਤਾ ਗੁਆ ਦਿੰਦੀ ਹੈ ਅਤੇ ਦੁੱਖਾਂ ਦੇ ਵੱਡੇ ਪਹਾੜ ਛੋਟੀਆਂ ਸੁੱਕੀਆਂ ਪਹਾੜੀਆਂ ਬਣ ਜਾਂਦੇ ਹਨ, ਜੋ ਨਵੇਂ ਵਿਚਾਰਾਂ ਅਤੇ ਕਿਰਿਆਵਾਂ ਦੁਆਰਾ ਜਲਦੀ ਹੀ ਸੁਲਝ ਜਾਂਦੇ ਹਨ। ਚਿੰਤਾ ਦੇ ਜ਼ਹਿਰ ਦਾ ਇਲਾਜ ਕਸਰਤ ਹੈ। ਚਿੰਤਾ ਦੀ ਦੁਨੀਆ ਵਿੱਚ, ਆਪਣੀਆਂ ਮਾਸਪੇਸ਼ੀਆਂ ਨੂੰ ਵਧੇਰੇ ਅਤੇ ਆਪਣੇ ਮਨ ਨੂੰ ਘੱਟ ਵਰਤੋਂ। ਹੁਣ, ਇਸ ਉਪਯੋਗੀ ਲੇਖ ਦੇ ਅੰਤ ਵਿੱਚ, ਮੇਰੇ ਅਧਿਆਤਮਿਕ ਸੁਝਾਅ ਨੂੰ ਆਪਣੀ ਚੇਤਨਾ ਵਿੱਚ ਰੱਖੋ।

ਮੇਰੀ ਜ਼ਿੰਦਗੀ ਨੇ ਪਰਮਾਤਮਾ ਬਾਰੇ ਇਹ ਰਾਜ਼ ਖੋਜ ਲਿਆ ਹੈ ਕਿ ਇਸ ਸੰਸਾਰ ਵਿੱਚ ਸਾਨੂੰ ਪਰਮਾਤਮਾ ਨੂੰ ਆਪਣੇ ਨਾਲ ਰੱਖਣਾ ਹੈ ਅਤੇ ਪਰਲੋਕ ਵਿੱਚ ਪਰਮਾਤਮਾ ਸਾਨੂੰ ਆਪਣੇ ਨਾਲ ਰੱਖੇਗਾ। ਇਹ ਭਾਵਨਾ ਇੱਕ ਸ਼ਕਤੀ ਦਾ ਨਾਮ ਹੈ ਜੋ ਜੀਵਨ ਦੀਆਂ ਸਭ ਤੋਂ ਵੱਡੀਆਂ ਮੁਸ਼ਕਲਾਂ, ਮੁਸੀਬਤਾਂ ਅਤੇ ਪ੍ਰੀਖਿਆਵਾਂ ਨੂੰ ਸਫਲਤਾਪੂਰਵਕ ਪਾਸ ਕਰਦੀ ਹੈ। ਇਸ ਵਾਕ ਦੇ ਸ਼ੀਸ਼ੀ ਵਿੱਚ ਅਧਿਆਤਮਿਕ ਸ਼ਕਤੀ ਦੇ ਇਸ ਦਰਿਆ ਨੂੰ ਕੈਦ ਕਰੋ: ਜਿਸਨੇ ਮੈਨੂੰ ਇਸ ਸੰਸਾਰ ਵਿੱਚ ਭੇਜਿਆ ਹੈ ਉਹ ਮੇਰਾ ਪਰਮਾਤਮਾ ਮੇਰੇ ਨਾਲ ਹੈ।

# ਹਰਜਿੰਦਰ ਸਿੰਘ ਜਿੰਦੀ ਦੀਆਂ ਦੋ ਕਵਿਤਾਵਾਂ



ਹਰਜਿੰਦਰ ਸਿੰਘ ਜਿੰਦੀ

## ਮਾਂ ਹੈ ਪੰਜਾਬੀ ਬੋਲੀ

ਮਾਂ ਹੈ ਪੰਜਾਬੀ ਬੋਲੀ ਬੋਲਿਆ ਕਰੋ
ਊੜੇ ਐੜੇ ਵਾਲਾ ਕੈਦਾ ਫੋਲਿਆ ਕਰੋ

ਦਿਲੋਂ ਨਾ ਭੁਲਾਇਓ ਤੁਸੀਂ ਪਿਆਰ ਇਸ ਦਾ
ਮਾਂ ਵਾਂਗੂ ਕਰੋ ਸਤਿਕਾਰ ਇਸਦਾ
ਸਾਵੇ ਸਾਵੀਂ ਤੱਕੜੀ ਚ ਤੋਲਿਆ ਕਰੋ
ਮਾਂ ਹੈ ਪੰਜਾਬੀ ਬੋਲੀ ਬੋਲਿਆ ਕਰੋ

ਸਭ ਬੋਲੀਆਂ ਦੀ ਇਹ ਬਣੀ ਰਾਣੀ ਹੈ
ਦੇਸਾਂ ਤੇ ਵਿਦੇਸ਼ਾਂ ਵਿੱਚ ਜਾਂਦੀ ਜਾਣੀ ਹੈ
ਕਦੇ ਵੀ ਨਾ ਇਹਨੂੰ ਅਣਗੌਲਿਆ ਕਰੋ
ਮਾਂ ਹੈ ਪੰਜਾਬੀ ਬੋਲੀ ਬੋਲਿਆ ਕਰੋ

ਸਾਰੇ ਅੱਖਰ ਇਹਦੇ ਮਿਸ਼ਰੀ ਹੈ ਘੋਲਦੇ
ਆਪਣੀ ਪੰਜਾਬੀ ਬੋਲੀ ਰਹੋ ਬੋਲਦੇ
ਅੱਖਰਾਂ ਚੋਂ ਅੱਖਰਾਂ ਨੂੰ ਟੋਲਿਆ ਕਰੋ
ਮਾਂ ਹੈ ਪੰਜਾਬੀ ਬੋਲੀ ਬੋਲਿਆ ਕਰੋ

ਪੰਜਾਬ ਤੇ ਪੰਜਾਬੀ ਜਿੰਦੀ ਜਿੰਦਾਬਾਦ ਹੈ
ਮਾਣਦੇ ਹਾਂ ਸੁੱਖ ਜ਼ਿੰਦਗੀ ਆਜਾਦ ਹੈ
ਮਾਪਿਆਂ ਦੀ ਜ਼ਿੰਦਗੀ ਨਾ ਰੋਲਿਆ ਕਰੋ
ਮਾਪਿਆਂ ਨ ਦੁੱਖ ਸੁੱਖ ਫੋਲਿਆ ਕਰੋ
ਮਾਂ ਹੈ ਪੰਜਾਬੀ ਬੋਲੀ ਬੋਲਿਆ ਕਰੋ

## ਸਾਰੀਆਂ ਬੋਲੀਆਂ ਚੰਗੀਆਂ

ਸਾਰੀਆਂ ਬੋਲੀਆਂ ਚੰਗੀਆਂ ਹੁੰਦੀਆਂ ਸਭ ਦੇ ਨਾਲ ਪਿਆਰ ਕਰੋ
ਮਾਂ ਬੋਲੀ ਪੰਜਾਬੀ ਦਾ ਵੀ ਮਾਂ ਵਾਂਗੂ ਸਤਿਕਾਰ ਕਰੋ

1. ਆਪਣੀ ਬੋਲੀ ਨੂੰ ਨਾ ਭੁੱਲੀਏ ਚਰਨਾਂ ਦੇ ਵਿੱਚ ਰਹੀਏ
ਚੇਤੇ ਰੱਖੀਏ ਮਾਂ ਬੋਲੀ ਨੂੰ ਸਦਾ ਬੋਲਦੇ ਰਹੀਏ
ਪੰਜਾਬ ਪੰਜਾਬੀ ਜ਼ਿੰਦਾਬਾਦ ਹੈ ਇਸ ਦੀ ਜੈ ਜੈਕਾਰ ਕਰੋ
ਮਾਂ ਬੋਲੀ ਪੰਜਾਬੀ ਦਾ ਵੀ ਮਾਂ ਵਾਂਗੂ ਸਤਿਕਾਰ ਕਰੋ

2. ਪੈਂਤੀ ਅੱਖਰ ਸ਼ਰਧਾ ਦੇ ਨਾਲ ਚੇਤੇ ਕਰੀਏ ਜੀ
ਊੜਾ ਐੜਾ ਈੜੀ ਸੱਸਾ ਹਾਹਾ ਪੜੀਏ ਜੀ
ਪੜਨੀ ਲਿਖਣੀ ਸਿੱਖੋ ਪੰਜਾਬੀ ਇਹਦੇ ਲਈ ਪ੍ਰਚਾਰ ਕਰੋ
ਮਾਂ ਬੋਲੀ ਪੰਜਾਬੀ ਦਾ ਵੀ ਮਾਂ ਵਾਂਗੂ ਸਤਿਕਾਰ ਕਰੋ

3. ਪੰਜਾਬੀ ਬੋਲੀ ਸਭ ਬੋਲੀਆਂ ਦੀ ਬਣ ਗਈ ਏ ਪਟਰਾਣੀ
ਮਾਂ ਦਾ ਪਿਆਰ ਜਿਨੂੰ ਹਾਸਿਲ ਉਹਨੇ ਹਰ ਇੱਕ ਮੌਜ ਹੈ ਮਾਣੀ
ਮਨ ਵਿੱਚ ਰੱਖੋ ਸੇਵਾ ਭਾਵਨਾ ਆਪਣਾ ਸੁਚਾ ਕਿਰਦਾਰ ਕਰੋ
ਮਾਂ ਬੋਲੀ ਪੰਜਾਬੀ ਦਾ ਵੀ ਮਾ ਵਾਂਗੂ ਸਤਿਕਾਰ ਕਰੋ

4. ਇਹ ਜ਼ਿੰਦਗੀ ਅਨਮੋਲ ਸਾਡੀ ਮਿੱਟੀ ਵਿੱਚ ਨਾ ਰੋਲੋ
ਆਪਣੀ ਇਸ ਜ਼ੁਬਾਨ ਦੇ ਵਿੱਚੋਂ ਕਦੇ ਨਾ ਮਾੜਾ ਬੋਲੋ
ਸੱਚ ਤੇ ਚਲਦੇ ਰਹੀਏ ਜਿੰਦੀ ਮਾੜਾ ਨਾ ਵਿਹਾਰ ਕਰੋ
ਮਾਂ ਬੋਲੀ ਪੰਜਾਬੀ ਦਾ ਵੀ ਮਾਂ ਵਾਂਗੂ ਸਤਿਕਾਰ ਕਰੋ

# ਵਿਸ਼ਵ ਪੰਜਾਬੀ ਸਭਾ ਬਰੈਂਪਟਨ ਕਨੇਡਾ ਦੀ ਐਡਮਿੰਟਨ ਇਕਾਈ ਦੀ ਚੋਣ ਅਤੇ ਕਵੀ ਦਰਬਾਰ

ਬਲਵਿੰਦਰ ਬਾਲਮ
ਐਡਮਿੰਟਨ ਕਨੇਡਾ
98156-25409

ਐਡਮਿੰਟਨ (ਕਨੇਡਾ) ਦੀ ਖ਼ੂਬਸੂਰਤ ਐਡਮਿੰਟਨ ਪਬਲਿਕ ਲਾਇਬਰੇਰੀ 17 ਸਟਰੀਟ ਮੈਡੋਜ ਵਿਖੇ ਵਿਸ਼ਵ ਪੰਜਾਬੀ ਸਭਾ ਬਰੈਂਮਟਨ (ਕਨੇਡਾ) ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੇ ਨਿੱਘੇ ਸਹਿਯੋਗ ਸਦਕਾ ਵਿਸ਼ਵ ਪੰਜਾਬੀ ਸਭਾ ਐਡਮਿੰਟਨ ਇਕਾਈ ਦਾ ਗਠਨ ਕੀਤਾ ਗਿਆ। ਇਸ ਸਭਾ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ ਜਿਸ ਵਿੱਚ ਬਲਵਿੰਦਰ ਸਿੰਘ ਬਾਲਮ ਨੂੰ ਸਰਪਰੱਸਤ, ਦਲਬੀਰ ਸਿੰਘ ਰਿਆੜ ਨੂੰ ਪ੍ਰਧਾਨ, ਅੰਮ੍ਰਿਤ ਪਾਲ ਸਿੰਘ ਨੂੰ ਜਨਰਲ ਸਕੱਤਰ, ਸੁਰਜੀਤ ਕੌਰ ਧਾਲੀਵਾਲ ਨੂੰ ਸੀਨੀਅਰ ਮੀਤ ਪ੍ਰਧਾਨ, ਦਲਜੀਤ ਕੌਰ ਮੰਡੇਰ ਨੂੰ ਮੀਤ ਪ੍ਰਧਾਨ, ਸਤਨਾਮ ਸਿੰਘ ਗਾਹਲੇ ਨੂੰ ਸਕੱਤਰ, ਤੇਜਿੰਦਰਪਾਲ ਲਾਲੀ ਨੂੰ ਸਕੱਤਰ, ਮੈਨੇਜਰ ਨਰਿੰਦਰ ਸਿੰਘ ਨੂੰ ਖਜ਼ਾਨਚੀ ਚੁਣਿਆਂ ਗਿਆ। ਸਲਾਹਕਾਰਾਂ ਵਿੱਚ ਅਰਸ਼ਦੀਪ ਕੌਰ ਬਰਾੜ, ਗੁਰਜੀਤ ਕੌਰ ਬਰਾੜ, ਬਲਬੀਰ ਕੌਰ ਚੀਮਾ ਦੀ ਚੋਣ ਕੀਤੀ ਗਈ।

ਸਭਾ ਦੇ ਸਰਪ੍ਰਸਤ ਬਲਵਿੰਦਰ ਬਾਲਮ ਅਤੇ ਪ੍ਰਧਾਨ ਦਲਬੀਰ ਸਿੰਘ ਰਿਆੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਨੇਡਾ ਵਰਗੇ ਦੇਸ਼ ਵਿੱਚ ਰਹਿ ਕੇ ਪੰਜਾਬੀ ਤੇ ਪੰਜਾਬੀਅਤ ਦੀ ਸਾਹਿਤ ਸੱਭਿਆਚਾਰ ਦੇ ਰੂਪ ਵਿੱਚ ਸੇਵਾਵਾਂ ਦੇਣਾ ਇੱਕ ਸ਼ੁਭ ਸ਼ਗਨ ਹੈ। ਆਪਣੇ ਬੱਚਿਆਂ ਨੂੰ, ਨੌਜਵਾਨ ਪੀੜੀ ਨੂੰ ਆਪਣੀ ਮਾਂ ਬੋਲੀ, ਸਾਹਿਤ ਅਤੇ ਹੋਰ ਖੇਡ ਕਿਰਿਆਵਾਂ, ਮੇਲਿਆਂ ਰਾਹੀਂ ਜੋੜੀ ਰੱਖਣਾ ਹੀ ਸਹੀ ਮਾਇਨਿਆਂ ਵਿੱਚ ਪੰਜਾਬੀ ਮਾਂ ਬੋਲੀ ਦੀ ਸਿਰਜਨਾਤਮਕ ਸੇਵਾ ਹੈ। ਮਾਂ ਬੋਲੀ ਨੂੰ ਜਿੰਦਾ ਰੱਖਣ ਦਾ ਇੱਕ ਅਨੁਪ੍ਰਾਣਿਤ ਅਤੇ ਪ੍ਰੋਤਸਾਹਿਤ ਉਪਰਾਲਾ ਹੈ। ਕੌਮਾਂ ਆਪਣੇ ਸੱਭਿਆਚਾਰ ਕਰਕੇ ਹੀ ਜੀਵਤ ਰਹਿੰਦੀਆਂ ਹਨ ਇਹ ਪੰਜਾਬੀ ਸਭਾ ਵੀ ਮਾਂ ਬੋਲੀ ਅਤੇ ਸੱਭਿਆਚਾਰ ਕਿਰਿਆਵਾਂ ਰਾਹੀਂ ਵਡਮੁੱਲਾ ਯੋਗਦਾਨ ਪਾਉਂਦੀ ਰਹੇਗੀ। ਉਹਨਾਂ ਕਿਹਾ ਕਿ ਸਮਾਜ ਵਿੱਚ ਅੱਜ ਨਾਰੀ ਨੇ ਸੁੰਦਰਤਾ ਤੇ ਸਵਰੂਪ ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਜਵਾਨੀ ਹੋਵੇ ਜਾਂ ਬੁਢਾਪਾ, ਦੁੱਖ ਹੋਵੇ ਜਾਂ ਸੁੱਖ, ਏਕਤਾ ਹੋਵੇ ਜਾਂ ਸਮੂਹ ਜੀਵਨ ਦੇ ਹਰ ਮੋੜ ਤੇ ਸਹਿਤ ਮਾਨਵ ਨੂੰ ਅਨੁਪਰਾਣਿਤ ਅਤੇ ਪ੍ਰੋਤਸਾਹਿਤ ਕਰਦਾ ਹੈ। ਅਧਿਆਤਮਕ ਜੀਵਨ ਤਾਂ ਸਾਹਿਤ ਦਾ ਬਹੁਤ ਹੀ ਸਬੱਲ ਰੂਪ ਹੈ।

ਇਸ ਇਕੱਤਰਤਾ ਦੌਰਾਨ ਹਾਜ਼ਰ ਕਵੀਆਂ ਤੇ ਕਵਿਤਰੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਸੱਭਿਆਚਾਰ ਤੇ ਮਾਂ ਬੋਲੀ ਦਾ ਸੰਦੇਸ਼ ਦਿੱਤਾ। ਇਸੇ ਇਕੱਤਰਤਾ ਵਿੱਚ ਲੇਖਕਾਂ, ਕਵੀਆਂ, ਪੱਤਰਕਾਰਾਂ, ਬੁੱਧੀਜੀਵੀਆਂ ਤੇ ਸਾਹਿਤ ਪ੍ਰੇਮੀਆਂ ਨੇ ਭਾਰੀ ਸ਼ਮੂਲੀਅਤ ਕੀਤੀ। ਜਿਨਾਂ ਵਿੱਚ ਅਜੀਤ ਸਿੰਘ ਖਾਨਗੁੱਸਾ, ਪਾਰਸ ਮਹੇਦੀਆਂ, ਗੁਰਬਚਨ ਸਿੰਘ ਅਟਵਾਲ, ਅਮਰਜੀਤ ਸਿੰਘ ਸੰਧੂ, ਐਸ ਬਰਾੜ, ਐਮ ਕੇ ਪਰਮਾਰ, ਅਮਰਦੀਪ ਕੌਰ, ਦਲਜੀਤ ਕੌਰ ਮੰਡੇਰ, ਜਸਮੇਲ ਬਾਠ, ਹਰਮੇਸ਼ ਗਿੱਲ, ਬਲਬੀਰ ਕੌਰ ਚੀਮਾ, ਗੁਰਜੀਤ ਬਰਾੜ, ਤਜਿੰਦਰ ਪਾਲ ਸਿੰਘ ਰਿਆੜ, ਜਸਪ੍ਰੀਤ ਕੌਰ, ਅਮਰੀਕ ਸਿੰਘ, ਪਾਲ ਅਮਰ ਸਿੰਘ, ਨਰਿੰਦਰ ਸਿੰਘ ਚੀਮਾ, ਸੰਤ ਰਾਮ, ਕਮਲਜੀਤ ਸਿੰਘ, ਤਜਿੰਦਰ ਸਿੰਘ, ਗੁਰਦਿਆਲ ਸਿੰਘ ਸੰਘਾ, ਸਿਮਰਨ, ਵਰਿੰਦਰ ਕੌਰ, ਪਲਵਿੰਦਰ ਕੌਰ, ਸਤਨਾਮ ਸਿੰਘ, ਰਾਜਵਿੰਦਰ ਕੌਰ, ਸੁਖਵਿੰਦਰ ਕੌਰ, ਹਰਦੀਪ ਕੌਰ, ਅਰਸ਼ਦੀਪ ਕੌਰ, ਪਰਮਜੀਤ ਕੌਰ, ਸੁਖਦੇਵ ਸਿੰਘ, ਬਖਸ਼ੀਸ਼ ਸਿੰਘ, ਮਨਦੀਪ ਕੌਰ ਅਤੇ ਜਸਪਾਲ ਸਿੰਘ ਨੇ ਸ਼ਿਰਕਤ ਕੀਤੀ। ਅੰਤ ਵਿੱਚ ਆਏ ਹੋਏ ਸਾਰੇ ਲੇਖਕਾਂ, ਵਿਦਵਾਨਾਂ, ਕਵੀਆਂ ਦਾ ਸਭਾ ਦੇ ਪ੍ਰਧਾਨ ਦਲਬੀਰ ਸਿੰਘ ਰਿਆੜ ਵੱਲੋਂ ਧੰਨਵਾਦ ਕੀਤਾ ਗਿਆ।

# ਬਲਵਿੰਦਰ ਬਾਲਮ ਦੀਆਂ ਤਿੰਨ ਗ਼ਜ਼ਲਾਂ

ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ ਪੰਜਾਬ
ਮੋ. 98156-25409
ਐਡਮਿੰਟਨ ਕੈਨੇਡਾ।

## 1. ਗ਼ਜ਼ਲ

ਜ਼ਿੰਦਗੀ ਨੂੰ ਜ਼ਿੰਦਗੀ ਹੀ ਰਹਿਣ ਦੇ।
ਲੋਕ ਜੋ ਕਹਿੰਦੇ ਉਨ੍ਹਾਂ ਨੂੰ ਕਹਿਣ ਦੇ।
ਥੰਮੀਆਂ ਦੇ ਆਸਰੇ ਕੁਝ ਪਲ ਦੇ,
ਛੱਤ ਅਗਰ ਢਹਿੰਦੀ ਤਾਂ ਇਸ ਨੂੰ ਢਹਿਣ ਦੇ।
ਵੇਖ ਲਈਂ ਖ਼ੁਸ਼ਬੂ ਨਜ਼ਾਰੇ ਦੇਵੇਗੀ।
ਟਹਿਣੀਆਂ ਨੂੰ ਜ਼ਖ਼ਮ ਸਾਰੇ ਸਹਿਣ ਦੇ।
ਫਿਰ ਮਲਾਹਾਂ ਨੇ ਕਿਨਾਰੇ ਚੁੰਮਣੇ,
ਬੇੜੀਆਂ ਨੂੰ ਪਾਣੀਆਂ ਵਿਚ ਲਹਿਣ ਦੇ।
ਇਕ ਕਰਾਂਤੀ ਆਉਣ ਦੀ ਸੰਭਾਵਨਾ,
ਸ਼ੀਸ਼ਿਆਂ ਨੂੰ ਪੱਥਰਾਂ ਸੰਗ ਖਹਿਣ ਦੇ।
ਸ਼ੁਧਤਾ ਨੇ ਜਨਮ ਏਦਾਂ ਲੈਣਾ ਹੈ,
ਪਾਣੀਆਂ ਵਿਚ ਰੇਤ ਸਾਰੀ ਬਹਿਣ ਦੇ।
ਚਮਨ ਵਿਚ ਖ਼ੁਸ਼ਬੂ ਕਿਤੇ ਲਭਣੀ ਨਹੀਂ,
ਫੁੱਲ ਜਦੋਂ ਟੁਟਣੇਂ ਨੇ ਸਜਰੀ ਟਹਿਣ ਦੇ।
ਖੇਤ ਦੇ ਵਿਚ ਔੜ ਦਾ ਸਮਰਾਜ ਹੈ,
ਰੋਕ ਨਾ ਤੂੰ ਪਾਣੀਆਂ ਨੂੰ ਵਹਿਣ ਦੇ।
ਮਿਲ ਸਕੇਗਾ ਏਸ ਨੂੰ ਧਰਵਾਸ ਕੁਝ,
ਬਾਲਮਾ ਰੋ ਲੈਣ ਦੇ ਕੁਝ ਕਹਿਣ ਦੇ।

## 2. ਗ਼ਜ਼ਲ


ਕੱਲ ਦੀ ਇਕ ਮਜ਼ਬੂਰੀ ਦੀ ਇਕ ਦੂਰੀ ਸੀ।
ਕੀ ਦੱਸਾਂ ਇਕ ਐਸਾ ਕੰਮ ਜ਼ਰੂਰੀ ਸੀ।
ਹੋ ਨਈਂ ਸਕਦਾ ਸਭ ਦਾ ਮਨ ਲਲਚਾਏ ਨਾ,
ਉਸ ਬੂਟੇ ਦੀ ਹਰ ਅੰਬੀ ਸਿੰਧੂਰੀ ਸੀ।
ਮਿਸ਼ਰੀ ਗੁੜ ਤੇ ਸ਼ਹਿਦ ਵਿਚਾਰਾ ਕੁਝ ਵੀ ਨਈਂ,
ਉਹ ਬੋਲੇ ਤਾਂ ਬੋਲਾਂ ਦੇ ਵਿਚ ਚੂਰੀ ਸੀ।
ਭਾਵੇਂ ਲੱਖਾਂ ਸੁੱਖ ਚੁਫੇਰੇ ਖਿਲਰੇ ਨੇ,
ਤੇਰੇ ਬਾਝੋਂ ਸਾਰੀ ਜ਼ਿੰਦ ਅਧੂਰੀ ਸੀ।
ਜਿਸ ਨੇ ਸਿਰਜਨਤਾ ਦੀ ਹੋਂਦ ਬਣਾਈ ਹੈ,
ਉਸ ਕਿਰਤੀ ਦੇ ਹੱਥਾਂ ਵਿਚ ਮਜ਼ਦੂਰੀ ਸੀ।
ਅੰਦਰੋਂ ਅੰਦਰੀ ਘੁਣ ਨੇ ਸਾਰੀ ਖਾ ਸੁੱਟੀ,
ਪਾਲਿਸ਼ ਕੀਤੀ ਲਕੜੀ ਬੇਸ਼ਕ ਪੂਰੀ ਸੀ।
ਕੰਢਿਆਂ ਦਾ ਬਸ ਰਿਸ਼ਤਾ ਹੀ ਇਕ ਐਸਾ ਹੈ,
ਫੁੱਲਾਂ ਦੇ ਨਾਲ ਰਹਿਣਾ ਇਕ ਮਜ਼ਬੂਰੀ ਸੀ।
ਕੱਖਾਂ ਤੇ ਚਿੰਗਾਰੀ ਦਾ ਸਮਝੌਤਾ ਹੈ,
ਫੇਰ ਹਵਾ ਕਿਉਂ ਲੋੜੋਂ ਵੱਧ ਮਗਰੂਰੀ ਸੀ।
ਲੱਖਾਂ ਸੱਪ ਵਲੇਵੇ ਪਾ ਕੇ ਬੈਠੇ ਨੇ,
ਐਸੀ ਉਸ ਦੇ ਮੱਥੇ ਦੇ ਵਿਚ ਘੂਰੀ ਸੀ।
ਪਨਘਟ ਉਤੇ ਕਿਹੜਾ ਫੇਰਾ ਪਾਵੇਗਾ,
ਸੁੱਕੇ ਖੂਹ ਦੀ ਹਰ ਇਕ ਆਸ ਅਧੂਰੀ ਸੀ।
ਬੱਦਲਾਂ ਐਸੀ ਘੁਟ ਕੇ ਪਾਈ ਗਲਵਕੜੀ,
ਸਾਰੀ ਦੀ ਸਾਰੀ ਹੀ ਲੋਅ ਬੇਨੂਰੀ ਸੀ।
ਵੇਖਣ ਨੂੰ ਤਾਂ ਸਾਰੀ ਦੁਨੀਆਂ ਅਪਣੀ ਹੈ,
ਤੇਰੇ ਬਿਨ ਬਸ ਦੂਰੀ ਹੀ ਬਸ ਦੂਰੀ ਸੀ।
ਸ਼ਾਮ ਢਲੇ ਨੂੰ ਉਹ ਵੀ ਯਾਰੋ ਡੁੱਬ ਗਿਆ,
ਜਿਸ ਸੂਰਜ ਦੀ ਦੁਨੀਆਂ ਵਿਚ ਮਸ਼ਹੂਰੀ ਸੀ।
ਬਾਲਮ ਆਖਣ ਖ਼ੁਸ਼ਬੂ ਕਿੱਥੋਂ ਆਈ ਹੈ,
ਉਸ ਦੇ ਹਾਸੇ ਅੰਦਰ ਇਕ ਕਸਤੂਰੀ ਸੀ

## 3. ਗ਼ਜ਼ਲ

ਕੱਲ ਕੱਲ ਕਰਕੇ ਕੱਲ ਗਿਆ ਤੇ ਬੀਤ ਗਏ ਕਈ ਸਾਲ।
ਐਪਰ ਤੇਰਾ ਇਕ ਪਰਛਾਵਾਂ ਅੱਜ ਵੀ ਮੇਰੇ ਨਾਲ।
ਖ਼ੁਸ਼ੀਆਂ ਹੋਵਣ, ਗ਼ਮੀਆਂ ਹੋਵਣ ਜਾਂ ਫਿਰ ਕੋਈ ਘਟਨਾ,
ਬੰਦੇ ਦੀ ਸ਼ਖ਼ਸੀਅਤ ਸਾਰੀ ਦੱਸ ਦਿੰਦੀ ਏ ਚਾਲ।
ਪਤਝੜ ਵਿਚ ਵੀ ਟਹਿਣੀ ਉਤੇ ਸੁਰਖ਼ ਸ਼ਗੂਫ਼ੇ ਝੂਲਣ,
ਨੀਵੀਂ ਪਾ ਕੇ ਬੋਲ ਦਵੇ ਜਦ ਸਤਿ ਸ੍ਰੀ ਅਕਾਲ।
ਲੈਅ ਦੇ ਪਿੱਛੇ ਜੇਕਰ ਹੋਵੇ ਹੱਥਾਂ ਦੀ ਵਡਿਆਈ,
ਨੱਚਣ ਲਈ ਮਜ਼ਬੂਰ ਕਰਨਗੇ ਢੋਲਕ ਦੇ ਸੁਰਤਾਲ।
ਤੇਰੀ ਆਮਦ ਦੀ ਖ਼ੁਸ਼ਹਾਲੀ ਮੈਥੋਂ ਦੱਸ ਨਾ ਹੋਵੇ,
ਖ਼ੁਸ਼ੀਆਂ ਵਿਚ ਵੀ ਹੰਝੂ ਤਾਂ ਫਿਰ ਹੁੰਦੇ ਨਈਂ ਸੰਭਾਲ।
ਉਚੇ-ਉਚੇ ਮਹਿਲ ਮੁਨਾਰੇ ਕਰ ਦੇਵੇ ਢਹਿ ਢੇਰੀ,
ਜੇਕਰ ਤੇਰੀਆਂ ਨਜ਼ਰਾਂ ਵਿਚ ਆ ਜਾਏ ਭੂਚਾਲ।
ਹਰ ਉਨਤੀ ਦਾ ਰਾਜ਼ ਹਮੇਸ਼ਾਂ ਬਾਹਰ ਨਈਂ ਹੈ ਹੁੰਦਾ,
ਤੇਰੀ ਮੰਜ਼ਿਲ ਤੇਰੇ ਵਿਚ ਹੈ ਅਪਣਾ ਮਨ ਖੰਗਾਲ।
ਸਾਰੀ ਦੁਨੀਆਂ ਇਸ ਬਿੰਦੂ ਦੇ ਸੂਤਰਧਾਰ 'ਚ ਬੱਝੀ,
ਕਿਹੜਾ ਕਹਿੰਦਾ ਹੁੰਦਾ ਹੈ ਜੀ ਮੋਹ ਮਾਇਆ ਜੰਜਾਲ।
ਪਿੱਠੂ ਉਪਰ ਇੱਕ ਨਿਸ਼ਾਨਾ ਲਾਵੇਂਗਾ ਤਾਂ ਜਿੱਤਣਾ,
ਵਿੱਚ ਹਵਾ ਦੇ ਖਿੱਦੋ ਜਿੰਨੇ ਮਰਜ਼ੀ ਤੂੰ ਉਛਾਲ।
ਸੱਚਾਈ ਤੇ ਬੁਰਿਆਈ ਦੇ ਵੱਖੋ-ਵੱਖਰੇ ਰਿਸ਼ਤੇ,
ਫਿਤਰਤ ਹੀ ਧਨਵਾਨ ਬਣਾਏ ਫਿਤਰਤ ਹੀ ਕੰਗਾਲ।
ਸਾਲਾਂ ਦੇ ਬਸ ਸਾਲ ਗਏ ਪਰ ਇਸ ਵਿਚੋਂ ਨਾ ਮੁੱਕੀ,
ਅੱਜ ਵੀ ਤੇਰੀ ਖ਼ੁਸ਼ਬੂ ਦਿੰਦਾ ਤੇਰਾ ਸੁਰਖ਼ ਰੁਮਾਲ।
ਤਲਵਾਰਾਂ ਦਾ ਕੰਮ ਹੈ ਯਾਰੋ ਖ਼ੂਨ ਖਰਾਬਾ ਕਰਨਾ,
ਅਗਰ ਜ਼ਮਾਨੇ ਦੇ ਵਿਚ ਜੀਣਾ, ਜੀਣਾ ਬਣ ਕੇ ਢਾਲ।
ਬਾਲਮ ਤੇਰੇ ਮਨ ਮੰਦਿਰ ਵਿਚ ਇਕ ਮੱਦਤ ਤੋਂ ਏਦਾਂ,
ਤੇਰੀਆਂ ਯਾਦਾਂ ਵਾਲੇ ਜਗਦੇ ਦੀਵਿਆਂ ਵਾਲੇ ਥਾਲ।

ਹਿੰਦੀ ਵਿਅੰਗ

# ਲਜ਼ੀਜ਼ ਅਤੇ ਚਟਪਟੇ ਵਿਅੰਗ ਦਾ ਭੜਥਾ






ਮੂਲ : ਅਸ਼ੋਕ ਗੌਤਮ, ਸੋਲਨ (ਹਿਮਾਚਲ ਪ੍ਰਦੇਸ਼) -173212, (9418070089)

ਅਨੁ : ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ-147002. (9417692015)


ਐ ਮੇਰੇ ਲਿਟਰੇਚਰ ਬਣਾਉਣ ਵਾਲੇ ਸ਼ੁਕੀਨ ਦੋਸਤੋ! ਇਸ ਵਾਰ ਮੈਂ ਤੁਹਾਡੇ ਲਈ ਆਪਣੇ ਯੂਟਿਊਬ ਚੈਨਲ 'ਤੇ ਲੈ ਕੇ ਆਇਆ ਹਾਂ - ਇੱਕ ਲਜ਼ੀਜ਼, ਚਟਪਟੇ ਵਿਅੰਗ ਦੇ ਭੜਥੇ ਦੀ ਰੈਸਿਪੀ! ਇਸ ਵਾਰ ਮੈਂ ਤੁਹਾਨੂੰ ਦੱਸਾਂਗਾ ਕਿ ਇੱਕ ਚਟਪਟੇ, ਜ਼ਾਇਕੇਦਾਰ ਵਿਅੰਗ ਦਾ ਭੜਥਾ ਕਿਵੇਂ ਬਣਾਇਆ ਜਾਂਦਾ ਹੈ, ਜਿਸਨੂੰ ਭੇਜਦੇ ਹੀ ਹਰ ਮੈਗਜ਼ੀਨ ਜਾਂ ਅਖਬਾਰ ਦੇ ਢਿੱਡ ਵਿੱਚ ਜਾਂਦੇ ਹੀ ਉਥਲ-ਪੁਥਲ ਮੱਚ ਜਾਏ।

ਇਸ ਤੋਂ ਪਹਿਲਾਂ ਕਿ ਮੈਂ ਤੁਹਾਨੂੰ ਮਸਾਲੇਦਾਰ ਵਿਅੰਗ ਦਾ ਭੜਥਾ ਬਣਾਉਣਾ ਸਿਖਾਵਾਂ, ਜਿਨ੍ਹਾਂ-ਜਿਨ੍ਹਾਂ ਸਾਹਿਤ ਬਣਾਉਣ ਵਾਲਿਆਂ ਨੇ ਅਜੇ ਤੱਕ ਮੇਰਾ "ਹਾਊ ਟੂ ਮੇਡ ਈਜ਼ੀ ਲਿਟਰੇਚਰ" ਯੂਟਿਊਬ ਚੈਨਲ ਸਬਸਕ੍ਰਾਈਬ ਨਹੀਂ ਕੀਤਾ, ਉਹ ਸਭ ਤੋਂ ਪਹਿਲਾਂ ਮੇਰੇ ਯੂਟਿਊਬ ਚੈਨਲ ਨੂੰ ਲਾਈਕ ਅਤੇ ਸਬਸਕ੍ਰਾਈਬ ਕਰੋ ਅਤੇ ਕਮੈਂਟ ਬਾਕਸ ਵਿੱਚ "ਹਰ ਹਰ ਲਿਟਰੇਚਰ ਦੇਵ" ਜ਼ਰੂਰ ਲਿਖੋ। ਤੁਹਾਡਾ ਹਰ ਕਿਸਮ ਦਾ ਲਿਟਰੇਚਰ ਬਣਾਉਣਾ ਸ਼ੁਭ ਹੋਵੇਗਾ। ਲਿਟਰੇਚਰ ਦੇਵ ਤੁਹਾਡੇ ਲਿਟਰੇਚਰ ਨੂੰ ਜਿੱਥੇ ਵੀ ਤੁਸੀਂ ਉਹਨੂੰ ਪ੍ਰਕਾਸ਼ਿਤ ਕਰਨ ਲਈ ਭੇਜੋਗੇ, ਭੇਜਣ ਤੋਂ ਪਹਿਲਾਂ ਹੀ ਉਹਦੇ ਪ੍ਰਕਾਸ਼ਿਤ ਹੋਣ ਦਾ ਪੂਰਾ ਪ੍ਰਬੰਧ ਕਰ ਦੇਣਗੇ। ਕਮੈਂਟਧਾਰੀ ਕਮੈਂਟ ਕਰਦੇ ਹੋਏ ਇਹ ਵੀ ਦੱਸਣ ਕਿ ਤੁਸੀਂ ਕਿੱਥੋਂ ਦੇ ਹੋ ਤਾਂ ਕਿ ਭਵਿੱਖ ਵਿੱਚ ਤੁਹਾਨੂੰ ਹੋਰ ਵੀ ਬਿਹਤਰ ਸਾਹਿਤ ਬਣਾਉਣ ਦੀ ਰੈਸਪੀਆਂ ਦੇ ਲਿੰਕ ਭੇਜੇ ਜਾਂਦੇ ਰਹਿਣ।

ਦਰਸ਼ਕੋ! ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਕਿ ਉਂਜ ਤਾਂ ਪ੍ਰੇਮ ਸਭ ਕਰਦੇ ਹਨ। ਜਿਨ੍ਹਾਂ ਦੀ ਉਮਰ ਪ੍ਰੇਮ ਕਰਨ ਦੇ ਯੋਗ ਨਹੀਂ ਹੁੰਦੀ, ਉਹ ਵੀ ਪ੍ਰੇਮ ਕਰਦੇ ਹਨ। ਜਿਨ੍ਹਾਂ ਦੀ ਸ਼ਕਲ-ਸੂਰਤ ਪ੍ਰੇਮ ਕਰਨ ਦੇ ਯੋਗ ਨਹੀਂ ਹੁੰਦੀ, ਉਹ ਵੀ ਪ੍ਰੇਮ ਕਰਦੇ ਹਨ। ਪਰ ਹਰ ਸੂਰਤ ਨਾਲ, ਹਰ ਉਮਰ ਵਿੱਚ ਬਿਹਤਰ ਪ੍ਰੇਮ ਕਿਵੇਂ ਕੀਤਾ ਜਾ ਸਕਦਾ ਹੈ, ਇਹ ਸਹੀ ਅਰਥਾਂ ਵਿੱਚ ਪ੍ਰੇਮੀ ਯੂਟਿਊਬ 'ਤੇ ਪਿਆਰ ਨੂੰ ਹੁੰਦਾ ਦੇਖ ਕੇ ਹੀ ਸਿੱਖਦੇ ਹਨ। ਇਹੀ ਕਾਰਨ ਹੈ ਕਿ ਵਰ੍ਹਿਆਂ ਤੋਂ ਪ੍ਰੇਮ ਕਰਨ ਵਾਲੇ ਆਪਣੀਆਂ ਪੁਰਾਣੀਆਂ, ਰਵਾਇਤੀ ਪ੍ਰੇਮ-ਵਿਧੀਆਂ ਨੂੰ ਛੱਡ ਕੇ ਯੂਟਿਊਬ 'ਤੇ ਇੱਕ ਤੋਂ ਇੱਕ ਲੇਟੈਸਟ ਵਿਧੀਆਂ ਨੂੰ ਅਪਣਾ ਕੇ ਇੱਕ-ਦੂਜੇ-ਤੀਜੇ ਦਾ ਤਨ ਜਿੱਤ ਰਹੇ ਹਨ।

ਹਰ ਘਰ ਵਿੱਚ ਬੇਕਾਰ, ਵਿਹਲੇ ਕਿਸਮ ਦੇ ਲੋਕ ਟਾਈਮ ਪਾਸ ਕਰਨ ਲਈ ਸਾਹਿਤ ਬਣਾਉਂਦੇ ਰਹਿੰਦੇ ਹਨ, ਤਾਂ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਸੋਚਣ ਕਿ ਕੀ ਹੋਇਆ ਜੇ ਉਹ ਜ਼ਿੰਦਗੀ ਵਿੱਚ ਕੁਝ ਵੀ ਨਹੀਂ ਬਣਾ ਸਕੇ, ਉਹ ਸਾਹਿਤ ਵਰਗਾ ਤਾਂ ਕੁਝ ਬਣਾ ਰਹੇ ਹਨ। ਮੰਨਿਆ, ਦਾਲ਼ ਬਣਾਉਣ ਨਾਲੋਂ ਸੌਖਾ ਸਾਹਿਤ ਬਣਾਉਣਾ ਹੁੰਦਾ ਹੈ। ਦੋਸਤੋ! ਸਾਹਿਤਕਾਰ ਬਣਨਾ ਸੌਖਾ ਹੁੰਦਾ ਹੈ, ਪਰ ਸਾਹਿਤ ਬਣਾਉਣਾ ਮੁਸ਼ਕਿਲ। ਸਾਹਿਤਕਾਰ ਹੋਣ ਦਾ ਭਰਮ ਸਮਾਜ ਵਿੱਚ ਆਸਾਨੀ ਨਾਲ ਫੈਲਾਇਆ ਜਾ ਸਕਦਾ ਹੈ, ਦੂਜੇ ਹੋਰ ਭਰਮਾਂ ਵਾਂਗ।

ਮੇਰਾ ਯੂਟਿਊਬ "ਹਾਊ ਟੂ ਮੇਕ ਈਜ਼ੀ ਲਿਟਰੇਚਰ ਚੈਨਲ" ਤੁਹਾਨੂੰ ਬਿਹਤਰ ਸਾਹਿਤ ਬਣਾਉਣਾ ਸਿਖਾਏਗਾ। ਤੁਸੀਂ ਲੇਖਕ ਵਿਖਾਈ ਹੀ ਨਹੀਂ ਦਿਓਗੇ, ਸਗੋਂ ਇੱਕ ਲੇਖਕ ਹੋਵੋਗੇ ਵੀ। ਮੇਰੇ ਲੇਖਕ ਬਣਾਉਣ ਦੇ ਚੈਨਲ ਨੂੰ ਵੇਖ ਕੇ, ਸਬਸਕ੍ਰਾਈਬ ਕਰਕੇ, ਕਈ ਤਾਂ ਅੱਜ ਅਜਿਹੇ ਲੇਖਕ ਬਣ ਗਏ ਹਨ ਕਿ ਉਹ ਇੱਕ ਦਿਨ

ਵਿੱਚ ਚਾਰ-ਚਾਰ ਸੰਸਥਾਵਾਂ ਤੋਂ ਆਨਲਾਈਨ ਸਨਮਾਨ ਪ੍ਰਾਪਤ ਕਰ ਰਹੇ ਹਨ।

ਮੇਰਾ "ਹਾਉ ਟੂ ਮੇਕ ਈਜ਼ੀ ਲਿਟਰੇਚਰ ਚੈਨਲ" ਸਾਹਿਤ ਬਣਾਉਣਾ ਸਿਖਾਉਣ ਵਾਲਾ ਸਾਹਿਤ ਦਾ ਨੰਬਰ ਵੰਨ ਯੂਟਿਊਬ ਚੈਨਲ ਹੈ, ਜੋ ਸਾਹਿਤ ਦੀ ਸਿਰਜਣਾ ਕਰਨਾ ਸਿਖਾਉਂਦਾ ਹੈ। ਵਿਸ਼ਵਾਸ ਨਾ ਹੋਵੇ ਤਾਂ ਤੁਲਸੀਦਾਸ ਤੋਂ ਪੁੱਛ ਲਵੋ। ਸੂਰਦਾਸ ਤੋਂ ਪੁੱਛ ਲਵੋ। ਬਿਹਾਰੀ ਤੋਂ ਪੁੱਛ ਲਵੋ। ਉਹ ਅੱਜ ਵੀ ਮੇਰੇ "ਹਾਉ ਟੂ ਮੇਕ ਈਜ਼ੀ ਲਿਟਰੇਚਰ ਚੈਨਲ" ਨੂੰ ਵੇਖ ਕੇ ਆਪਣੇ ਲਿਖਣ ਦੇ ਹੁਨਰ ਨੂੰ ਤਿੱਖਾ ਕਰਨ ਵਿੱਚ ਰੁੱਝੇ ਹੋਏ ਹਨ।

ਜਿਵੇਂ ਕਿ ਮੈਂ ਤੁਹਾਨੂੰ ਪਿਛਲੀ ਵੀਡੀਓ ਵਿੱਚ ਉਦਾਹਰਣ ਨਾਲ ਵਿਸਥਾਰ ਵਿੱਚ ਦੱਸਿਆ ਸੀ ਕਿ ਕਵਿਤਾ ਦਾ ਬਹੁਚਰਚਿਤ ਮੈਸੂਰ ਬੋਂਡਾ (ਦੱਖਣੀ ਭਾਰਤ ਦਾ ਇੱਕ ਸਵਾਦੀ ਸਨੈਕ) ਕਿਵੇਂ ਬਣਾਇਆ ਜਾਂਦਾ ਹੈ? ਇਸ ਲੜੀ ਵਿੱਚ ਇਸ ਵਾਰ ਮੈਂ ਤੁਹਾਡੇ ਲਈ ਚਟਪਟੇ ਵਿਅੰਗ ਦਾ ਭੜਥਾ ਬਣਾਉਣ ਦੀ ਰੈਸਿਪੀ ਲੈ ਕੇ ਆਇਆ ਹਾਂ। ਮੈਨੂੰ ਪੂਰਾ ਯਕੀਨ ਹੈ ਕਿ ਇਸ ਵੀਡੀਓ ਨੂੰ ਵੇਖਣ ਤੋਂ ਬਾਅਦ, ਜਿਨ੍ਹਾਂ ਨੇ ਕਦੇ ਵਿਅੰਗ ਵੇਖਿਆ ਵੀ ਨਹੀਂ, ਉਹ ਵੀ ਵਿਅੰਗ ਦਾ ਭੜਥਾ ਬਣਾਉਣ ਵਿੱਚ ਮਾਹਿਰ ਹੋ ਜਾਣਗੇ। ਇੰਨੇ ਮਾਹਿਰ ਕਿ ਉਨ੍ਹਾਂ ਦਾ ਬਣਿਆ ਵਿਅੰਗ ਹਰ ਮੈਗਜ਼ੀਨ ਅਤੇ ਅਖ਼ਬਾਰ ਖੁੱਲ੍ਹੇ ਦਿਲ ਨਾਲ ਸਵੀਕਾਰ ਕਰੇਗਾ। ਮੇਰੀ ਵਿਅੰਗ ਦਾ ਭੜਥਾ ਬਣਾਉਣ ਦੀ ਰੈਸਿਪੀ ਨੂੰ ਵੇਖ ਕੇ, ਉਹ ਵੀ, ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਵਿਅੰਗ ਕੀ ਹੁੰਦਾ ਹੈ, ਪਲਾਂ ਵਿੱਚ ਕਰਿਸਪੀ ਵਿਅੰਗ ਦਾ ਭੜਥਾ ਬਣਾਉਣਾ ਸ਼ੁਰੂ ਕਰ ਦੇਣਗੇ। ਇਸ ਲਈ ਵੀਡੀਓ ਦੇ ਅੰਤ ਤੱਕ ਮੇਰੇ ਨਾਲ ਬਣੇ ਰਹੋ।

ਤਾਂ ਵਿਅੰਗ ਦਾ ਭੜਥਾ ਬਣਾਉਣ ਤੋਂ ਪਹਿਲਾਂ, ਆਓ ਜਾਣ ਲਈਏ ਕਿ ਵਿਅੰਗ ਦਾ ਭੜਥਾ ਹੁੰਦਾ ਕੀ ਹੈ। ਇਸ ਭੜਥੇ ਦਾ ਸੁਆਦ ਬੈਂਗਣ ਦੇ ਭੜਥੇ ਤੋਂ ਕਿੰਨਾ ਵੱਖਰਾ ਹੁੰਦਾ ਹੈ। ਇਸਨੂੰ ਬਣਾਉਣ ਲਈ ਕਿਹੜੇ-ਕਿਹੜੇ ਇਨਗ੍ਰੈਡੀਐਂਟਸ ਕਿੰਨੀ-ਕਿੰਨੀ ਮਾਤਰਾ ਵਿੱਚ ਲਏ ਜਾਣੇ ਚਾਹੀਦੇ ਹਨ ਕਿ ਵਿਅੰਗ ਦਾ ਲਜ਼ੀਜ਼ ਭੜਥਾ ਅਜਿਹਾ ਬਣੇ ਕਿ ਭੜਥੇ ਨੂੰ ਵੇਖ ਨੱਕ-ਮੂੰਹ ਚੜ੍ਹਾਉਣ ਵਾਲੇ ਵੀ ਇਹਦੇ ਮੁਰੀਦ ਬਣ ਜਾਣ ! ਵਾਹ-ਵਾਹ ਕਰ ਉੱਠਣ ! ਜਿਸਦੀ ਖੁਸ਼ਬੂ ਆਉਂਦੇ ਹੀ, ਉਹਦੇ ਦਿਮਾਗ਼ ਵਿੱਚ ਵੀ ਦੂਰੋਂ ਹੀ ਵਿਅੰਗ ਦੇ ਭੜਥੇ ਨੂੰ ਵੇਖਦੇ ਹੀ ਪਾਣੀ ਆ ਜਾਏ।

ਤਾਂ ਐ ਵਿਅੰਗ ਦਾ ਭੜਥਾ ਬਣਾਉਣ ਦੇ ਸ਼ੁਕੀਨੋ ! ਆਪਣੇ ਵਿਅੰਗ ਦਾ ਭੜਥਾ ਬਣਾਉਣ ਵਾਲਿਆਂ ਨੂੰ ਦੱਸ ਦਿਆਂ ਕਿ ਵਿਅੰਗ ਦਾ ਭੜਥਾ ਅੱਜ ਦੀ ਸਭ ਤੋਂ ਵੱਧ ਲੋਕਪ੍ਰਿਯ ਸਾਹਿਤਕ ਡਿਸ਼ ਹੋਣ ਦੇ ਕਾਰਨ ਹਰ ਕੋਈ ਵਿਅੰਗ ਦੇ ਭੜਥੇ ਦੇ ਨਾਂ ਤੇ ਕੁਝ ਵੀ ਬਣਾ ਕੇ ਉਸ ਉੱਤੇ ਬ੍ਰਾਂਡਿਡ ਵਿਅੰਗ ਦੇ ਭੜਥੇ ਦਾ ਲੇਬਲ ਲਾ ਕੇ ਵੇਚੀ ਜਾ ਰਿਹਾ ਹੈ, ਜੋ ਵਿਅੰਗ ਦੇ ਭੜਥੇ ਨਾਲ ਧੋਖਾ ਹੈ। ਵਿਅੰਗ ਦਾ ਸੁਆਦ ਲੈਣ ਵਾਲਿਆਂ ਨਾਲ ਧੋਖਾ ਹੈ। ਸ਼?ਰੇਸ਼ਟ ਵਿਅੰਗ ਦਾ ਭੜਥਾ ਉਹੀ ਹੈ, ਜਿਸਨੂੰ ਖਾ ਕੇ ਪਾਠਕ ਆਪਣੀਆਂ ਉਂਗਲਾਂ ਹੀ ਨਹੀਂ, ਆਪਣਾ ਦਿਮਾਗ਼ ਵੀ ਚੱਟੇ।

ਤਾਂ ਹੁਣ ਮੇਰੇ ਨਾਲ ਜ਼ਾਇਕੇਦਾਰ, ਕਰਾਰਾ ਵਿਅੰਗ ਦਾ ਭੜਥਾ ਬਣਾਉਣ ਲਈ ਤਿਆਰ ਹੋ ਜਾਓ।

ਸਵਾਦਿਸ਼ਟ, ਕਰਾਰਾ, ਲਜ਼ੀਜ਼ ਵਿਅੰਗ ਦਾ ਭੜਥਾ ਬਣਾਉਣ ਤੋਂ ਪਹਿਲਾਂ, ਸਭ ਤੋਂ ਪਹਿਲਾਂ ਤੁਸੀਂ ਜਿਸ ਅਖ਼ਬਾਰ ਜਾਂ ਮੈਗਜ਼ੀਨ ਲਈ ਵਿਅੰਗ ਦਾ ਭੜਥਾ ਬਣਾਉਣਾ/ਵੇਚਣਾ ਚਾਹੁੰਦੇ ਹੋ, ਉਸ ਅਖ਼ਬਾਰ ਜਾਂ ਪੱਤ੍ਰਿਕਾ ਦੇ ਵਿਅੰਗ ਦੇ ਭੜਥੇ ਦੇ ਸੁਆਦ ਨੂੰ ਵਾਰ-ਵਾਰ ਸੁੰਘੋ ਅਤੇ ਉਸਦੇ ਭਾਰ ਨੂੰ ਵਾਰ-ਵਾਰ ਸਹੀ-ਸਹੀ ਤੋਲੋ। ਉਸਤੋਂ ਬਾਅਦ ਵਿਅੰਗ ਦਾ ਭੜਥਾ ਬਣਾਉਣ ਲਈ ਉਸੇ ਹਿਸਾਬ ਨਾਲ ਸਮੱਗਰੀ ਲਓ। ਨਾ ਰੱਤੀ-ਭਰ ਘੱਟ ਅਤੇ ਨਾ ਰੱਤੀ-ਭਰ ਵੱਧ। ਧਿਆਨ ਰਹੇ, ਜਦੋਂ ਤੋਂ ਬਾਜ਼ਾਰ ਵਿੱਚ ਵਿਅੰਗ ਦਾ ਭੜਥਾ ਖਾਣ ਦੇ ਸ਼ੌਕੀਨ ਲੋਕਾਂ ਦੀ ਗਿਣਤੀ ਵਧੀ ਹੈ, ਉਦੋਂ ਤੋਂ ਹੀ ਬਜ਼ਾਰ ਵਿੱਚ ਵਿਅੰਗ ਦਾ ਭੜਥਾ ਬਣਾਉਣ ਦੀ ਸਮੱਗਰੀ ਦਾ ਹੜ੍ਹ ਆ ਗਿਆ ਹੈ। ਅੱਜ ਬਜ਼ਾਰ ਵਿੱਚ ਸਸਤੀ ਤੋਂ ਸਸਤੀ ਅਤੇ ਮਹਿੰਗੀ ਤੋਂ ਮਹਿੰਗੀ ਵੈੱਜ ਨਾਨ-ਵੈੱਜ ਵਿਅੰਗ ਦਾ ਭੜਥਾ ਬਣਾਉਣ ਦੀ ਸਮੱਗਰੀ ਆਸਾਨੀ ਨਾਲ ਉਪਲਬਧ ਹੈ। ਕਈ ਤਾਂ ਵਿਅੰਗ ਦੇ ਭੜਥੇ ਦਾ ਟੇਸਟ ਵਧਾਉਣ ਲਈ ਵੈੱਜ ਸਮੱਗਰੀ ਵਿੱਚ ਨਾਨ-ਵੈੱਜ ਸਮੱਗਰੀ ਪਾ ਕੇ ਮਜ਼ੇ ਨਾਲ ਵਿਅੰਗ ਦਾ ਭੜਥਾ ਬਣਾ ਕੇ ਪਰੋਸ ਰਹੇ ਹਨ, ਜੋ ਵਿਅੰਗ ਦੇ ਭੜਥੇ ਦੇ ਪ੍ਰੇਮੀਆਂ ਨਾਲ ਸਰਾਸਰ ਧੋਖਾ ਹੈ। ਪਰ ਬਾਜ਼ਾਰ ਕੋਈ ਵੀ ਹੋਵੇ, ਧੋਖੇ ਨਾਲ ਹੀ ਚੱਲਦਾ ਹੈ। ਫਿਰ ਵੀ ਜਿੰਨਾ ਹੋ ਸਕੇ, ਮਿਕਸ ਹਲਕੀ ਸਾਮੱਗਰੀ ਤੋਂ ਤੁਸੀਂ ਸਾਵਧਾਨ ਰਹੋ। ਸ਼ੁਰੂ ਵਿੱਚ ਹੀ ਹਲਕੀ ਮਿਕਸ

ਸਾਮੱਗਰੀ ਨਾਲ ਵਿਅੰਗ ਦਾ ਭੜਥਾ ਬਣਾਉਣ ਨਾਲ ਤੁਹਾਡੀ ਮਾਰਕਿਟ ਬਣਨ ਤੋਂ ਪਹਿਲਾਂ ਹੀ ਖਰਾਬ ਹੋ ਸਕਦੀ ਹੈ। ਜਦੋਂ ਇੱਕ ਵਾਰ ਤੁਹਾਡੇ ਵਿਅੰਗ ਦਾ ਭੜਥਾ ਬਾਜ਼ਾਰ ਵਿੱਚ ਬ੍ਰਾਂਡ ਬਣ ਜਾਵੇ, ਤਾਂ ਜੋ ਮਨ ਵਿੱਚ ਆਏ, ਬਣਾਓ। ਸੜਕ ਤੋਂ ਲੈ ਕੇ ਸੰਸਦ ਤੱਕ ਹਰ ਜਗ?ਹਾ ਸਿਰਫ਼ ਬ੍ਰਾਂਡ ਹੀ ਵਿਕਦਾ ਹੈ।

ਨਾਪ-ਤੋਲ ਕੇ ਸਾਮੱਗਰੀ ਇਕੱਠੀ ਕਰਨ ਲੈਣ ਪਿੱਛੋਂ, ਸਭ ਤੋਂ ਪਹਿਲਾਂ ਉਸ ਸਮੱਗਰੀ ਵਿੱਚੋਂ ਇੱਕ ਚੁਟਕੀ ਸੰਗਤੀ ਲਓ। ਫਿਰ ਉਸ ਸੰਗਤੀ ਨੂੰ ਚੰਗੀ ਤਰ੍ਹਾਂ ਉਦੋਂ ਤੱਕ ਧੋਂਦੇ ਰਹੋ, ਜਦੋਂ ਤੱਕ ਉਹ ਧੋ-ਧੋ ਕੇ ਵਿਸੰਗਤੀ ਨਾ ਹੋ ਜਾਵੇ। ਹੁਣ ਉਸ ਧੋ-ਧੋ ਕੇ ਸੰਗਤੀ ਤੋਂ ਬਣੀ ਵਿਸੰਗਤੀ ਨੂੰ ਸ਼ਬਦਾਂ ਦੀ ਗੈਸ 'ਤੇ ਕਰਾਰਾ ਹੋਣ ਤੱਕ ਹਲਕਾ-ਹਲਕਾ ਭੁੰਨੋ। ਫਿਰ ਤਿੱਖੀ ਹਰੀ ਲਾਲ ਮਿਰਚ ਅਤੇ ਲਸਣ ਨਾਲ ਭੁੰਨੀ ਵਿਸੰਗਤੀ ਨੂੰ ਪੀਹ ਕੇ ਉਸਦਾ ਖੁਰਦਰਾ ਪੇਸਟ ਤਿਆਰ ਕਰ ਲਓ। ਯਾਦ ਰੱਖੋ, ਕੁਝ ਹੋਰ ਵਿਅੰਗ ਦੇ ਭੜਥੇ ਵਿੱਚ ਪਾਓ ਜਾਂ ਨਾ, ਪਰ ਤਿੱਖੀ ਹਰੀ ਲਾਲ ਮਿਰਚ ਅਤੇ ਇਮਲੀ ਜ਼ਰੂਰ ਪਾਓ। ਅਨਾਰਦਾਨਾ ਮਹਿੰਗਾ ਪਵੇਗਾ। ਨਮਕ ਉਸ ਵਿੱਚ ਹੋਵੇ ਜਾਂ ਨਾ, ਵਿਅੰਗ ਦੇ ਭੜਥੇ ਵਿੱਚ ਮਿਰਚ ਖਟਾਈ ਜਿੰਨੀ ਤੇਜ਼ ਹੋਵੇਗੀ, ਵਿਅੰਗ ਉਨਾ ਹੀ ਤਿੱਖਾ ਹੋਵੇਗਾ।

ਇਹ ਸਭ ਹੋ ਜਾਣ ਤੋਂ ਪਿੱਛੋਂ, ਇੱਕ ਹੋਰ ਫਰਾਈ-ਪੈਨ ਵਿੱਚ ਮਿੱਟੀ ਦਾ ਤੇਲ ਪਾਓ। ਹੁਣ ਖੁਰਦਰਾ, ਪਿਸਿਆ, ਤਿਆਰ, ਭੁੰਨਿਆ ਸਭ ਕੁਝ ਉਸ ਵਿੱਚ ਪਾ ਦਿਓ। ਸਭ ਤੋਂ ਪਿੱਛੋਂ ਇਸ ਵਿੱਚ ਬਾਰੀਕ ਨੱਕ-ਕੱਟੇ, ਨਾ ਸਮਝ ਵਿੱਚ ਆਉਣ ਵਾਲੇ ਅਰਥ, ਹਾਸੇ ਦੇ ਨਾਂ ਤੇ ਉਜੱਡਤਾ ਪਾਓ। ਕੁਝ ਚਿਰ ਇਸ ਸਭ ਕਾਸੇ ਨੂੰ ਹਲਕੀ ਤੇਜ਼ ਅੱਗ 'ਤੇ ਹੌਲੀ-ਹੌਲੀ ਪਕਾਓ। ਅਤੇ ਉਦੋਂ ਤੱਕ ਪਕਾਉਂਦੇ ਰਹੋ, ਜਦੋਂ ਤੱਕ ਕਿ ਇਹ ਬੈਂਗਣ ਦੇ ਭੜਥੇ ਦਾ ਰੰਗ ਨਾ ਅਖਤਿਆਰ ਕਰ ਲਵੇ।

ਲਓ! ਹੁਣ ਤੁਹਾਡਾ ਮਸਤ-ਮਸਤ ਵਿਅੰਗ ਦਾ ਭੜਥਾ ਬਣ ਕੇ ਤਿਆਰ ਹੈ! ਜਦੋਂ ਵਿਅੰਗ ਦਾ ਭੜਥਾ ਕੁਝ ਠੰਢਾ ਹੋ ਜਾਏ, ਤਾਂ ਉਸ ਵਿੱਚ ਪ੍ਰੀਜ਼ਰਵੇਟਿਵ ਜ਼ਰੂਰ ਪਾਓ। ਇਸ ਨਾਲ ਵਿਅੰਗ ਦਾ ਭੜਥਾ ਛੇਤੀ ਖਰਾਬ ਨਹੀਂ ਹੋਵੇਗਾ। ਇਹ ਲੰਬੇ ਸਮੇਂ ਤੱਕ ਠੀਕ ਰਹੇਗਾ। ਹੁਣ ਜੇ ਤੁਹਾਨੂੰ ਲੱਗੇ ਕਿ ਵਿਅੰਗ ਵਿੱਚ ਈਸੈਂਸ ਅਤੇ ਨਾਨਸੈਂਸ ਦੀ ਕੁਝ ਕਮੀ ਰਹਿ ਗਈ ਹੈ, ਤਾਂ ਬਾਜ਼ਾਰ ਤੋਂ ਵਿਅੰਗ ਦੀ ਈਸੈਂਸ ਅਤੇ ਕੋਈ ਵੀ ਨਾਨਸੈਂਸ ਲੈ ਆਓ। ਈਸੈਂਸ ਅਤੇ ਨਾਨਸੈਂਸ ਦੇ ਛਿੜਕਾਅ ਨਾਲ ਹੀ ਘਟੀਆ ਤੋਂ ਘਟੀਆ ਸਾਹਿਤ ਉੱਤਮ ਸਾਹਿਤ ਦੀ ਫ਼ੀਲਿੰਗ ਦਿੰਦਾ ਹੈ।

**ਮਿੰਨੀ ਕਹਾਣੀ**

## ਨੀਤੀ


**ਪ੍ਰੋ. ਨਵ ਸੰਗੀਤ ਸਿੰਘ**

ਚੰਡੀਗੜ੍ਹੋਂ ਛਪਦੇ ਇੱਕ ਅਖ਼ਬਾਰ ਦੀ ਨਵੀਂ ਬਣੀ ਸੰਪਾਦਕਾ ਨੇ ਲੇਖਕ ਨੂੰ ਫੋਨ ਕਰਕੇ ਸੂਚਿਤ ਕੀਤਾ, "ਤੁਹਾਡੀ ਰਚਨਾ ਮਿਲ ਗਈ ਹੈ, ਚੰਗੀ ਹੈ। ਅਸੀਂ ਛਾਪਣੀ ਚਾਹੁੰਦੇ ਹਾਂ। ਪਰ ਤੁਸੀਂ ਇਹ ਰਚਨਾ ਕਿਸੇ ਹੋਰ ਅਖ਼ਬਾਰ ਵਿੱਚ ਛਾਪਣ ਲਈ ਨਾ ਭੇਜਣਾ। ਇਹ ਸਾਡੇ ਅਖ਼ਬਾਰ ਦੀ ਨੀਤੀ ਹੈ ਕਿ ਅਸੀਂ ਕਿਸੇ ਹੋਰ ਥਾਂ ਛਪੀ ਰਚਨਾ ਨੂੰ ਆਪਣੇ ਅਖ਼ਬਾਰ ਵਿੱਚ ਨਹੀਂ ਛਾਪਦੇ।" ਲੇਖਕ ਨੇ ਸਹਿਮਤੀ ਤਾਂ ਦੇ ਦਿੱਤੀ ਪਰ ਨਾਲ ਹੀ ਪੁੱਛ ਲਿਆ, "ਕਦੋਂ ਤੱਕ ਛਾਪੋਗੇ?" "ਸਮਾਂ ਲੱਗੇਗਾ", ਕਹਿ ਕੇ ਸੰਪਾਦਕਾ ਨੇ ਫੋਨ ਕੱਟਣਾ ਚਾਹਿਆ ਪਰ ਲੇਖਕ ਨੇ ਫੇਰ ਪੁੱਛਿਆ, "ਕੀ ਤੁਹਾਡੀ ਨੀਤੀ ਸਾਰੇ ਲੇਖਕਾਂ ਲਈ ਇੱਕੋ ਜਿਹੀ ਹੈ?" "ਹਾਂ, ਬਿਲਕੁਲ!" ਤਾਂ ਲੇਖਕ ਨੇ ਕੁਝ ਅਜਿਹੇ ਨਾਂ ਗਿਣਵਾਏ, ਜਿਨ੍ਹਾਂ ਦੀਆਂ ਉਹੀ ਰਚਨਾਵਾਂ ਹੋਰ ਅਖ਼ਬਾਰਾਂ ਵਿੱਚ ਛਪਣ ਦੇ ਨਾਲ ਨਾਲ ਇਸ ਅਖ਼ਬਾਰ ਵਿੱਚ ਵੀ ਛਪੀਆਂ ਸਨ। ਸੰਪਾਦਕਾ ਨੇ ਜਵਾਬ ਦਿੱਤਾ, "ਉਹ ਤਾਂ ਸਨਮਾਨਿਤ ਲੇਖਕ ਹਨ, ਉਨ੍ਹਾਂ ਦੀ ਗੱਲ ਹੋਰ ਹੈ...।" ਲੇਖਕ ਦਾ ਜਵਾਬ ਸੀ, "ਮੇਰੀਆਂ ਲਿਖਤਾਂ ਵੀ ਕਿਸੇ ਇੱਕ ਅਖ਼ਬਾਰ ਲਈ ਨਹੀਂ ਹੁੰਦੀਆਂ। ਜ਼ਰੂਰੀ ਨਹੀਂ ਕਿ ਸਾਰੇ ਪਾਠਕ ਤੁਹਾਡਾ ਅਖ਼ਬਾਰ ਹੀ ਪੜ੍ਹਦੇ ਹੋਣ! ਜੇ ਹੋਰ ਅਖ਼ਬਾਰਾਂ ਵਿੱਚ ਛਪਣ ਦੇ ਨਾਲ ਨਾਲ ਆਪਣੇ ਅਖ਼ਬਾਰ ਵਿੱਚ ਵੀ ਮੇਰੀ ਰਚਨਾ ਛਾਪ ਸਕਦੇ ਹੋ ਤਾਂ ਠੀਕ ਹੈ, ਨਹੀਂ ਤਾਂ ਮੇਰੀ ਵੀ ਆਪਣੀ ਨੀਤੀ ਹੈ...।" ਇਹ ਕਹਿ ਕੇ ਸੰਪਾਦਕਾ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਲੇਖਕ ਨੇ ਫੋਨ ਕੱਟ ਦਿੱਤਾ।

****

# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002.
(9417692015)

# 'ਖ਼ਾਲਸਾ ਮਹਿਸੂਲ' ਲੈਣ ਵਾਲੇ ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ



**ਨੂਰ ਸੰਤੋਖਪੁਰੀ**
ਬੀ.ਐਕਸ. 925 ਸੰਤੋਖਪੁਰਾ,
ਵਿਨੈਨਗਰ, ਜਲੰਧਰ-144008 (98722-54990)

ਇਹ ਕਈ ਵਾਰ ਸਿੱਧ ਹੋ ਚੁੱਕਾ ਹੈ ਕਿ ਇਤਿਹਾਸ ਕਿਸੇ ਨਾ ਕਿਸੇ ਰੂਪਵਿਚ ਖੁਦ ਨੂੰ ਮੁੜ-ਮੁੜ ਦੁਹਰਾਉਂਦਾ ਹੈ। ਸਾਕਾਰ ਕਰਦਾਹੈ। ਇਤਿਹਾਸ ਕੀ ਹੈ ? ਬੀਤੇ ਸਮੇਂ 'ਚ ਹੋ ਚੁੱਕੀਆਂ ਘਟਨਾਵਾਂ ਦਾ ਪ੍ਰਮਾਣਿਕ ਦਸਤਾਵੇਜ਼ ਹੁੰਦਾ ਹੈ। ਮਿਥਿਹਾਸ ਪ੍ਰਮਾਣਿਕ ਨਹੀਂ ਹੁੰਦਾ। ਇਹ ਸੁਣੀਆਂ-ਸੁਣਾਈਆਂ ਤੇ ਕਾਲਪਨਿਕ ਗੱਲਾਂ, ਕਥਾਵਾਂ, ਦੰਦ-ਕਥਾਵਾਂ 'ਤੇ ਆਧਾਰਿਤ ਹੁੰਦਾ ਹੈ।ਇਥੇ ਅਸੀਂ ਸਿੱਖ ਇਤਿਹਾਸ ਨਾਲ ਜੁੜੀ ਇਕ ਘਟਨਾ, ਜਿਹੜੀ 'ਖ਼ਾਲਸਾ ਟੈਕਸ' (ਖ਼ਾਲਸਾ ਮਹਿਸੂਲ) ਦੇ ਤੌਰ ਤੇ ਪ੍ਰਸਿੱਧ ਹੈ, ਬਾਰੇ ਚਰਚਾ ਕਰਾਂਗੇ। ਵਰਤਮਾਨ ਸਮੇਂ ਵਿਚ ਜਦੋਂ 'ਖ਼ਾਲਸਾ ਟੈਕਸ'ਦੀ ਵਾਹਵਾ ਚਰਚਾ ਹੋਣ ਲੱਗ ਪਈ, ਤਾਂ ਉਦੋਂ ਪੁਰਾਤਨ 'ਖਾਲਸਾ ਮਹਿਸੂਲ' ਦੀ ਘਟਨਾ ਯਾਦ ਆ ਗਈ। ਇਹ ਘਟਨਾ ਸ਼ਹੀਦ ਭਾਈ ਬੋਤਾ ਸਿੰਘ ਤੇ ਸ਼ਹੀਦ ਭਾਈ ਗਰਜਾ ਸਿੰਘ ਨਾਲ ਸੰਬੰਧਿਤਹੈ।

ਭਾਈ ਬੋਤਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਭੜਾਣਾ (ਭਰਾਣਾ) ਦੇ ਰਹਿਣ ਵਾਲੇ ਸਨ। ਉਹ ਉੱਚੇ-ਲੰਮੇ ਕੱਦ ਅਤੇ ਵਧੀਆ ਡੀਲ-ਡੌਲ ਵਾਲੇ ਸਨ। ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ ਤੇ ਆਪਣਾ ਜੀਵਨ ਸਿੱਖੀ ਦੀਆਨ, ਬਾਨ ਤੇ ਸ਼ਾਨ ਕਾਇਮ ਰੱਖਣ ਆਸਤੇ ਕੁਰਬਾਨ ਕਰ ਦਿੱਤਾ। ਬੜੇ ਹੌਂਸਲੇ ਵਾਲੇ ਤੇ ਦਲੇਰ ਸਿੰਘ ਸਨ। ਉਹ ਜ਼ਮੀਂਦਾਰ ਕੁਟੰਬ ਨਾਲ ਸਬੰਧ ਰੱਖਦੇ ਸਨ, ਪਰ ਜ਼ਕਰੀਆ ਖ਼ਾਨਦੀਆਂ ਸਖ਼ਤੀਆਂ, ਵਧੀਕੀਆਂ ਕਾਰਨ ਉਨ੍ਹਾਂ ਨੂੰ ਹੋਰ ਕਈ ਸਿੰਘਾਂ ਆਂਗ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਟਿਕਾਣਾ ਕਰਨਾ ਪਿਆ। ਭਾਈ ਬੋਤਾ ਸਿੰਘ ਜੀ ਨੇ ਅੰਮ੍ਰਿਤਪਾਨ ਕਰ ਲਿਆ ਹੋਇਆ ਸੀ। ਜੰਗਲਾਂ 'ਚ ਰਹਿ ਕੇ ਵੀ ਰਹਿਤ-ਮਰਿਯਾਦਾ ਕਾਇਮ ਰੱਖੀ ਹੋਈ ਸੀ। ਹਰ ਵੇਲੇ ਫ਼ੌਜ ਪਿੱਛਾ ਕਰਦੀ ਰਹਿੰਦੀ। ਕਈ-ਕਈ ਦਿਨ ਜੰਗਲਾਂ ਵਿੱਚੋਂ ਬਾਹਰ ਨਿਕਲਣਾ ਮੁਸ਼ਕਲ ਹੁੰਦਾ ਤੇ ਪਿੰਡਾਂ ਵੱਲੋਂ ਰਸਦ-ਪਾਣੀ ਨਹੀਂ ਪੁੱਜਦਾ। ਕਈ ਹਮਦਰਦ ਲੋਕ ਚਾਹੁੰਦੇ ਹੋਏ ਵੀ ਸਰਕਾਰ ਤੋਂ ਡਰਦੇ ਸਿੰਘਾਂ ਦੀ ਕੋਈ ਮਦਦ ਨਹੀਂ ਕਰ ਪਾਰਹੇ ਸਨ। ਇਨ੍ਹਾਂ ਸੰਗੀਨ ਹਾਲਾਤ ਦੇ ਬਾਵਜੂਦ ਭਾਈ ਬੋਤਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਰੂਰ ਜਾਂਦੇ। ਹੁਲੀਆ ਬਦਲ ਕੇ ਜਾਣਾ ਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਕੇ ਪਰਤ ਆਉਣਾ, ਉਨ੍ਹਾਂ ਦਾ ਨੇਮ ਸੇ।

ਇਕ ਵਾਰ ਰਸਤੇ ਵਿਚ ਉਨ•ਾਂ ਨੇ ਕੁਝ ਚੌਧਰੀਆਂ ਦੀਆਂ ਗੱਲਾਂ ਸੁਣੀਆਂ ਕਿ ਸਿੰਘ ਖ਼ਤਮ ਹੋ ਗਏ ਹਨ। ਜੇ ਉਨ੍ਹਾਂ 'ਚ ਹਿੰਮਤ, ਜ਼ੁੱਰਅਤ ਹੁੰਦੀ, ਤਾਂ ਹਕੂਮਤ ਦੇ ਸਾਹਵੇਂ ਆਂਦੇ।



ਲੁੱਕ-ਛੁੱਪ ਕੇ ਕਦੇ ਵੀ ਨਾ ਰਹਿੰਦੇ। ਭਾਈਬੋਤਾ ਸਿੰਘ ਨੂੰ ਉਨ੍ਹਾਂ ਪਛਾਣਿਆ ਨਹੀਂ ਅਤੇ ਸਿੰਘਾਂ ਬਾਰੇ ਗੱਲਬਾਤ ਕਰਦਿਆਂ ਸਿੰਘਾਂ ਦੀ ਗ਼ੈਰਤ-ਅਣਖ ਨੂੰ ਨੌਲਿਆ।

ਇਨ੍ਹਾਂ ਦਿਨਾਂ ਦੌਰਾਨ ਭਾਈਬੋਤਾ ਸਿੰਘ ਨਾਲ ਇਕ ਹੋਰ ਸਿੰਘ ਭਾਈ ਗਰਜਾ ਸਿੰਘ ਰੰਘਰੇਣਾ ਆਣ ਕੇ ਰਹਿਣ ਲੱਗਾ। ਹੁਣ ਦੋਵੇਂ ਇਕੱਠੇ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ-ਇਸ਼ਨਾਨ ਕਰਨ ਜਾਂਦੇ। ਹਮ-ਸਲਾਹ ਹੋ ਕੇ ਦੋਵਾਂ ਨੇ ਲੋਕਾਂ ਸਾਹਵੇਂ ਪ੍ਰਗਟ ਹੋ ਕੇ ਹਕੂਮਤ ਨੂੰ ਵੰਗਾਰਨ ਦਾਫੈਸਲਾਕਰਲਿਆ ਤੇ ਸ੍ਰੀ ਤਰਨਤਾਰਨ ਤੋਂ ਕੁਝ ਮੀਲ ਦੂਰ ਸੜਕ 'ਤੇ 'ਨੂਰਦੀਨ ਦੀ ਸਰਾਂ'ਵਿਚ ਜਾ ਡੇਰੇ ਲਾਏ, ਜੋ ਡਿੱਗੀ ਪਈ ਸੀ। ਉਸ ਨੂੰ ਮੁਰੰਮਤ ਕਰਕੇ ਰਹਿਣ-ਯੋਗ ਬਣਾਲਿਆ। ਲੋੜ ਵੇਲੇ ਉਨ•ਾਂ ਇਸ ਤੋਂ ਲੜਾਈ ਸਮੇਂ ਇਕ ਕਿਲ੍ਹੇ ਦਾ ਕੰਮ ਵੀ ਲੈਣਾ ਸੀ। ਉਹ ਦ੍ਰਿੜਤਾ ਨਾਲ ਆਪਣੀ ਹੋਂਦ ਦਰਸਾਉਣਾ ਚਾਹੁੰਦੇ ਸਨ।

ਸਰਾਂ (ਸਰਾਏ) ਤਿਆਰ ਹੋਣ ਤੋਂ ਬਾਅਦ ਉਨ•ਾਂ ਇੱਥੇ 'ਗੁਰੂ ਕਾ ਲੰਗਰ' ਵਰਤਾਣਾ ਸ਼ੁਰੂ ਕਰ ਦਿੱਤਾ। ਹਰ ਰਾਹਗੀਰ ਨੂੰ ਲੰਗਰ-ਪ੍ਰਸ਼ਾਦਿ ਛਕਾਂਦੇ ਤੇ ਰਾਤ-ਰਹਿਣ ਲਈ ਥਾਂ ਦਿੰਦੇ। ਲੋਕਾਂ ਦੀਆਂ ਤਕਲੀਫਾਂ ਸੁਣ ਕੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰਦੇ। ਉਦੋਂ ਸਰਕਾਰ ਦੇ ਚੌਧਰੀ (ਹਾਕਮ) ਲੋਕਾਂ ਦੀਆਂ ਜੁਆਨ ਧੀਆਂ-ਭੈਣਾਂ ਚੁੱਕ ਕੇ ਲੈਜਾਂਦੇ ਸਨ। ਧਨਵਾਨਾਂ ਦਾ ਧਨ ਜ਼ਰਵਾਣੇ ਲੈ ਜਾਂਦੇ, ਆਮ ਗ਼ਰੀਬਾਂ ਦੇ ਘਰਾਂ 'ਚੋਂ ਮੱਝਾਂ-ਗਾਵਾਂ, ਘੋੜੀਆਂ, ਬੱਕਰੀਆਂ ਵਗੈਰਾ ਧੱਕੇ ਨਾਲ ਖੋਲ• ਕੇ ਲੈ ਜਾਂਦੇ। ਡਰਦੇ ਮਾਰੇ ਲੋਕ ਵਿਰੋਧ ਨਾ ਕਰਦੇ। ਐਪਰ ਭਾਈ ਬੋਤਾ ਸਿੰਘ ਨੇ ਭਾਈ ਗਰਜਾ ਸਿੰਘ ਨਾਲ ਮਿਲ ਕੇ ਰਾਤ ਨੂੰ ਹਮਲਾ ਕਰਨਾ ਅਤੇ ਧੀਆਂ-ਭੈਣਾਂ ਤੇ ਮਾਲ ਨੂੰ ਵਾਪਸ ਲੈ ਆਉਣਾ। ਫਿਰ ਉਨ੍ਹਾਂ ਦੇ ਘਰੋ-ਘਰੀ ਪਹੁੰਚਾ ਦੇਣਾ। ਅਮੀਰਾਂ ਕੋਲੋਂ ਧੰਨ ਖੋਹ ਕੇ ਮੁਸਾਫਰਾਂ ਤੇ ਗਰੀਬਾਂ ਨੂੰ ਦੇ ਦੇਣਾ।


ਸਰਕਾਰ ਨੂੰ ਸਿੱਧਾ ਵੰਗਾਰਨ ਲਈ ਇਕ ਹੋਰ ਬਹੁਤ ਵੱਡੀ ਕਾਰਵਾਈ ਕੀਤੀ ਗਈ। ਸਰਾਏ-ਨੂਰਦੀਨ ਦੇ ਨਾਲ ਸੜਕ'ਤੇ ਮਹਿਸੂਲ-ਚੌਕੀ (ਚੁੰਗੀ) ਬਣਾ ਲਈ ਗਈ। ਲੰਘਣ ਵਾਲੇ ਮਾਲ ਦੇ ਹਰੇਕ ਗੱਡੇ 'ਤੇ ਇਕ ਆਨਾ ਤੇ ਖੋਤੇ 'ਤੇ ਇਕ ਪੈਸਾ ਮਹਿਸੂਲ ਲਾ ਦਿੱਤਾ। ਲੋਕ ਖ਼ੁਸ਼ੀ-ਖ਼ੁਸ਼ੀ ਮਹਿਸੂਲ ਦੇਣ ਲੱਗੇ। ਕਿਉਂਕਿ ਭਾਈ ਸਾਹਿਬ ਪਰਉਪਕਾਰੀ ਕੰਮਾਂ 'ਤੇ ਧਨ ਖਰਚ ਕਰਦੇ ਸਨ। ਹਕੂਮਤ ਕੋਲ ਇਸ ਮੁਤੱਲਕ ਕਿਸੇ ਨੇ ਸ਼ਿਕਾਇਤ ਨਹੀਂ ਕੀਤੀ। ਫਿਰ ਕੀ ਸੀ ? ਨਿਡਰ, ਦਲੇਰ ਤੇ ਬਹਾਦਰ ਭਾਈ ਬੋਤਾ ਸਿੰਘ ਜੀ ਨੇ ਖ਼ੁਦ ਲਾਹੌਰ ਦੇ ਸੂਬੇ (ਹਾਕਮ) ਜ਼ਕਰੀਆ ਖ਼ਾਨ ਨੂੰ ਇਕ ਚਿੱਠੀ ਲਿਖੀ, ਕਿ ਗੁਰੂ ਦੇ ਸਿੰਘਾਂ ਨੇ ਮਹਿਸੂਲ-ਚੌਕੀ (ਚੁੰਗੀ) ਕਾਇਮ ਕਰ ਲਈ ਏ। ਸਿੰਘ ਖ਼ਤਮ ਨਹੀਂ ਹੋਏ। ਹਾਲੇ ਵੀ ਜਿਉਂਦੇ ਨੇ। ਭਾਈਬੋਤਾ ਸਿੰਘ ਜੀ ਦੀ ਇਸ ਚਿੱਠੀ ਬਾਰੇ ਇਹ ਵਾਕ ਬਹੁਤ ਪ੍ਰਸਿੱਧ ਹਨ :

"ਚਿੱਠੀ ਲਿਖੀ ਸਿੰਘ ਬੋਤਾ। ਹੱਥ ਵਿਚ ਹਈ ਸੋਟਾ,
ਆਣ ਵਿਚ ਰਾਹ ਖਲੋਤਾ।
ਆਨਾ ਲਾਇਆ ਗੱਡੇ ਨੂੰ, ਤੇ ਪੈਸਾ ਲਾਇਆ ਖੋਤਾ।
ਆਖੋ ਭਾਈ ਖਾਨੋ ਨੂੰ, ਇਉਂ ਆਖੇ ਸਿੰਘ ਬੋਤਾ।"

ਲਾਹੌਰ ਤੋਂ ਜ਼ਕਰੀਆ ਖ਼ਾਨ ਨੇ ਭਾਈਬੋਤਾ ਸਿੰਘ, ਭਾਈ ਗਰਜਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਇਕ ਸੌ ਘੋੜ ਸੁਆਰ ਫ਼ੌਜੀ ਆਪਣੇ ਜਰਨੈਲ ਜਲਾਲੁ ਦੀਨ ਦੀ ਕਮਾਨ ਹੇਠ ਘੱਲੇ। ਭਾਈ ਬੋਤਾ ਸਿੰਘ ਤੇ ਉਨ੍ਹਾਂ ਦਾ ਸਾਥੀ ਭਾਈ ਗਰਜਾ ਸਿੰਘ ਦੋਵੇਂ ਸਰਾਏ (ਸਰਾਂ) ਨੂੰ ਕਿਲ•ਾਬਣਾ ਕੇ ਡਟ ਗਏ ਤੇ ਉਨ•ਾਂ ਨੇ ਬਹਾਦਰੀ ਨਾਲ ਸ਼ਾਹੀ ਫ਼ੌਜ ਦਾ ਟਾਕਰਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਦੇ ਦੋਵੇਂ ਜਾਂਬਾਜ਼ ਸਿੰਘਾਂ ਨੇ ਕਈ ਸ਼ਾਹੀ ਫ਼ੌਜੀ ਮਾਰ ਮੁਕਾਏ। ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੇ ਜਿਸ ਕੰਮਨੂੰ ਸੌਖਾ ਸਮਝ ਲਿਆ ਗਿਆ ਸੀ, ਉਹ ਡਾਢਾ ਔਖਾ ਜਾਪਣ ਲੱਗ ਪਿਆ। ਅਖ਼ੀਰ ਸਿੰਘਾਂ ਦੀ ਹੋਂਦ, ਗੈਰਤ, ਅਣਖ ਨੂੰ ਦਰਸਾਉਂਦੇ ਹੋਏ ਦੋਵੇਂ ਸਿੰਘ ਸੂਰਮੇ ਲੜਾਈ ਦੌਰਾਨ ਸ਼ਹਾਦਤ ਦਾ ਜਾਮ ਪੀ ਗਏ। ਸਿੱਖ ਇਤਿਹਾਸਕਾਰ ਭਗਤ ਲਛਮਣ ਸਿੰਘ ਦੇ ਕਥਨ ਮੁਤਾਬਿਕ ਦੋਵਾਂ ਸੂਰਬੀਰ ਯੋਧਿਆਂ ਦੀ ਸ਼ਹੀਦੀ 27 ਜੁਲਾਈ, 1739 ਈ. ਨੂੰ ਹੋਈ। ਇਨ•ਾਂ ਦੀ ਸ਼ਹਾਦਤ ਨੇ ਸਿੱਖਾਂ ਨੂੰ ਇਕ ਤਕੜਾ ਹਲੂਣਾ ਤੇ ਹੌਸਲਾ ਦਿੱਤਾ ਤੇ ਜੰਗਲਾਂ 'ਚੋਂ ਬਾਹਰ ਨਿਕਲ ਕੇ ਉਹ ਹਕੂਮਤ ਨਾਲ ਸਿੱਧੀ ਟੱਕਰ ਲੈਣ ਲੱਗ ਪਏ। ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਦੀ ਸ਼ਹੀਦੀ ਯਾਦਗਾਰ ਸ੍ਰੀ ਅੰਮ੍ਰਿਤਸਰ ਵਿਖੇ 'ਗੁਰਦੁਆਰਾ ਸ਼ਹੀਦਾਂ' ਦੇ ਨਾਲ ਬਣੀ ਹੋਈ ਹੈ।

# ਪੰਜ ਮਿੰਨੀ ਕਹਾਣੀਆਂ

ਸੁਖਮਿੰਦਰ ਸੇਖੋਂ (98145-07693)
5,ਗਲੀ ਨੰ:8 ਘੁੰਮਣ ਨਗਰ ਸਰਹਿੰਦ ਰੋਡ ਪਟਿਆਲਾ



## 1. ਰਗਾਂ 'ਚ ਦੌੜਦਾ ਲਹੂ

ਉਸ ਕਵੀ ਤੇ ਲੇਖਕ ਨੇ ਇੱਕ ਰੋਜ਼ ਅੰਤਿਮ ਫੈਸਲਾ ਲੈਂਦਿਆਂ ਐਲਾਨ ਕਰ ਦਿੱਤਾ, 'ਉਹ ਉਦੋਂ ਤੱਕ ਇੱਕ ਅੱਖਰ ਵੀ ਨਹੀਂ ਲਿਖੇਗਾ ਜਦੋਂ ਤੱਕ ਅਮਲੀ ਰੂਪ 'ਚ ਮਾੜੇ ਹਾਲਾਤ ਸੁਧਾਰ ਨਹੀਂ ਲੈਂਦਾ!'

ਏਨਾ ਸੋਚ ਪਹਿਲਾਂ ਸ਼ਹਿਬਾਜ਼ ਸਿੰਘ ਨੇ ਆਪਣੇ ਦੋ ਮਿੱਤਰਾਂ ਗਰੀਬ ਦਾਸ ਤੇ ਅਮੀਰ ਮੁਹੰਮਦ ਤੋਂ ਆਪਣੇ ਲਏ ਗਏ ਫੈਸਲੇ ਦੇ ਕਾਗਜ਼ 'ਤੇ ਸਹਿਮਤੀ ਲਈ ਦਸਤਖ਼ਤ ਕਰਵਾਏ ਤੇ ਆਪਣੇ ਟੀਚੇ ਦੀ ਪੂਰਤੀ ਲਈ ਝੰਡਾ ਫੜ ਨਿੱਕਲ ਤੁਰਿਆ।

ਪਹਿਲਾਂ ਇੱਕ ਉਦਾਸ ਜਿਹੇ ਨੇਤਾ ਨੂੰ ਆਪਣੇ ਨਾਲ ਕੀਤਾ। ਫੇਰ ਇੱਕ ਇਮਾਨਦਾਰ ਪ੍ਰਸ਼ਾਸਨਿਕ ਅਧਿਕਾਰੀ ਤੇ ਪੁਲਿਸ ਅਫਸਰ ਨੂੰ ਵੀ ਆਪਣੇ ਮਿਸ਼ਨ 'ਚ ਸ਼ਾਮਿਲ ਕਰ ਲਿਆ। ਦੋਨੋਂ ਅਧਿਕਾਰੀ ਇੱਕ ਜੁਟ ਬੋਲੇ, 'ਅਸੀਂ ਇਸ ਸਿਸਟਮ ਨੇ ਬਹੁਤ ਤਪਾਏ, ਇਸੇ ਲਈ ਤੁਹਾਡੇ ਨਾਲ ਆਏ!'

ਸ਼ਹਿਬਾਜ਼ ਸਿੰਘ ਨੇ ਕੁਝ ਹੋਰ ਵੀ ਸਾਥੀ ਜੁਟਾਏ ਜੋ ਦੁਖੀ ਤੇ ਪ੍ਰੇਸ਼ਾਨ ਸਨ। ਕੁਝ ਨਿੱਕੇ-ਨਿੱਕੇ ਕਾਰੋਬਾਰੀ ਤੇ ਕੁਝ ਅਧੀਨ ਕਰਮਚਾਰੀ ਵੀ ਨਾਲ ਤੁਰ ਆਏ।

ਤਪੇ ਹੋਏ ਬੇਰੁਜ਼ਗਾਰ ਤਾਂ ਪਹਿਲਾਂ ਹੀ ਤਿਆਰ ਖੜ੍ਹੇ ਸਨ।

ਕੁਝ ਹੋਰ ਵੀ ਆਏ ਮਸਲਨ ਕਾਲਜ, ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਅਧਿਆਪਕ ਤੇ ਪ੍ਰੋਫੈਸਰ ਵੀ। ਕੁਝ ਵਿਭਿੰਨ ਪਾਰਟੀਆਂ ਦੇ ਉਦਾਸ ਚਿਹਰੇ ਵੀ। ਕੁਝ ਔਰਤਾਂ ਵੀ ਉੱਠ ਖੜ੍ਹੀਆਂ।

ਸਾਰਿਆਂ ਨੇ ਤਹਿ ਕੀਤੇ ਏਜੰਡੇ ਦੀ ਰੌਸ਼ਨੀ 'ਚ ਆਵਾਜ਼ ਬੁਲੰਦ ਕੀਤੀ,' ਸਮਾਜਿਕ ਤੇ ਆਰਥਿਕ ਨਾ ਬਰਾਬਰੀ ਦਾ ਖ਼ਾਤਮਾ!'

ਕੁਝ ਚਿਹਰਿਆਂ ਨੇ ਹਵਾ 'ਚ ਬਾਹਵਾਂ ਲਹਿਰਾਈਆਂ,' ਨਾ ਜਾਤ ਨਾ ਧਰਮ,ਕੇਵਲ ਮਨੁੱਖਤਾ।'

ਕਾਫ਼ਲਾ ਵੱਡਾ ਹੁੰਦਾ ਗਿਆ।

ਕਾਕਰੋਚਾਂ ਵਾਂਗ ਸੋਸ਼ਲ ਮੀਡੀਆ ਨੇ ਸਿਸਟਮ ਨੂੰ ਰਤਾ ਝਟਕਾ ਦਿੱਤਾ।

'ਕਾਕਰੋਚੀ ਚਿਹਰੇ' ਕਦਮ ਨਾਲ ਕਦਮ ਮਿਲਾ ਸੜਕਾਂ 'ਤੇ ਵੀ ਤੁਰਨ ਲੱਗੇ। ਰੀਂਗ-ਰੀਂਗਕੇ ਨਹੀਂ, ਤੇਜ਼ ਤੇਜ਼!

ਗੋਦੀ ਮੀਡੀਆ ਤੇ ਸਿਸਟਮ ਦੀ ਰਾਜਨੀਤੀ ਤਿਲਮਿਲਾਏ ਪਰ ਕਾਕਰੋਚ ਬਾਜ਼ ਨਾ ਆਏ!

ਹਾਸ਼ੀਏ 'ਤੇ ਖੜ੍ਹੇ ਕੁਝ ਚੈਨਲ ਵੀ ਦੌੜੇ ਆਏ ਤੇ ਪ੍ਰੈਸ ਦੇ ਕੁਝ ਲੋਕ ਵੀ ਸਾਹਮਣੇ ਆਏ।

ਨੁੱਕੜਾਂ ਤੋਂ ਕੁਝ ਹੋਰ ਜਣੇ ਵੀ ਆਏ। ਕਵੀਆਂ ਨੇ ਲਿਖੀਆਂ ਕਵਿਤਾਵਾਂ ਤੇ ਗਾਇਕਾਂ ਨੇ ਗੀਤਕਾਰਾਂ ਦੇ ਗੀਤ ਗਾਏ। ਕੁਝ ਨੁੱਕੜ ਨਾਟਕ ਤੇ ਕੁਝ ਡਰਾਮੇ ਵੀ ਸਾਹਵੇਂ ਆਏ।

-ਯੁਗਾਂ ਯੁਗਾਂ ਦਾ ਚਲਨ ਪੁਰਾਣਾ, ਨਵਿਆਂ ਨੂੰ ਹੁਣ ਰਾਸ ਨਾ ਆਏ!

ਇਹ ਦੇਖਕੇ ਸੱਤਾਧਾਰੀ ਕੁਰਸੀਆਂ ਦੇ ਹੋਸ਼ ਉੱਡਣ ਲੱਗੇ। ਪਰ ਕੁਝ ਕੁਰਸੀਆਂ ਦੀ ਜ਼ਮੀਰ ਨੇ ਦਿੱਤੀ ਆਵਾਜ਼ ਤੇ ਉਹ ਕਾਫ਼ਲੇ ਨਾਲ ਸੜਕਾਂ 'ਤੇ ਆਏ।

ਏਨੇ 'ਚ ਹੀ ਦੇਖਦਿਆਂ ਦੇਖਦਿਆਂ ਇੱਕ ਕੌਤਕ ਵਰਤਿਆ। ਸ਼ਹਿਬਾਜ਼ ਸਿੰਘ ਦੇ ਸਿਰ 'ਤੇ ਸਿਸਟਮ ਨੇ ਵਾਰ ਕਰ ਦਿੱਤਾ। ਲਾਲ ਲਹੂ ਦੀਆਂ ਤਤੀਰੀਆਂ ਵਗਣ ਲੱਗੀਆਂ। ਉਸਦਾ ਸਫ਼ੇਦ ਕੁੜਤਾ ਲਹੂ ਨਾਲ ਰੰਗਿਆ ਗਿਆ। ਪਰ ਉਹ ਤੁਰਦਾ ਰਿਹਾ,ਉਸ ਸਿਦਕ ਨਾ ਹਾਰਿਆ।

ਜਦੋਂ ਉਨ੍ਹਾਂ ਦਾ ਕਾਫ਼ਲਾ 'ਸਿਸਟਮ ਦੀ ਰਾਜਧਾਨੀ' ਦੇ ਨੇੜੇ ਪੁੱਜਾ ਤਾਂ ਉਹ ਸਾਰੇ ਇਹ ਦੇਖਕੇ ਹੈਰਾਨ ਰਹਿ ਗਏ ਕਿ ਕਿੰਨੇ ਹੀ ਸੱਚਮੁੱਚ ਦੇ ਕਾਕਰੋਚ ਉਥੇ ਉੱਗ ਆਏ ਸਨ ਤੇ ਏਧਰ ਓਧਰ ਦੌੜ ਰਹੇ ਸਨ। ਕੁਝ ਮੂਧੇ ਮੂੰਹ,ਉੱਠਣ ਦੀ ਕੋਸ਼ਿਸ਼ 'ਚ ਵੀ ਲੱਗੇ ਸਨ।

ਪਰ ਸਭ ਤੋਂ ਵਧੇਰੇ ਹੈਰਾਨੀ ਵਾਲੀ ਗੱਲ ਇਹ ਕਿ ਕੁਦਰਤ ਵੱਲੋਂ ਬਖਸ਼ਿਸ਼ ਕੀਤੇ ਉਨ੍ਹਾਂ ਦੇ ਸਫ਼ੇਦ ਲਹੂ ਦਾ ਰੰਗ ਮਨੁੱਖਾਂ ਵਾਂਗ ਹੀ ਲਾਲ ਸੀ!

ਸ਼ਹਿਬਾਜ਼ ਸਿੰਘ ਦੇ ਸਿਰ ਦਾ ਲਹੂ ਹੁਣ ਹੌਲੀ ਹੌਲੀ ਸੁੱਕ ਰਿਹਾ ਸੀ।

ਉਸ ਆਪਣੇ ਕੁੜਤੇ ਦੀ ਜੇਬ 'ਚੋਂ ਪੈਨ ਕੱਢਦਿਆਂ ਐਲਾਨ ਕੀਤਾ,' ਹੁਣ ਉਹ ਕਵਿਤਾ ਵੀ ਲਿਖੇਗਾ ਤੇ ਕਹਾਣੀਆਂ

## 2. ਦਰਿੰਦਾ-ਨਾਚ

ਆਖ਼ਰ ਉਨ੍ਹਾਂ ਉਹੀ ਕੀਤਾ ਜਿਸ ਬਾਰੇ ਖਦਸ਼ਾ ਜਤਾਇਆ ਜਾ ਰਿਹਾ ਸੀ!

ਉਨ੍ਹਾਂ ਦੇ ਪਿਆਦੇ ਆਏ ਤੇ ਪ੍ਰੇਮ ਪ੍ਰਕਾਸ਼ ਦੇ ਪਹਿਲਾਂ ਚਪੇੜਾਂ ਤੇ ਠੁੱਡੇ ਮਾਰੇ। ਜਦੋਂ ਉਸ ਆਪਣੀ ਈਨ ਨਾ ਮੰਨੀ ਤੇ ਆਪਣੇ ਨੇਕ ਇਰਾਦੇ ਤੋਂ ਨਾ ਥਿੜਕਿਆ ਤੇ ਨਾ ਡੋਲਿਆ ਤਾਂ ਉਨ੍ਹਾਂ ਸੱਭ ਤੋਂ ਪਹਿਲਾਂ ਉਸ ਦੀ ਛਾਤੀ 'ਤੇ ਵਾਰ ਕੀਤਾ ਤਾਂਕਿ ਉਹ ਅਣਖ ਨਾਲ ਜਿਉਣਾ ਭੁੱਲ ਜਾਵੇ।

ਫੇਰ ਉਨ੍ਹਾਂ ਉਸ ਦੇ ਪੇਟ 'ਤੇ ਏਨੇ ਮੁੱਕੇ ਮਾਰੇ ਤਾਂਕਿ ਉਹ ਰੋਟੀ ਦਾ ਨਾਂ ਤੱਕ ਨਾ ਲੈ ਸਕੇ! ਹੁਣ ਉਸਦੇ ਕੰਨਾਂ 'ਚ ਸਿੱਕਾ ਢਾਲ ਦਿੱਤਾ ਗਿਆ ਤਾਂਕਿ ਉਹ ਕੁਝ ਵੀ ਸੁਣ ਨਾ ਸਕੇ।

ਹੁਣ ਉਨ੍ਹਾਂ ਪ੍ਰੇਮ ਪ੍ਰਕਾਸ਼ ਦੀਆਂ ਅੱਖਾਂ 'ਚ ਗਰਮ ਸਲਾਖਾਂ ਪਾ ਕੇ ਉਸਨੂੰ ਲਗਭਗ ਅੰਨ੍ਹੇ ਹੀ ਕਰ ਦਿੱਤਾ। ਅੰਨ੍ਹਾ ਕੀ ਦੇਖੇਗਾ'!

ਉਸਦੀ ਜੀਭ ਵੀ ਕੱਟ ਦਿੱਤੀ ਗਈ ਤਾਂਕਿ ਉਹ ਬੋਲਣੋਂ ਵੀ ਰਹਿ ਜਾਵੇ।

ਉਸ ਦੇ ਸਿਰ 'ਤੇ ਵੀ ਹਮਲਾ ਕੀਤਾ। ਉਸਦੀ ਸੋਚਣ ਸ਼ਕਤੀ ਵੀ ਜਾਂਦੀ ਰਹੀ। ਹੁਣ ਲੱਤਾਂ ਤੋੜਨ ਦੀ ਵਾਰੀ ਸੀ। ਤੋੜ ਦਿੱਤੀਆਂ ਤੇ ਪੈਰ ਵੀ ਭੰਨ ਸੁੱਟੇ।

ਜਾਣ ਲੱਗਿਆਂ ਚੇਤਾ ਆਇਆ,'ਅਸਲ ਸ਼ੈਅ ਤਾਂ ਰੈਅ'ਗੀ!'

ਉਨ੍ਹਾਂ ਦਾ ਮੁਖੀ ਬੋਲਿਆ,' ਏਸ ਦੀਆਂ ਬਾਹਾਂ ਤੋੜ ਸੁੱਟੋ ਤੇ ਹੱਥ ਵੀ ਖੋਹ ਲਵੋ'!

ਤੇ ਠੀਕ ਉਨ੍ਹਾਂ ਇਸੇਤਰ੍ਹਾਂ ਕੀਤਾ। ਉਹ ਚਾਹੁੰਦੇ ਸਨ ਕਿ ਉਹ ਕਿਰਤ ਦਾ ਸਿਧਾਂਤ ਵੀ ਭੁੱਲ ਜਾਵੇ!

ਪਰ ਜਦੋਂ ਉਹ ਪ੍ਰੇਮ ਪ੍ਰਕਾਸ਼ ਨੂੰ ਬੁਰੀ ਤਰ੍ਹਾਂ ਕੁੱਟ ਮਾਰ ਕੇ ਜਾਣ ਲੱਗੇ ਤਾਂ ਉਨ੍ਹਾਂ ਸਾਰਿਆਂ ਦੇ ਕੰਨੀਂ ਇੱਕ ਆਵਾਜ਼ ਗੂੰਜੀ,' ਮੈਨੂੰ ਜਾਂ ਮੇਰੇ ਜਿਹੇ ਕੁਝ ਹੋਰਨਾਂ ਨੂੰ ਮਾਰ ਕੇ ਵੀ ਤੁਸੀਂ ਲੋਕ ਕੀ ਪਾਓਗੇ!'

ਉਹ ਰੁਕੇ। ਤੇ ਫੇਰ ਜਦੋਂ ਤੁਰਣ ਲੱਗੇ? ਤਾਂ ਉਨ੍ਹਾਂ ਨੂੰ ਜਾਪਿਆ ਜਿਵੇਂ ਕੋਈ ਹੱਸਿਆ ਵੀ ਹੋਵੇ,' ਤੋੜ ਦਿਓਂਗੇ, ਮਾਰ ਦਿਓਂਗੇ, ਪ੍ਰੰਤੂ ਸਾਡੀ ਸੋਚ ਤੇ ਵਿਚਾਰ ਨੂੰ ਕਿਵੇਂ ਖ਼ਤਮ ਕਰੋਂਗੇ- !?

## 3. ਟੁੰਡੀ ਬਾਂਹ

ਸੋਗੀ ਤੇ ਗ਼ਮਗੀਨ ਮਾਹੌਲ ਸੀ।

ਸਟੇਟ ਤੇ ਸੈਂਟਰ ਸਰਕਾਰਾਂ ਅਨਾਊਂਸਮੈਂਟ ਕਰਕੇ ਅਲੋਪ ਹੋ ਗਈਆਂ ਸਨ।

ਦੁੱਖ ਵੰਡਾਉਣ ਆਈ ਭੀੜ ਵੀ ਹੌਲੀ-ਹੌਲੀ ਵਿਖਰ ਰਹੀ ਸੀ?

ਸੂਬੇਦਾਰ ਗੁਰਨਾਮ ਸਿੰਘ ਆਪਣੇ ਇਕਲੌਤੇ ਪੁੱਤਰ ਦੀ ਦੇਹ ਕੋਲ ਉਦਾਸ ਖੜ੍ਹਾ ਸੀ।

ਆਖ਼ਰ ਉਹ ਗੋਡਿਆਂ ਪਰਨੇ ਬੈਠ ਗਿਆ। ਦਯਾਵੰਤੀ ਵੀ ਉਸ ਦੇ ਕੋਲ ਹੀ ਬੈਠ ਗਈ। ਉਨ੍ਹਾਂ ਦੋਹਾਂ ਦੀਆਂ ਅੱਖਾਂ ਦੇ ਕੋਏ 'ਚ ਹੰਝੂ ਜੰਮ ਗਏ ਸਨ। ਗੁਰਨਾਮ ਸਿੰਘ ਨੇ ਆਪਣੇ ਪੁੱਤਰ ਦੇ ਮੁਰਦਾ ਅੰਗਾਂ ਨੂੰ ਇੱਕ-ਇੱਕ ਕਰਕੇ ਟੋਹਿਆ ਤੇ ਉਸਦੀ ਭੁੱਬ ਨਿਕਲ ਗਈ। ਦਯਾਮੰਤੀ ਦੁਹੱਥੜ ਪਿੱਟ ਕੇ ਰੋਣ ਲੱਗੀ।

ਮਾਹੌਲ ਹੋਰ ਵੀ ਉਦਾਸ ਤੇ ਗ਼ਮਗ਼ੀਨ ਹੋ ਗਿਆ।

-ਮੇਰੇ ਪੁੱਤਰ ਦੀ ਕਿਸੇ ਨਾਲ ਕੀ ਦੁਸ਼ਮਣੀ ਸੀ!' ਦਮਯੰਤੀ ਰੋ ਰੋਕੇ ਬੋਲਦੀ ਜਾ ਰਹੀ ਸੀ।

-ਸਵੇਰੇ ਸਵੇਰੇ ਤਿਆਰ ਹੋਕੇ ਸ਼ਹਿਰ ਇੰਟਰਵਿਊ ਦੇਣ ਗਿਆ ਸੀ ਤੇ ਇਹ ਭਾਣਾ ਵਰਤ ਗਿਆ!' ਗੁਰਨਾਮ ਸਿੰਘ ਦੇ ਮੂੰਹੋਂ ਫੇਰ ਇਹ ਸ਼ਬਦ ਨਿੱਕਲੇ ਤੇ ਮਾਹੌਲ ਨੂੰ ਹੋਰ ਸੋਗਮਈ ਬਣਾ ਗਏ।

-ਸਰਕਾਰੋ! ਮੈਂ ਥੋਡੇ ਰੁਪਈਏ ਕੀ ਫੂਕਣੇ ਨੇ ਜਦੋਂ ਮੇਰਾ ਇਕਲੌਤਾ ਲਾਲ ਈ ਨਾ ਰਿਹਾ!'

ਅਤੇ ਕੁਝ ਪਲ ਦੇ ਸੱਨਾਟੇ ਉਪਰੰਤ ਗੁਰਨਾਮ ਸਿੰਘ ਦੇ ਮੂੰਹੋਂ ਇਹ ਬੋਲ ਨਿੱਕਲੇ' ਸਰਕਾਰਾਂ ਤੇ ਅੱਤਵਾਦੀਆਂ 'ਚ ਕੀ ਫ਼ਰਕ ਐ!'

ਏਨਾ ਕਹਿੰਦਿਆਂ ਉਸਦੀ ਟੁੰਡੀ ਬਾਂਹ ਹਵਾ 'ਚ ਲਹਿਰਾਉਣ ਲੱਗੀ।

### 4. ਹਲਕੇ ਕੁੱਤਿਆਂ ਦੀ ਫਾਈਲ

ਉਹ ਕਵੀ ਤੇ ਸਾਹਿਤਕਾਰ ਤਾਂ ਆਖ਼ਰ ਗ਼ਲਬਾ ਮਾਸਟਰ ਹੀ ਨਿੱਕਲਿਆ!

ਹਰ ਛੋਟੀ ਵੱਡੀ ਸਾਹਿਤਕ ਮਹਿਫ਼ਲ 'ਚ ਗੁਰਜਾਪ ਸਿੰਘ ਦੀ ਚਰਚਾ ਸੀ। ਉਂਝ ਤਾਂ ਕੁਝ ਹੋਰ ਨਾਂ ਵੀ ਸਨ ਜਿਨ੍ਹਾਂ 'ਤੇ ਗਲਬਾ ਮਾਸਟਰ ਦਾ ਠੱਪਾ ਲੱਗ ਚੁੱਕਾ ਸੀ ਮਸਲਨ ਦਰਬਾਰ ਸਿੰਘ,ਹੁਕਮ ਸਿੰਘ,ਅਨਮੋਲ ਰਤਨ ਵਗੈਰਾ ਵਗੈਰਾ। ਪਰ ਗੁਰਜਾਪ ਸਿੰਘ ਇਨ੍ਹਾਂ ਸਭ ਦਾ ਉਸਤਾਦ ਸੀ। ਦੂਸਰਿਆਂ ਕੋਲ ਤਾਂ ਇੱਕ-ਇੱਕ ਅਕਾਦਮਿਕ ਜਾਂ ਸਾਹਿਤਕ ਅਦਾਰੇ ਦਾ ਅਹੁਦਾ ਸੀ ਪਰ ਗੁਰਜਾਪ ਸਿੰਘ ਬਹੁਤ ਸਾਰੀਆਂ ਕੁਰਸੀਆਂ ਦਾ ਪ੍ਰਧਾਨ ਜਾਂ ਚੇਅਰਮੈਨ ਸੀ। ਇਨ੍ਹਾਂ ਦੀ ਸਰਪ੍ਰਸਤੀ 'ਚ ਕੁਝ ਵੱਡੇ ਮੈਗਜ਼ੀਨ ਵੀ ਪ੍ਰਕਾਸ਼ਿਤ ਹੁੰਦੇ ਸਨ। ਸਾਹਿਤਕ ਤੇ ਅਕਾਦਮਿਕ ਇਨਾਮਾਂ ਸਨਮਾਨਾਂ ਦੇ ਠੇਕੇ ਵੀ ਇਨ੍ਹਾਂ ਮਹਾਂ ਪੁਰਖਾਂ ਨੂੰ ਹੀ ਅਲਾਟ ਹੁੰਦੇ ਸਨ।

ਇਨ੍ਹਾਂ ਸੱਜਣਾਂ ਦੀਆਂ ਆਪਹੁਦਰੀਆਂ ਤੇ ਬੇਨਿਯਮੀਆਂ ਵਿਰੁੱਧ ਚੁੰਝ ਚਰਚਾ ਤਾਂ ਚੱਲਦੀ ਰਹਿੰਦੀ ਪਰ ਖੁੱਲ੍ਹਕੇ ਕੋਈ ਮਾਈ ਦਾ ਲਾਲ ਨਾ ਨਿੱਤਰਦਾ?।

ਪਰ ਇੱਕ ਰੋਜ਼ ਜਦੋਂ ਇਨ੍ਹਾਂ ਵੱਲੋਂ ਵੱਡੇ ਸਾਹਿਤਕ ਇਨਾਮ ਭੁੰਡਣ ਲਈ ਜਾਂ ਆਪਣੇ ਚਹੇਤਿਆਂ ਨੂੰ ਦਿਵਾਉਣ ਲਈ ਇੱਕ ਮੀਟਿੰਗ ਸੱਦੀ ਤਾਂ ਇੱਕ ਸੂਹੀਆ ਕੁੱਤਾ ਵੀ ਉੱਥੇ ਪਹੁੰਚ ਗਿਆ ਤੇ ਬਿਨ੍ਹਾਂ ਭੌਂਕੇ ਹੀ ਇੱਕ-ਇੱਕ ਨੂੰ ਪੈ ਨਿੱਕਲਿਆ।

ਕਹਿੰਦੇ ਨੇ ਉਹ ਹਲਕਿਆ ਹੋਇਆ ਸੀ। ਸਾਰੇ ਇਸ ਗੱਲੋਂ ਡਰ ਗਏ ਤੇ ਨੱਸਕੇ ਸ਼ੀਸ਼ਿਆਂ 'ਚ ਦੇਖਣ ਲੱਗੇ ਕਿ ਉਨ੍ਹਾਂ ਦੇ ਮੂੰਹਾਂ 'ਚੋਂ ਕਿਤੇ ਝੱਗ ਤਾਂ ਨਹੀਂ ਨਿੱਕਲ ਰਹੀ।

ਉਨ੍ਹਾਂ ਦੇ ਇਹ ਕਾਰਜ ਕਰਦਿਆਂ-ਕਰਦਿਆਂ ਕੁੱਤੇ ਨੇ ਆਪਣਾ ਕਾਰਜ ਆਰੰਭ ਦਿੱਤਾ ਤੇ ਇਨਾਮਾਂ-ਸਨਮਾਨਾਂ ਵਾਲੀ ਫਾਈਲ ਲੈ ਕੇ ਦੌੜ ਗਿਆ।

--ਹੁਣ ਕਿੰਨੇ ਹੀ ਦਿਨ੍ਹਾਂ ਤੋਂ ਉਹ ਸਾਰੇ ਗ਼ਲਬਾ ਮਾਸਟਰ ਹਲਕੇ ਕੁੱਤਿਆਂ ਵਾਂਗ ਉਸ ਫਾਈਲ ਨੂੰ ਭਾਲਣ 'ਤੇ ਲੱਗੇ ਹੋਏ ਹਨ।

### 5. ਅਧਰਮੀ

ਜਦੋਂ ਭੀੜ ਨੇ ਉਸ ਨਿਹੱਥੇ ਨੂੰ ਉਸਦੀ ਪਛਾਣ ਪੁੱਛਕੇ ਘੇਰ ਲਿਆ ਤੇ ਕੁੱਟਣਾ ਆਰੰਭ ਦਿੱਤਾ ਤਾਂ ਉਹ ਮੁਕਾਬਲਾ ਤੇ ਬਚਾਓ ਕਰਦਾ ਹੋਇਆ ਉਥੋਂ ਭੱਜ ਨਿੱਕਲਿਆ ਤੇ ਇੱਕ ਸਕੂਲ 'ਚ ਜਾ ਵੜਿਆ।

ਸਕੂਲ ਦੇ ਗੇਟ 'ਤੇ ਖੜ੍ਹੀ ਮਾਈ ਉਸਨੂੰ ਰੋਕਣ ਲੱਗੀ, ਪਰ ਉਸਦੀ ਹਾਲਤ ਦੇਖਕੇ ਇੱਕਦਮ ਪਿੱਛੇ ਹੱਟ ਗਈ।

ਅਧਿਆਪਕਾਵਾਂ ਤੇ ਵਿਦਿਆਰਥਣਾਂ ਪਹਿਲਾਂ ਤਾਂ ਕੁਝ ਘਬਰਾ ਉੱਠੀਆਂ ਕਿ ਖੁੱਲ੍ਹੇ ਵਾਲਾਂ ਵਾਲਾ ਕੋਈ ਪਾਗ਼ਲ ਹੈ! ਪਰ ਫੇਰ ਉਸਦੇ ਸਿਰ ਤੇ ਸਰੀਰ 'ਚੋਂ ਸਿੰਮ ਰਹੇ ਖ਼ੂਨ ਨੂੰ ਦੇਖਕੇ ਉਨ੍ਹਾਂ ਦੇ ਦਿਲ ਪਸੀਜ ਉੱਠੇ।

ਭੀੜ ਸਕੂਲ ਦੇ ਅੰਦਰ ਘੁਸ ਆਈ ਸੀ। ਪਰ ਜਦੋਂ ਉਨ੍ਹਾਂ ਉਸ ਬੇਪਛਾਣ ਸ਼ਖ਼ਸ 'ਤੇ ਮੁੜ ਹਮਲਾ ਕਰਨਾ ਚਾਹਿਆ ਤਾਂ ਉਹ ਮਨੁੱਖੀ ਕੰਧ ਬਣ ਕੇ ਖੜ੍ਹੀਆਂ ਹੋ ਗਈਆਂ।

ਕੁਝ ਅਧਿਆਪਕਾਵਾਂ ਤੇ ਵਿਦਿਆਰਥਣਾਂ ਇਕੱਠਿਆਂ ਹੀ ਬੋਲ ਉੱਠੀਆਂ,' ਖ਼ਬਰਦਾਰ, ਜੇ ਅੱਗੇ ਵੱਧੇ ਤਾਂ!'

ਇਹ ਤਾੜਨਾ ਸੁਣਕੇ ਭੀੜ ਇੱਕਦਮ ਰੁਕ ਗਈ।

ਸਕੂਲ ਦੀ ਇੱਕ ਵਡੇਰੀ ਉਮਰ ਦੀ ਅਧਿਆਪਕਾ ਬੋਲਣ ਲੱਗੀ,' ਇੱਕ ਇਨਸਾਨ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਤੁਸੀਂ ਸਾਰੇ ਸ਼ੈਤਾਨ ਹੋ! ਤੁਹਾਡੀਆਂ ਸੂਰਤਾਂ ਤੇ ਕੱਪੜੇ ਦੇਖਕੇ ਤਾਂ ਲੱਗਦਾ ਹੈ ਕਿ ਤੁਸੀਂ ਪੜ੍ਹੇ-ਲਿਖੇ ਹੋ! ਪਰ ਤੁਹਾਡੀਆਂ ਹਰਕਤਾਂ ਤੋਂ ਮਹਿਸੂਸ ਹੁੰਦੈ ਕਿ ਤੁਸੀਂ ਕੋਰੇ ਅਨਪੜ੍ਹ ਤੇ ਅਧਰਮੀ ਹੋ!'

--ਹੌਲੀ-ਹੌਲੀ ਭੀੜ ਹੁਣ ਪਿਛਾਂਹ ਮੁੜਨ ਲੱਗੀ ਸੀ।

* * *

# ਲਖਵਿੰਦਰ ਸਿੰਘ ਬਾਜਵਾ ਦੀ ਕਵਿਤਾ


ਲਖਵਿੰਦਰ ਸਿੰਘ ਬਾਜਵਾ

9416734506

9729608492


### ਕਵੀ ਚਸ਼ਮੇ ਨੂੰ

ਵਾਹ ਵਾਹ ਆਬਸ਼ਾਰ ਤੂੰ ਸੋਹਣਾ, ਤੇਰਾ ਅਜ਼ਬ ਨਜ਼ਾਰਾ।
ਕੀਲ ਬਹਾਇਆ ਕਵੀ, ਪਿਆ ਜਾਂ ਇੱਕ ਤੇਰਾ ਝਲਕਾਰਾ।
ਦੱਸ ਖਾਂ ਮੈਨੂੰ ਹੁਸਨ ਅਨੋਖਾ, ਤੂੰ ਕਿੱਥੋਂ ਕਿੰਜ ਪਾਇਆ।
ਹਰ ਰਾਹੀ ਨੂੰ ਦੀਦ ਨਜ਼ਾਰੇ, ਤੇਰੇ ਕੀਲ ਬਹਾਇਆ।

### ਕਵੀ ਨੂੰ ਜਵਾਬ

ਆਬਸ਼ਾਰ ਦਾ ਹੁਸਨ ਵੇਖ ਕੇ, ਕਿਓਂ ਕਵੀਆ ਖੁਸ਼ ਹੋਵੇਂ।
ਸੰਗ ਚਟਾਨਾਂ ਚੋਟਾਂ ਖਾ ਖਾ, ਰੋਂਦਾ ਵੇਖ ਨਾ ਰੋਵੇਂ ?
ਤੂੰ ਡਿੱਠਾ ਬੱਸ ਹਾਸਾ ਮੇਰਾ, ਜੋ ਕਿਸਮਤ ਤੇ ਹੱਸਿਆ।
ਛਲਕੇ ਤੱਕ ਬਿਰਹਾ ਦੇ ਹੰਝੂ, ਕਿਓਂ ਨਾ ਚਿੰਤ ਗਰਸਿਆ।
ਏਥੇ ਸਭ ਹੁਸਨ ਦੇ ਆਸ਼ਕ, ਗਾਹਕ ਦਰਦ ਦਾ ਕਿਹੜਾ।
ਉਸ ਤੋਂ ਵੱਟ ਜਾਣ ਸਭ ਪਾਸਾ, ਦਰਦ ਸੁਣਾਵੇ ਜਿਹੜਾ।
ਬਰਫਾਂ ਲੱਦੀ ਚੋਟੀ ਉੱਤੇ, ਸੀਤ ਸਹਾਰੀ ਜੰਮਿਆਂ।
ਮੈਂ ਪਰਬਤ ਦਾ ਹੰਝੂ ਬਣ ਕੇ, ਵਗਿਆ ਜਰਾ ਨਾ ਥੰਮਿਆਂ।
ਬੱਦਲ ਨੇ ਪਰਬਤ ਸੰਗ ਖਾ ਕੇ, ਠੋਕਰ ਅੱਥਰੂ ਕੇਰੇ।
ਪੀ ਗਈਆਂ ਬਰਫਾਂ ਤਰਿਹਾਈਆਂ, ਭਿੱਜੇ ਹੋਠ ਤਰੇਰੇ।
ਫਿਰ ਸੂਰਜ ਦੀਆਂ ਕਿਰਨਾ ਲੂਹਿਆ, ਸੀਤ ਬਰਫ ਦਾ ਮੱਥਾ।
ਉਹਨਾ ਦਾ ਹੰਝੂ ਬਣ ਵਗਿਆ, ਤੁਰਿਆ ਤੱਤ ਭੜੱਥਾ।
ਉੱਚਿਓਂ ਡਿੱਗ ਡਿੱਗ ਖਾਵਾਂ ਸੱਟਾਂ, ਉੱਡਾਂ ਬਣ ਬਣ ਛਿੱਟਾਂ।
ਕਰਾਂ ਵਿਲਾਪ ਸੰਗੀਤ ਕਹੇਂ ਤੂੰ? ਮੈਂ ਦੁੱਖਾਂ ਵਿੱਚ ਪਿੱਟਾਂ।
ਤੇਰੇ ਲਈ ਮੈਂ ਰੂਪ ਹੁਸਨ ਦਾ, ਕੇਵਲ ਇੱਕ ਨਜ਼ਾਰਾ।
ਕਿਓਂਕਿ ਤੂੰ ਹੈ ਕੇਵਲ ਡਿੱਠਾ, ਉਪਰ ਦਾ ਝਲਕਾਰਾ।
ਮੈਂ ਉਹ ਕੰਜਕ ਜਿਹੜੀ ਮੁੱਢੋਂ, ਮਜ਼ਬੂਰੀ ਦੀ ਮਾਰੀ।
ਉਤੋਂ ਹੱਸਾਂ ਵਿੱਚੋਂ ਰੋਵਾਂ, ਸੂਰਤ ਹੁਸਨ ਸ਼ਿੰਗਾਰੀ।
ਨਿੱਤ ਠੋਕਰਾਂ ਨਵੀਆਂ ਲੱਗਣ, ਪੈਂਡਾ ਬਿਖੜਾ ਔਖਾ।
ਏਸ ਆਸ ਵਿੱਚ ਤੁਰਦੀ ਜਾਵਾਂ, ਹੋਏ ਮਤੇ ਸਾਹ ਸੌਖਾ।
ਤਾਂਘ ਨਦੀ ਦੀ ਹਿੱਕ ਤੇ ਕੁਝ ਪਲ, ਸ਼ਾਂਤੀ ਨਾਲ ਬਿਤਾਵਾਂ।
ਤਦੋਂ ਪਹਾੜੋਂ ਡਿੱਗਦਾ ਢਹਿੰਦਾ, ਸ਼ਾਂਤ ਨਦੀ ਵੱਲ ਜਾਵਾਂ।
ਐਪਰ ਲੋਕਾਂ ਗੰਦਾ ਕੀਤਾ, ਕੁੱਲ ਨਦੀਆਂ ਦਾ ਪਾਣੀ।
ਜੀਵਨ ਪੰਧ ਔਖੇਰਾ ਹੋਇਆ, ਦੁੱਖਾਂ ਭਰੀ ਕਹਾਣੀ।
ਫੇਰ ਵਸਲ ਦੀ ਆਸ ਲਗਾਈ, ਪ੍ਰੀਤਮ ਮਨੋ ਚਿਤਾਇਆ।
ਉਸ ਦੇ ਮਿਲਿਆਂ ਸੁਖ ਹੋਵੇਗਾ, ਕਿਸੇ ਯਕੀਨ ਦਿਵਾਇਆ।
ਲਹਿਰਾਂ ਨਾਲ ਹਿਲੋਰੇ ਲੈਂਦਾ, ਸਾਗਰ ਵੱਲ ਰਵਾਨੀ।
ਥਾਂ ਥਾਂ ਖਾਧੇ ਜ਼ਖ਼ਮਾਂ ਉਤੇ, ਲੂਣ ਲਾਏ ਦਿਲ ਜਾਨੀ।
ਡਰਦਾ ਓਥੋਂ ਫਿਰ ਨੱਸ ਤੁਰਸਾਂ, ਚੜ੍ਹ ਕੰਧਾੜੇ ਪੌਣਾ।
ਆਵਾਗਮਨ ਏਸ ਚੋਂ ਯਾਰਾ, ਕਿੰਜ ਛੁਟਕਾਰਾ ਪਾਉਣਾ।
ਇਹ ਜੀਵਨ ਹੈ ਕੈਸਾ ਜੀਵਨ, ਮਿਰਗ ਤ੍ਰਿਸ਼ਨਾ ਵਾਲਾ।
ਏਦੂੰ ਅੱਗੇ ਸੁੱਖ ਹੋਵੇਗਾ, ਦਰਦ ਕਰੇਗਾ ਟਾਲਾ।
ਜਿੱਦਾਂ ਕੋਈ ਦੁਮੇਲ ਫੜਨ ਲਈ, ਦੌੜੇ ਬਿਨਾ ਵਿਚਾਰੇ।
ਅੱਗੋਂ ਕੁਝ ਵੀ ਹੱਥ ਨਾ ਆਵੇ, ਪਿੱਛਲੇ ਦੂਰ ਕਿਨਾਰੇ।

### ਜਵਾਬ ਕਵੀ

ਤੇਰੇ ਆਵਾਗਮਨ ਏਸ ਵਿੱਚ, ਹੀ ਜੀਵਨ ਦੀਆਂ ਸਾਰਾਂ।
ਖ਼ਿਜ਼ਾ ਬਾਗ ਨੂੰ ਸਾੜ ਸੁਕਾਵੇ, ਪਰਤਣ ਫੇਰ ਬਹਾਰਾਂ।
ਜਨਨੀ ਪੀੜ ਸਹੇ ਪ੍ਰਸੂਤੀ, ਫਿਰ ਹੀ ਜਨਮੇ ਬੱਚਾ।
ਸੁਣੇ ਬਾਲ ਦੀ ਇੱਕ ਕਿਲਕਾਰੀ, ਭੁੱਲ ਜਾਵੇ ਦੁੱਖ ਜੱਚਾ।
ਇਹ ਜੀਵਨ ਦੁੱਖ ਸੁੱਖ ਦਾ ਦਰਿਆ, ਵਗਦਾ ਰਹਿਣਾ ਚਾਹੀਏ।
ਮੁਸ਼ਕਿਲ ਵਿੱਚ ਹੌਸਲਾ ਰੱਖੀਏ, ਤਾਂ ਮਗਰੋਂ ਸੁੱਖ ਪਾਈਏ।
ਨਾ ਘਬਰਾਈਏ ਦੁੱਖ ਤਕਲੀਫੋਂ, ਜੀਵਨ ਭਾਰ ਨਾ ਮੰਨੀਏ।
ਨਾ ਕੁਦਰਤ ਦੇ ਨਾਲ ਕਦੇ ਵੀ, ਭੁੱਲ ਕੇ ਦਾਹਵੇ ਬੰਨ੍ਹੀਏ।
ਇਹ ਗਮਾਂ ਖੁਸ਼ੀਆਂ ਦੀ ਲਹਿਰ, ਜਾਂਦੀ ਆਉਂਦੀ ਰਹਿੰਦੀ।
ਇਹ ਜੀਵਨ ਦਾ ਅਸਲੀ ਮਕਸਦ, ਵੀ ਸਮਝਾਉਂਦੀ ਰਹਿੰਦੀ।
ਸਾਗਰ ਵਿੱਚੋਂ ਪੈਦਾ ਹੋ ਕੇ, ਸਾਗਰ ਵਿੱਚ ਮਿਲ ਜਾਣਾ।
ਚੱਕਰ ਚੱਲਦਾ ਇਹ ਅਜ਼ਲ ਤੋਂ, ਚੱਲਦਾ ਹੀ ਇਹ ਰਹਿਣਾ।
ਸੰਗ ਮੁਸ਼ਕਿਲਾਂ ਜੀਵਨ ਖਾਤਰ, ਜੋ ਦੋ ਚਾਰ ਨਾ ਹੋਵੇ।
ਸਮਝ ਬਾਜਵਾ ਉਸ ਦੇ ਤਾਈਂ, ਜੀਵਨ ਸਾਰ ਨਾ ਹੋਵੇ।

ਪੁਸਤਕ ਚਰਚਾ :

ਸੰਵਾਦ ਰਚਾਉਂਦੀ ਨਿਬੰਧਕਾਰੀ ਦੇ ਸਹਿਜ ਪ੍ਰਵਚਨ :


-ਡਾ.ਪ੍ਰਿਤਪਾਲ ਸਿੰਘ ਮਹਿਰੋਕ

98885-10185

# 'ਜਵਾਬ ਅਜੇ ਬਾਕੀ ਹੈ...'

ਸਵੈਜੀਵਨੀ ਮੂਲਕ ਨਿਬੰਧਾਂ ਤੇ ਸੁਹਜਮਈ ਪ੍ਰਵਚਨਾਂ ਨਾਲ ਓਤਪੋਤ ਇਸ ਕਿਤਾਬ ਦੀ ਰਚਨਾ ਕਰਨ ਨਾਲ ਦੇਸ਼ ਬੀਰ ਆਪਣੀ ਤੀਜੀ ਪੁਸਤਕ ਲੈ ਕੇ ਪਾਠਕਾਂ ਦੇ ਸਨਮੁੱਖ ਹੋ ਰਿਹਾ ਹੈ। ਉਹ ਅੰਗਰੇਜ਼ੀ,ਹਿੰਦੀ ਤੇ ਪੰਜਾਬੀ ਭਾਸ਼ਾਵਾਂ ਵਿੱਚ ਰਚਨਾ ਕਰਦਾ ਹੈ ਅਤੇ ਇਨ੍ਹਾਂ ਭਾਸ਼ਾਵਾਂ ਦੇ ਪ੍ਰਬੁੱਧ ਪ੍ਰਵਕਤਾ ਵਜੋਂ ਵੀ ਉਹ ਵਿਸ਼ੇਸ਼ ਪਛਾਣ ਰੱਖਦਾ ਹੈ। ਕਵਿਤਾ ਦੀ ਰਚਨਾ ਕਰਨ ਤੇ ਵਾਰਤਕ ਰਾਹੀਂ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਰਨ ਵਿੱਚ ਉਸਨੂੰ ਵਿਸ਼ੇਸ਼ ਮੁਹਾਰਤ ਹਾਸਿਲ ਹੈ। ਵਿਸਤ੍ਰਿਤ ਕੈਨਵਸ ਉਪਰ ਮਿਆਰੀ ਰਚਨਾ ਕਰਨ ਦੇ ਨਾਲ-ਨਾਲ ਸਮਕਾਲ ਦੇ ਚਲੰਤ ਮਸਲਿਆਂ ਉਪਰ ਲਿਖੇ ਉਸਦੇ ਨਿਬੰਧ ਤੇ ਕਵਿਤਾਵਾਂ ਚਰਚਾ ਵਿੱਚ ਰਹਿੰਦੇ ਹਨ। ਪੁਸਤਕ ਵਿੱਚ ਦਰਜ ਬਹੁਤੇ ਨਿਬੰਧ ਦੇਸ਼ ਵਿਦੇਸ਼ ਦੀਆਂ ਵਿਭਿੰਨ ਤੇ ਸੁਪ੍ਰਸਿੱਧ ਪੱਤ੍ਰਕਾਵਾਂ ਵਿੱਚ ਅੰਗਰੇਜ਼ੀ ਵਿੱਚ ਛਪ ਚੁੱਕੇ ਹਨ ਜਿਨ੍ਹਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਜ਼ਿੰਮੇਵਾਰੀ ਪ੍ਰਿੰ.ਰਜਿੰਦਰ ਕੌਰ ਨੇ ਬਾਖੂਬੀ ਨਿਭਾਈ ਹੈ। ਪੁਸਤਕ ਸਵਾਲ ਦਰ ਸਵਾਲ ਉਠਾਉਂਦੀ ਹੈ,ਉਨ੍ਹਾਂ ਦੇ ਜਵਾਬ ਮੰਗਦੀ ਹੈ ਤੇ ਪ੍ਰਗਟ ਹੁੰਦਾ ਹੈ ਇਕ ਮੁੱਲਵਾਨ ਦਸਤਾਵੇਜ਼ : 'ਜਵਾਬ ਅਜੇ ਬਾਕੀ ਹੈ...'। ਦੇਸ਼ ਬੀਰ ਨੇ ਆਪਣੇ ਬਚਪਨ ਦੀਆਂ ਯਾਦਾਂ ਦੇ ਅਮੀਰ ਖ਼ਜ਼ਾਨੇ ਨੂੰ ਸਾਂਭਣ ਦਾ ਯਤਨ ਕੀਤਾ ਹੈ। ਉਨ੍ਹਾਂ ਦਾ ਆਪਣਾ ਜੱਦੀ ਪਿੰਡ ਮਨਵੀਂ, ਜ਼ਿਲ੍ਹਾ ਹਮੀਰਪੁਰ, ਹਿਮਾਚਲ ਪ੍ਰਦੇਸ਼ (ਉਸ ਸਮੇਂ ਪੰਜਾਬ) ਵਿੱਚ ਸੀ। ਉਸਦੇ ਦਾਦਾ ਜੀ 19ਵੀਂ ਸਦੀ ਦੇ ਅਖੀਰਲੇ ਵਰ੍ਹ?ਆਂ ਵਿੱਚ ਇਥੇ ਆ ਕੇ ਵੱਸੇ ਸਨ। ਮੂਲ ਰਵਾਇਤਾਂ ਦੇ ਧਾਰਨੀ ਘੁੱਗ ਵੱਸਦੇ ਪਰਿਵਾਰ ਉਪਰ ਸਭ ਨੂੰ ਮਾਣ ਸੀ। ਉਥੇ ਹੀ ਉਨ੍ਹਾਂ ਦੀ ਜ਼ਮੀਨ ਤੇ ਘਰ ਸੀ। ਪਿੰਡ ਵਿੱਚ ਜ਼ਮੀਨ ਦੇ ਇਕ ਸਰਵ ਸਾਂਝੇ ਟੁਕੜੇ,ਜਿਸਨੂੰ 'ਘੋੜੀ ਕਾ ਖੇਤ' ਕਿਹਾ ਜਾਂਦਾ ਸੀ, 'ਤੇ ਉਸਦੇ ਦਾਦਾ ਜੀ ਦਾ ਵਿਸ਼ੇਸ਼ ਅਧਿਕਾਰ ਹੁੰਦਾ ਸੀ। ਇਹ ਨਿਸਚੇ ਹੀ ਆਪਣੇ ਪੁਰਖਿਆਂ 'ਤੇ ਫ਼ਖ਼ਰ ਮਹਿਸੂਸ ਕਰਨ ਵਾਲੀ ਗੱਲ ਹੈ।

ਭੋਲ਼ੇ-ਭਾਲ਼ੇ ਤੇ ਚੁਲਬੁਲੇ ਬਚਪਨ ਦੀਆਂ ਛੋਟੀਆਂ ਛੋਟੀਆਂ ਸ਼ਰਾਰਤਾਂ ਬਾਰੇ ਦੇਸ਼ ਬੀਰ ਬੜੀ ਬੇਬਾਕੀ ਨਾਲ ਲਿਖਦਾ ਹੈ। ਲੇਖਕ ਜਦੋਂ ਆਪਣੇ ਪਿਤਾ ਜੀ ਨਾਲ ਆਪਣੇ ਮਾਤਰ ਸਕੂਲ ਵਿੱਚ ਜਾਂਦਾ ਹੈ ਤਾਂ ਉਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਇਸੇ ਸਕੂਲ ਵਿੱਚ ਉਸਦੇ ਪਿਤਾ ਜੀ ਨੇ ਵੀ ਬਤੌਰ ਪ੍ਰਿੰਸੀਪਲ



ਸੇਵਾ ਨਿਭਾਈ ਸੀ। ਸਕੂਲ ਪੜ੍ਹਨ ਵੇਲੇ ਦੀਆਂ ਕੁਝ ਸਿਮਰਤੀਆਂ ਉਸਦੇ ਮਨ ਦੇ ਚਿਤਰਪਟ 'ਤੇ ਉਭਰ ਆਉਂਦੀਆਂ ਹਨ। ਜਿਵੇਂ ਡਾ. ਡੀ.ਐਸ. ਰਾਣਾ ਆਪਣੇ ਸਕੂਲ ਪ੍ਰਤੀ ਸ਼ਰਧਾ ਤੇ ਸਨੇਹ ਰੱਖਦੇ ਹਨ, ਤਿਵੇਂ ਹੀ ਪੁਸਤਕ ਦਾ ਲੇਖਕ ਵੀ ਆਪਣੇ ਸਕੂਲ ਪ੍ਰਤੀ ਪਿਆਰ ਭਾਵਨਾ ਦੇ ਸੂਤਰ ਵਿੱਚ ਬੱਝਾ ਹੋਇਆ ਹੈ ਹੈਡਮਾਸਟਰ ਦਾ ਬੇਟਾ ਹੋਣ ਦੇ ਨਾਤੇ ਵਿਦਿਆਰਥੀ ਜੀਵਨ ਵਿੱਚ ਹੀ ਲੇਖਕ ਅੰਦਰ ਸਵੈ-ਵਿਸ਼ਵਾਸ ਦੀ ਭਾਵਨਾ ਪਨਪਣ ਲੱਗਦੀ ਹੈ।

ਪਿਤਾ ਦੀਆਂ ਕਹੀਆਂ ਗੱਲਾਂ ਨੂੰ ਸਮਝਣ ਤੇ ਉਨ੍ਹਾਂ 'ਤੇ ਅਮਲ ਕਰਨ ਨਾਲ ਜ਼ਿੰਦਗੀ ਸੰਵਰ ਵੀ ਸਕਦੀ ਹੈ ਤੇ ਜ਼ਿੰਦਗੀ ਵਿੱਚ ਨਿਖਾਰ ਵੀ ਆ ਸਕਦਾ ਹੈ। ਪਿਤਾ ਦੇ ਵਿਅਕਤਿਤਵ ਦੇ ਮਹੱਤਵ ਨੂੰ ਪਛਾਨਣ ਵਾਲੀ ਅੱਖ/ਨੀਝ ਦਾ ਹੋਣਾ ਵਰਦਾਨ ਹੁੰਦਾ ਹੈ। ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਰੱਖਣ, ਬਚਪਨ ਦੇ ਦੋਸਤਾਂ, ਗਵਾਂਢੀਆਂ, ਸਹਿਪਾਠੀਆਂ ਆਦਿ ਨੂੰ ਯਾਦ ਕਰਨ,ਬਚਪਨ ਵਿੱਚ ਘਰ ਵਿੱਚ ਪਈ ਕਿਸੇ ਚੀਜ਼ ਨੂੰ ਖਾਂਦੇ ਰਹਿਣ ਦੇ ਚਸਕੇ ਨੂੰ ਚਿਤਵਨ ਆਦਿ ਨਾਲ ਜੁੜੀਆਂ ਸਿਮਰਤੀਆਂ ਨੂੰ ਲੇਖਕ ਬੜੀ ਸ਼ਿੱਦਤ ਨਾਲ ਰੇਖਾਂਕਿਤ ਕਰਦਾ ਹੈ। ਲੇਖਕ ਉਨ੍ਹਾਂ ਸਾਲਾਂ ਦੌਰਾਨ ਉਸ ਖਿੱਤੇ ਵਿੱਚ ਚਲਦੇ ਰਹੇ ਘਰਾਟਾਂ ਨੂੰ ਯਾਦ ਕਰਦਾ ਹੈ। ਜਲ ਭੰਡਾਰਾਂ ਦੇ ਨੇੜੇ ਰਹਿਣ ਦੇ ਰੁਮਾਂਚ ਨੂੰ ਮਾਨਣ ਤੇ ਧੌਲਾਧਾਰ ਦੇ ਪਿਛੋਕੜ ਵਾਲੇ ਸ਼ਾਂਤ ਵਾਤਾਵਰਨ ਵਾਲੇ ਚੌਗਿਰਦੇ ਵਿੱਚ ਰਹਿਣ ਦਾ ਮੌਕਾ ਹਾਸਲ ਕਰਨ ਨੂੰ ਉਹ ਆਪਣੀ ਖੁਸ਼ਕਿਸਮਤੀ ਸਮਝਦਾ ਹੈ। ਇਹ ਉਨ੍ਹਾਂ ਸਮਿਆਂ ਦੀਆਂ ਗੱਲਾਂ ਹਨ ਜਦੋਂ ਘਰਾਂ ਵਿੱਚ ਬਿਜਲੀ ਵੀ ਨਹੀਂ ਸੀ ਹੁੰਦੀ। ਪਹਾੜੀ ਰਸਤਿਆਂ/ਪਗਡੰਡੀਆਂ 'ਤੇ ਚਲਦਿਆਂ ਹੋਇਆਂ ਲੇਖਕ ਚੌਗਿਰਦੇ ਬਾਰੇ ਜਾਣਕਾਰੀ ਹਾਸਲ ਕਰਨ ਦੇ ਮੌਕੇ ਦਾ ਪੂਰਾ ਫਾਇਦਾ ਉਠਾਉਂਦਾ ਰਿਹਾ ਹੈ। ਹੌਲੀ ਹੌਲੀ ਵੱਡੇ ਹੋਣ, ਜ਼ਿੰਦਗੀ ਬਾਰੇ ਜਾਨਣ,ਪੜ੍ਹਨ-ਲਿਖਣ,ਆਲੇ-ਦੁਆਲੇ ਦੀ ਥੋੜ੍ਹੀ-ਥੋੜ੍ਹੀ ਸਮਝ ਆਉਣ ਵਾਲੇ ਵਰ੍ਹ?ਆਂ ਦੇ ਦਿਲਚਸਪ ਬਿਰਤਾਂਤ ਪੁਸਤਕ ਵਿੱਚੋਂ ਪੜ੍ਹਨ ਨੂੰ ਮਿਲਦੇ ਹਨ।

ਦੇਸ਼ ਬੀਰ 60ਵਿਆਂ ਦੌਰਾਨ ਉਸ ਖਿੱਤੇ ਦੇ ਲੋਕਾਂ ਦੀਆਂ ਕਠਿਨ ਤੇ ਕਠੋਰ ਜੀਵਨ ਹਾਲਤਾਂ ਵੱਲ ਸੰਕੇਤ ਕਰਦਾ ਹੈ। ਖੂਹਾਂ, ਬਉਲੀਆਂ, ਫੁਹਾਰਿਆਂ, ਜਾਂ ਜਲਧਾਰਾ ਵਾਲੇ ਖੂਹਾਂ ਤੋਂ ਕੱਚੇ ਘੜਿਆਂ ਵਿੱਚ ਪਾਣੀ ਭਰ ਕੇ ਲਿਆਉਣ ਦੇ ਦ੍ਰਿਸ਼ਾਂ ਨੂੰ ਲੇਖਕ ਬਾਖੂਬੀ ਸਾਕਾਰ ਕਰਦਾ ਹੈ ਬਹੁਤੇ ਬੱਚੇ ਨੰਗੇ ਪੈਰੀਂ ਸਕੂਲ ਜਾਂਦੇ ਸਨ ਉਨ੍ਹਾਂ ਸਾਲਾਂ ਵਿੱਚ ਬੱਸਾਂ ਦੀ ਆਵਾਜਾਈ ਬਹੁਤ ਘੱਟ ਹੁੰਦੀ ਸੀ। ਇਲਾਕੇ ਵਿੱਚ ਕਾਰ ਜਾਂ ਮੋਟਰ ਸਾਈਕਲ ਜਿਹਾ ਵਾਹਨ ਕਿਸੇ ਵਿਰਲੇ-ਟਾਂਵੇਂ ਕੋਲ ਹੀ ਹੁੰਦਾ ਸੀ। ਕਦੇ-ਕਦੇ ਚੀਲ ਦੇ ਬਿਰਖਾਂ ਨੂੰ ਅੱਗ ਲੱਗ ਜਾਂਦੀ ਸੀ,ਜੋ ਰਾਤ ਨੂੰ ਬਹੁਤ ਡਰਾਵਣਾ ਤੇ ਦਹਿਲਾਅ ਦੇਣ ਵਾਲਾ ਦ੍ਰਿਸ਼ ਪੇਸ਼ ਕਰਦੀ ਸੀ।

ਲੇਖਕ ਨੂੰ ਇਕ ਵਾਰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਕਾਂਗੂ ਵਿਖੇ ਫੇਰੀ ਦੇ ਮੌਕੇ 'ਤੇ ਰਚੇ ਇਕ ਸਮਾਗਮ ਵਿੱਚ ਉਸਦੇ ਸਵਾਗਤ ਵਿੱਚ ਇਕ ਕਵਿਤਾ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ ਸੀ ਉਹ ਮੌਕਾ ਲੇਖਕ ਦੀਆਂ ਸਥਾਈ ਯਾਦਾਂ ਦਾ ਹਿੱਸਾ ਬਣ ਜਾਂਦਾ ਹੈ।

ਲੇਖਕ ਨੂੰ ਆਪਣੇ ਨਾਂ ਦੇਸ਼ ਬੀਰ ਉਪਰ ਬਹੁਤ ਮਾਣ ਹੈ। ਉਸਦੇ ਮਾਪਿਆਂ ਨੇ ਇਹ ਨਾਂ ਦੇਸ਼ ਪ੍ਰਤੀ ਪਿਆਰ ਪ੍ਰਗਟਾਉਣ ਦੇ ਜਜ਼ਬੇ ਅਧੀਨ ਸਰਸ਼ਾਰ ਹੋਇਆਂ ਨੇ ਹੀ ਰੱਖਿਆ ਹੋਵੇਗਾ। ਅਸਲ ਵਿੱਚ ਦੇਸ਼ ਦੀ ਆਜ਼ਾਦੀ ਉਪਰੰਤ ਕੁਝ ਵਰ੍ਹਿਆਂ ਦੌਰਾਨ ਦੇਸ਼ ਵਾਸੀਆਂ ਵਿੱਚ ਵਤਨ ਪ੍ਰਤੀ ਪਿਆਰ ਦੀਆਂ ਭਾਵਨਾਵਾਂ ਬਹੁਤ ਪ੍ਰਬਲ ਸਨ। ਹਰ ਕੋਈ ਦੇਸ਼ ਦੇ ਨਿਰਮਾਣ ਤੇ ਤਰੱਕੀ ਵਿੱਚ ਆਪਣਾ ਬਣਦਾ ਹਿੱਸਾ ਪਾਉਣ ਲਈ ਉਤਾਵਲਾ ਰਹਿੰਦਾ ਸੀ।

ਨਿਮਰ, ਨੇਕ-ਦਿਲ ਤੇ ਦਿਆਲੂ ਪੁਰਸ਼ ਜਦੋਂ ਕਿਸੇ ਦੀ ਮਦਦ ਕਰਦਾ ਹੈ ਤਾਂ ਉਸਦੇ ਬਦਲੇ ਵਿੱਚ ਉਹ ਕੁਝ ਮਿਲਣ ਦੀ ਉਮੀਦ ਨਹੀਂ ਰੱਖ ਰਿਹਾ ਹੁੰਦਾ। ਕਾਲਜ ਵਿੱਚ ਦਾਖਲਾ ਲੈਣ ਦੀਆਂ ਚਾਹਵਾਨ ਗ਼ਰੀਬ ਘਰ ਦੀਆਂ ਲੜਕੀਆਂ ਦੀ ਸਹਾਇਤਾ ਕਰ ਕੇ ਲੇਖਕ (ਜਦੋਂ ਉਹ ਇਕ ਵੱਡੇ ਕਾਲਜ ਦਾ ਪ੍ਰਿੰਸੀਪਲ ਸੀ) ਅਪਾਰ ਖੁਸ਼ੀ ਮਹਿਸੂਸ ਕਰਦਾ ਹੈ। ਅਹਿਸਾਨ ਨਾ ਭੁੱਲਣ ਵਾਲੀਆਂ ਉਹ ਲੜਕੀਆਂ ਜਦੋਂ ਲੇਖਕ ਦੀ ਰੀਟਾਇਰਮੈਂਟ ਵਾਲੇ ਦਿਨ, ਆਪਣੀ ਜਾਣ-ਪਛਾਣ ਕਰਾਉਂਦਿਆਂ,ਉਸਨੂੰ ਇਕ ਸੌਗਾਤ ਭੇਂਟ ਕਰਦੀਆਂ ਹਨ ਤਾਂ ਉਹ ਹੈਰਾਨੀ ਭਰੀ ਖੁਸ਼ੀ

ਮਹਿਸੂਸ ਕਰਦਾ ਹੈ। ਉਹ ਲਿਖਦਾ ਹੈ-"ਚਮਕੀਲੇ ਕਾਗਜ਼ ਵਿੱਚ ਲਿਪਟਿਆ ਹੋਇਆ 'ਸੈਲੋ ਜੈਲ ਪੈਨ' ਦੇਖ ਕੇ ਮੈਂ ਫੁੱਲਿਆ ਨਹੀਂ ਸਮਾਇਆ। ਇਹ ਸੀ ਮੇਰਾ ਤੋਹਫ਼ਾ, ਕਿਸੇ ਜਵਾਹਰ ਨਾਲੋਂ ਜ਼ਿਆਦਾ ਕੀਮਤੀ। ਇਸ ਤੋਹਫੇ ਨੇ ਇਕ ਪਲ ਲਈ ਮੇਰਾ ਗੱਚ ਭਰ ਦਿੱਤਾ।" (ਪੰਨਾ 20)। ਉਹ ਭਾਵੁਕ ਪਲ ਲੇਖਕ ਲਈ ਬਹੁਤ ਅਮੋਲਵੇ ਸਨ।

ਭਾਰਤ ਵਿੱਚ ਅਨੇਕ ਧਰਮਾਂ ਨੂੰ ਮੰਨਣ ਵਾਲੇ ਲੋਕ ਹਨ। ਇਥੇ ਲੱਖਾਂ ਮੰਦਰ, ਮਸਜਿਦਾਂ, ਹਜ਼ਾਰਾਂ ਗੁਰਦੁਆਰੇ ਤੇ ਗਿਰਜਾ ਘਰ ਹਨ। ਲੋਕਾਂ ਦੀ ਇਨ੍ਹਾਂ ਵਿੱਚ ਗਹਿਰੀ ਆਸਥਾ ਹੈ। ਕਈ ਥਾਈਂ ਪੈਸੇ ਦੇ ਕੇ (ਰੇਟ ਵੱਖ ਵੱਖ ਹਨ) ਵਿਸ਼ੇਸ਼ ਵਿਅਕਤੀਆਂ ਵਜੋਂ ਦਰਸ਼ਨ ਕਰਾਉਣ ਦੀ ਵਿਵਸਥਾ ਵੀ ਹੈ। ਲੇਖਕ ਦੇ ਮਨ ਵਿੱਚ ਸਵਾਲ ਉੱਠ ਰਿਹਾ ਹੈ ਕਿ ਅਸਲ ਵਿੱਚ ਰੱਬ ਹੈ ਕਿਥੇ ? 'ਰੱਬੀ ਯੋਜਨਾ ਤੇ ਮਨੁੱਖੀ ਆਬਾਦੀ' ਵਿੱਚ ਲੇਖਕ ਮਨੁੱਖ ਦੇ ਨਸਲੀ ਹੰਕਾਰ ਦੀ ਨਿਖੇਧੀ ਕਰਦਾ ਹੈ। ਬ੍ਰਹਿਮੰਡ ਦਾ ਚਲਨ ਮਨੁੱਖੀ ਸਮਝ ਤੋਂ ਪਰੇ ਦੀ ਗੱਲ ਹੈ। ਅਚੰਭਿਤ ਦੇਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਸਕੂਲਾਂ, ਕਾਲਜਾਂ ਤੇ ਵਿਦਿਅਕ ਸੰਸਥਾਵਾਂ ਦੀ ਗਿਣਤੀ ਨਾਲੋਂ ਧਾਰਮਿਕ ਅਸਥਾਨਾਂ ਦੀ ਗਿਣਤੀ ਵਧੇਰੇ ਹੈ।ਧਰਮ ਵਰਗੇ ਸੰਵੇਦਨਸ਼ੀਲ ਤੇ ਨਾਜ਼ੁਕ ਵਿਸ਼ੇ ਉਪਰ ਲੇਖਕ ਬੇਬਾਕੀ ਨਾਲ ਵਿਚਾਰ ਪ੍ਰਸਤੁਤ ਕਰਦਾ ਹੈ ਤੇ ਵਿਗਿਆਨਕ ਨਜ਼ਰੀਏ ਤੋਂ ਨਿੱਠ ਕੇ ਗੱਲ ਕਰਦਾ ਹੈ।

ਧਰਤੀ ਉਪਰ ਵਾਪਰਨ ਵਾਲੀਆਂ ਕੁਦਰਤੀ ਕਰੋਪੀਆਂ ਬਾਰੇ ਗਹੁ ਨਾਲ ਵਿਚਾਰ ਕੀਤੀ ਜਾਵੇ ਤਾਂ ਇਕ ਗੱਲ ਜ਼ਰੂਰ ਉਭਰ ਕੇ ਸਾਹਮਣੇ ਆਵੇਗੀ ਕਿ ਮਨੁੱਖ ਕੁਦਰਤ ਦੇ ਰਹਿਮ 'ਤੇ ਰਹਿੰਦਾ ਹੈ।ਬੱਚਾ ਕਿਸ ਮਾਂ-ਬਾਪ ਦੇ ਘਰ ਜਨਮ ਲੈਂਦਾ ਹੈ, ਉਹ ਅਮੀਰ ਹੈ ਜਾਂ ਗਰੀਬ ਇਸ ਗੱਲ ਨੂੰ ਵੀ ਕੁਦਰਤ ਹੀ ਨਿਸਚਿਤ ਕਰਦੀ ਹੈ।

ਸਾਡੇ ਦੇਸ਼ ਦੇ ਅੰਨਦਾਤਾ ਦੀ ਹਾਲਤ ਬਹੁਤੀ ਚੰਗੀ ਨਹੀਂ। ਅੰਨਦਾਤਾ ਤੇ ਉਸਦੇ ਪੈਦਾ ਕੀਤੇ ਉਤਪਾਦਾਂ ਦਾ ਉਪਭੋਗਤਾਵਾਂ ਨਾਲ ਗਹਿਰਾ ਰਿਸ਼ਤਾ ਹੁੰਦਾ ਹੈ। ਲੇਖਕ ਨੇ ਇਸਨੂੰ 'ਸਾਂਝ ਦਾ ਸੰਕੇਤਕ ਰਿਸ਼ਤਾ' ਕਿਹਾ ਹੈ। ਅੰਨਦਾਤਾ ਨੂੰ ਇੱਜ਼ਤਦਾਰ ਜੀਵਨ ਦੇਣ ਲਈ ਜੇ ਅਸੀਂ ਕੋਈ ਯੋਗਦਾਨ ਪਾ ਸਕੀਏ,ਤਾਂ ਅਸੀਂ ਆਪਣੇ ਫ਼ਰਜ਼ ਦਾ ਕੁਝ ਹਿੱਸਾ ਅਦਾ ਕਰ ਰਹੇ ਹੋਵਾਂਗੇ।

ਬੱਚਾ ਫਰਿਸ਼ਤੇ ਵਾਂਗ ਹੁੰਦਾ ਹੈ। ਰੱਬ ਦਾ ਰੂਪ! ਕੋਈ ਵਲ਼-ਛਲ਼, ਕੂੜ-ਕਪਟ ਨਹੀਂ ਹੁੰਦਾ ਉਸ ਅੰਦਰ! ਬੱਚੇ ਪ੍ਰਤੀ ਸੰਵੇਦਨਸ਼ੀਲਤਾ ਪ੍ਰਗਟ ਕਰਦਿਆਂ ਦੇਸ਼ ਬੀਰ ਭਾਵੁਕ ਹੋ ਜਾਂਦਾ ਹੈ। ਬਾਤਾਂ ਸੁਣਨ ਤੇ ਉਨ੍ਹਾਂ ਨੂੰ ਮਾਨਣ ਵਿੱਚ ਬੱਚੇ ਦੀ ਸੁਭਾਵਿਕ ਦਿਲਚਸਪੀ ਦਾ ਉਲੇਖ ਕਰਦਿਆਂ ਲੇਖਕ ਬੱਚੇ ਦੀ ਉਤਸੁਕਤਾ ਦੀ ਗੱਲ ਕਰਦਾ ਹੈ।

ਜ਼ਿੰਦਗੀ ਭਰ ਦੇ ਅਨੁਭਵ ਉਪਰੰਤ ਲੇਖਕ ਇਸ ਨਿਰਣੇ 'ਤੇ ਪਹੁੰਚਦਾ ਹੈ ਕਿ ਨਵੇਂ ਰਾਹਾਂ ਦੀ ਤਲਾਸ਼ ਕਰਨ ਦੀ ਚਾਹਤ ਕਦੇ ਤਿਆਗਣੀ ਨਹੀਂ ਚਾਹੀਦੀ। ਮਿਥੇ ਹੋਏ ਆਦਰਸ਼ ਤੱਕ ਪਹੁੰਚਣ ਲਈ ਜੇ ਜੋਖ਼ਮ ਵੀ ਉਠਾਉਣਾ ਪਵੇ ਤਾਂ ਉਠਾ ਲੈਣਾ ਚਾਹੀਦਾ ਹੈ। ਕਈ ਵਾਰ ਖੜੋਤ ਤੋਂ ਇਨਕਾਰੀ ਹੋਣ ਨਾਲ ਨਵੇਂ ਰਸਤੇ ਖੁੱਲ੍ਹਦੇ ਨਜ਼ਰ ਆਉਂਦੇ ਹਨ।

ਮਨਮੋਹਕ ਕੁਦਰਤੀ ਨਜ਼ਾਰਿਆਂ ਨੂੰ ਫੋਟੋਆਂ ਵਿੱਚ ਸੰਭਾਲ ਕੇ ਰੱਖ ਲੈਣ ਦੀ ਮਨੁੱਖੀ ਖਾਹਿਸ਼ ਸੁਭਾਵਿਕ ਹੈ। ਫੋਟੋ ਲੈਣ ਵਕਤ ਮਦਦਗਾਰ ਬਣ ਕੇ ਪ੍ਰਗਟ ਹੋਣ ਵਾਲੇ ਬੱਚਿਆਂ ਦੇ ਵਿਵਹਾਰ ਦਾ ਚਿਰ-ਸਥਾਈ ਪ੍ਰਭਾਵ ਲੇਖਕ ਨੂੰ ਚੰਗਾ ਲੱਗਦਾ ਹੈ। ਮਨੁੱਖੀ ਵਿਵਹਾਰ, ਸੰਵੇਦਨਾ ਤੇ ਵਿਵੇਕ ਬਾਰੇ ਕਿਸੇ ਨਾ ਕਿਸੇ ਪ੍ਰਸੰਗ ਵਿੱਚ ਕੀਤੀ ਗਈ ਗੱਲ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ।

ਪਤਨੀ, ਗ੍ਰਹਿਣੀ ਜਾਂ ਮਾਂ ਜਦੋਂ 'ਖਾਣੇ ਵਿੱਚ ਕੀ ਬਣਾਵੇ' ਦਾ ਸਵਾਲ ਆਪਣੇ ਪਤੀ ਜਾਂ ਪੁੱਤਰ ਨੂੰ ਪੁੱਛਦੀ ਹੈ ਤਾਂ ਇਸ ਪਿੱਛੇ ਔਰਤ ਦੀ ਮੌਲਿਕਤਾ ਜਾਂ ਕਾਰਜਸ਼ੀਲਤਾ ਕੰਮ ਕਰ ਰਹੀ ਹੁੰਦੀ ਹੈ। ਸਮਾਜ ਵਿੱਚ ਪੁਰਸ਼ ਦੀ ਪ੍ਰਧਾਨਤਾ ਕਾਰਨ ਵੀ ਅਜਿਹਾ ਸਵਾਲ ਪੁੱਛਿਆ ਜਾ ਰਿਹਾ ਹੋ ਸਕਦਾ ਹੈ।ਲੇਖਕ ਸਵਾਲ ਉਠਾਉਂਦਾ ਹੈ ਕਿ ਖਾਣਾ ਸਿਰਫ ਔਰਤ ਹੀ ਕਿਉਂ ਬਣਾਵੇ? ਹੁਣ ਦੀ ਪੀੜ੍ਹੀ ਰਾਤ ਵੇਲੇ ਲੇਟ ਸੌਣ ਤੇ ਸਵੇਰੇ ਲੇਟ ਉੱਠਣ ਦੀ ਆਦੀ

ਹੋ ਗਈ ਹੈ। ਇਹ ਅਜੋਕੇ ਸਮੇਂ ਦਾ ਸੰਕਟ ਹੈ। ਮਨੁੱਖ ਅਤੇ ਸਮਾਜ ਦੀ ਸਿਹਤ ਵਾਸਤੇ ਅਜਿਹੇ ਨਾਕਾਰਾਤਮਕ ਪਹੁੰਚ ਵਾਲੇ ਚਲਨ ਦੀ ਲੇਖਕ ਪੁਰਜ਼ੋਰ ਨਿਖੇਧੀ ਕਰਦਾ ਹੈ। ਅਜੋਕਾ ਮਨੁੱਖ ਬਹੁਤ ਜਾਣਕਾਰਾਂ ਦੇ ਸੰਪਰਕ ਵਿੱਚ ਹੋਣ ਦੇ ਬਾਵਜੂਦ ਵੀ ਇਕੱਲਾ ਮਹਿਸੂਸ ਕਰਦਾ ਹੈ। ਉਸਨੂੰ ਸਮੇਂ ਤੇ ਸਥਾਨ ਦੇ ਬਦਲਣ ਦੇ ਹਾਲਾਤ ਵਸ ਆਪਣੀ ਪਛਾਣ ਖੋਹੀ ਜਾ ਰਹੀ ਹੋਣ ਦਾ ਸੰਕਟ ਤੇ ਅਜਨਬੀਅਤ ਦਾ ਸੰਕਟ ਪਰੇਸ਼ਾਨ ਕਰ ਰਿਹਾ ਹੈ। ਆਪਣੇ ਆਪ ਨੂੰ ਖੁਸ਼ਹਾਲ ਵਿਖਾਉਣ ਲਈ ਤੇ ਆਪਣੇ ਸਮਾਜਕ/ਆਰਥਕ ਰੁਤਬੇ ਦਾ ਵਿਖਾਵਾ ਕਰਨ ਲਈ ਵੱਡੇ ਪੱਧਰ 'ਤੇ ਰੀਸੈਪਸ਼ਨ ਕਰਨ ਨੂੰ ਫੋਕੇ ਵਿਖਾਵੇ ਤੋਂ ਵੱਧ ਕੁਝ ਨਹੀਂ ਸਮਝਿਆ ਜਾਣਾ ਚਾਹੀਦਾ। ਇਸ ਸਮਾਜਕ ਅਹੁਰ ਵੱਲ ਸੰਕੇਤ ਕਰਨ ਵਿੱਚੋਂ ਵੀ ਲੇਖਕ ਦੀ ਸਮਾਜ ਪ੍ਰਤੀ ਫਿਕਰਮੰਦੀ ਪ੍ਰਗਟ ਹੁੰਦੀ ਹੈ।

ਸਵਾਮੀ ਵਿਵੇਕਾਨੰਦ ਦੇ ਹਵਾਲੇ ਨਾਲ ਲੇਖਕ ਕਹਿੰਦਾ ਹੈ ਕਿ ਜਦੋਂ ਤੱਕ ਮੰਜ਼ਿਲ ਨਾ ਮਿਲ ਜਾਵੇ, ਰੁਕਣਾ ਨਹੀਂ ਚਾਹੀਦਾ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਲੇਖਕ ਵਿਸ਼ਵ ਪ੍ਰਸਿੱਧ ਲੇਖਕਾਂ, ਚਿੰਤਕਾਂ, ਵਿਗਿਆਨੀਆਂ ਆਦਿ ਦੀਆਂ ਲਿਖਤਾਂ/ਖੋਜਾਂ ਵਿੱਚੋਂ ਹਵਾਲੇ/ਉਦਾਹਰਣਾਂ ਦਿੰਦਾ ਹੈ। ਲੇਖਕ ਸਮਝਦਾ ਹੈ ਕਿ ਆਨੰਦ ਕੁਮਾਰ ਕੋਲ ਮਕਸਦ ਹੈ ਉਹ ਟੀਚਾ ਮਿਥ ਕੇ ਚੱਲ ਰਿਹਾ ਹੈ ਤੇ ਸੁਪਰ 30 ਲਈ ਉਹ ਸਿਰ ਤੋੜ ਮਿਹਨਤ ਕਰ ਰਿਹਾ ਹੈ। ਇਹ ਜ਼ਿੰਦਗੀ ਨੂੰ ਜਨੂੰਨ ਦੀ ਹੱਦ ਤੱਕ ਜੀਉਣ ਦਾ ਨਾਮ ਹੈ। ਉਪਕਾਰ ਦੀ ਸ਼ੁਰੂਆਤ ਘਰ ਤੋਂ ਹੁੰਦੀ ਹੈ। 'ਹਾਲ ਆਫ਼ ਕਾਈਂਡਨੈੱਸ' ਹੁਸ਼ਿਆਰਪੁਰ ਦੀ ਗੱਲ ਕਰਦਿਆਂ ਇਸ ਖੇਤਰ ਵਿੱਚ ਕਾਰਜਸ਼ੀਲ ਲੋਕਾਂ ਨੂੰ ਲੇਖਕ ਸਲਾਮ ਕਰਦਾ ਹੈ। ਕਰੋਨਾ ਕਾਲ ਦੌਰਾਨ ਲੌਕ ਡਾਊਨ ਦਾ ਸਮਾਂ ਭੁੱਲ ਜਾਣ ਵਾਲਾ ਨਹੀਂ। ਲੇਖਕ ਉਸ ਸਮੇਂ ਦੇ ਸਾਕਾਰਾਤਮਕ ਪੱਖਾਂ ਨੂੰ ਉਜਾਗਰ ਕਰਦਾ ਹੈ ਤੇ ਉਸ ਸਮੇਂ ਨੂੰ ਆਤਮਕ ਜਾਗ੍ਰਿਤੀ ਦਾ ਸਮਾਂ ਕਹਿੰਦਾ ਹੈ।

ਦੇਸ਼ ਬੀਰ ਨੂੰ ਮੈਂ 1971-72 ਤੋਂ ਜਾਣਦਾ ਹਾਂ। ਬਾਲ-ਅਵਸਥਾ ਦੇ ਦੇਸ਼ ਬੀਰ ਨੂੰ ਮੈਂ ਇਸ ਪੁਸਤਕ ਰਾਹੀਂ ਵੇਖ ਰਿਹਾ ਹਾਂ। ਇਸ ਪੁਸਤਕ ਵਿੱਚੋਂ ਉਸਦੀ ਹੁਣਵੀਂ ਅਵਸਥਾ ਤੱਕ ਦੀਆਂ ਪ੍ਰਾਪਤੀਆਂ,ਉਸਦੀ ਵਿਚਾਰਸ਼ੀਲਤਾ, ਦਾਰਸ਼ਨਿਕਤਾ, ਸੁਹਿਰਦਤਾ, ਉਦਾਰਤਾ, ਲਗਨ, ਕੰਮ ਕਰਨ ਦੀ ਲਗਾਤਾਰਤਾ ਆਦਿ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਪੁਸਤਕ ਦੇ ਅੰਤਰੀਵ ਵਿੱਚ ਪਿਆ ਆਤਮਕਥਾ ਵਰਗਾ ਬਿਰਤਾਂਤ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ।

'ਜਵਾਬ ਅਜੇ ਬਾਕੀ ਹੈ...' ਵਿੱਚ ਦੇਸ਼ ਬੀਰ ਦੀ ਸ਼ਖ਼ਸੀਅਤ ਦੇ ਸਮਤੁਲ/ਸਮਰੂਪ ਉਸਰਦੇ ਉਸਦੇ ਜੀਵਨ ਬਿਰਤਾਂਤ ਦੇ ਵੇਰਵੇ ਬੜੇ ਸੁਭਾਵਿਕ, ਸਪਸ਼ਟ, ਸਹਿਜ ਤੇ ਸਰਲ ਰੂਪ ਧਾਰਨ ਕਰਕੇ ਪ੍ਰਗਟ ਹੁੰਦੇ ਹਨ। ਲੇਖਕ ਜਦੋਂ ਆਪਣੇ ਜੀਵਨ ਦੇ ਦ੍ਰਿਸ਼ਟਮਾਨ ਯਥਾਰਥ ਨੂੰ ਸਾਹਿਤ ਦੇ ਯਥਾਰਥ ਵਿੱਚ ਰੂਪਾਂਤਰਿਤ ਕਰਦਾ ਹੈ ਤਾਂ ਇਸ ਅਮਲ ਵਿੱਚ ਉਹ ਕਿਸੇ ਉਚੇਚ ਤੋਂ ਕੰਮ ਨਹੀਂ ਲੈਂਦਾ।

ਦੇਸ਼ ਬੀਰ ਬਿਨਾਂ ਕਿਸੇ ਸ਼ੋਰ ਤੋਂ ਕੰਮ ਕਰਨ ਵਿੱਚ ਯਕੀਨ ਰੱਖਦਾ ਹੈ ਤੇ ਲੋਕ ਉਸਦੀ ਕਦਰ ਵੀ ਕਰਦੇ ਹਨ। ਇਹ ਪੁਸਤਕ ਉਸਦੀ ਬਹੁ ਪੱਖੀ ਸ਼ਖ਼ਸੀਅਤ ਦੇ ਸਮੁੱਚ ਨੂੰ ਬਿਆਨ ਕਰਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਦੇਸ਼ ਬੀਰ ਜਦ ਲਿਖਦਾ ਹੈ ਤਾਂ ਉਹ ਅੰਤਰ-ਸੰਵਾਦ ਰਚਾਉਣ ਦੀ ਸਥਿਤੀ ਵਿੱਚ ਹੁੰਦਾ ਹੈ। ਇਸ ਪੁਸਤਕ ਵਿੱਚੋਂ ਉਸਦੀਆਂ ਮਿਹਨਤ ਕਰਨ ਦੀਆਂ ਰਮਜ਼ਾਂ,ਉਸਦੇ ਭਾਵਾਂ, ਉਸਦੇ ਉਦਗਾਰਾਂ, ਉਸਦੇ ਦ੍ਰਿੜ੍ਹ ਨਿਹਚੇ, ਉਸਦੇ ਜਜ਼ਬੇ ਆਦਿ ਦੀ ਟੋਹ ਮਹਿਸੂਸ ਕੀਤੀ ਜਾ ਸਕਦੀ ਹੈ। ਜ਼ਿੰਦਗੀ ਦੀ ਸ਼ਾਲੀਨਤਾ, ਸੁਹਜਾਤਮਿਕਤਾ, ਨੇਮਬੱਧਤਾ,ਸੰਜਮਤਾ ਭਰਪੂਰ ਖਾਣ-ਪੀਣ, ਪਹਿਰਾਵੇ,ਬੋਲ-ਚਾਲ,ਚਾਲ-ਢਾਲ, ਕਾਰ-ਵਿਹਾਰ, ਚੱਜ-ਆਚਾਰ ਆਦਿ ਉਸਦੀ ਜ਼ਿੰਦਗੀ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਨ ਵਾਲੇ ਪਹਿਲੂ ਹਨ।

ਪੁਸਤਕ ਵਿਚਲੀਆਂ ਜਾਣਕਾਰੀਆਂ ਮੁੱਲਵਾਨ ਹਨ। ਕਿਧਰੇ ਕਿਧਰੇ ਦਿੱਤੀ ਜਾ ਰਹੀ ਕਿਸੇ ਜਾਣਕਾਰੀ ਨੂੰ ਲੇਖਕ ਕਿਸੇ ਪ੍ਰਸੰਗ ਸੂਤਰ ਨਾਲ ਜੋੜ ਕੇ ਪੇਸ਼ ਕਰਦਾ ਹੈ। ਵਰ੍ਹਿਆਂ ਬੱਧੀ ਲਗਾਤਾਰ ਸਖਤ ਮਿਹਨਤ ਕਰਦੇ ਰਹਿਣ ਦੇ ਅਮਲ ਨੂੰ ਉਹ ਬੜੀ ਸ਼ਿੱਦਤ ਤੇ ਨਿਸੰਗਤਾ ਨਾਲ ਪ੍ਰਗਟ ਕਰਦਾ ਹੈ। ਇਕ ਗੱਲ

ਨਿਸਚਿਤ ਹੈ ਕਿ ਮਨੁੱਖ ਦੀ ਜ਼ਿੰਦਗੀ ਬਹੁਤ ਅਮੋਲਵੀਂ ਹੈ। ਪੁਸਤਕ ਵਿੱਚੋਂ ਇਕ ਸਵੈ ਸਿਰਜਕ, ਮਨੁੱਖੀ ਕਦਰਾਂ ਕੀਮਤਾਂ ਨਾਲ ਪ੍ਰਣਾਏ ਤੇ ਕਾਮਯਾਬ ਮਨੁੱਖ ਦੀ ਛਵੀ ਵੇਖੀ ਜਾ ਸਕਦੀ ਹੈ। ਲੇਖਕ ਅੰਦਰ ਵਿਚਾਰਾਂ ਦਾ ਅਨੰਤ ਤੇ ਅਸੀਮ ਸੋਮਾ ਹੈ। ਉਹ ਆਤਮਸਾਤ ਕਰਦਾ ਹੈ ਤੇ ਇਕਾਗਰਤਾ ਤੇ ਬਾਰੀਕ ਨੀਝ ਨਾਲ ਲਿਖਦਾ ਜਾਂਦਾ ਹੈ। ਜ਼ਿੰਦਗੀ ਨੂੰ ਨਵੇਂ ਪਾਸਾਰ ਪ੍ਰਦਾਨ ਕਰਦਾ ਹੈ। ਉਸਦੀ ਲਿਖਤ ਪਾਠਕ ਨੂੰ ਆਪਣੇ ਵਿਚਾਰ ਪ੍ਰਵਾਹ ਨਾਲ ਵਹਾਉਂਦੀ ਚਲੀ ਜਾਂਦੀ ਹੈ। ਰਵਾਂ-ਰਵੀਂ ਉਪਜਦੇ ਉਸਦੇ ਵਿਚਾਰ ਗਿਆਨ ਦਾ ਉਤਪਾਦਨ ਕਰਦੇ ਚਲੇ ਜਾਂਦੇ ਹਨ। ਆਪਣੇ ਵਿਚਾਰ ਉਹ ਤਰਕ ਦੇ ਆਧਾਰ 'ਤੇ ਉਸਾਰਦਾ ਹੈ। ਉਹ ਨਵੀਂ ਘਾੜਤ ਘੜਦਾ ਜਾਂਦਾ ਹੈ ਤੇ ਨਵੇਂ ਨਵੇਲੇ ਅਰਥ ਸਿਰਜਦਾ ਜਾਂਦਾ ਹੈ। ਇਹ ਪੁਸਤਕ ਦੇਸ਼ ਬੀਰ ਦੇ ਚਿੰਤਨ ਤੇ ਉਸਦੀ ਰਚਨਾ ਦ੍ਰਿਸ਼ਟੀ ਬਾਰੇ ਬੱਝਵਾਂ ਪ੍ਰਭਾਵ ਸਿਰਜਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਇਸ ਪੁਸਤਕ ਨੂੰ ਪੜ੍ਹ ਕੇ ਪਾਠਕ ਆਪਣੇ ਆਪ ਨੂੰ ਪਹਿਲਾਂ ਨਾਲੋਂ ਵਧੇਰੇ ਸਿਖਿਅਤ ਤੇ ਵਧੇਰੇ ਅਨੁਭਵੀ ਮਹਿਸੂਸ ਕਰੇਗਾ। ਇਹ ਇਸ ਪੁਸਤਕ ਦੀ ਵੱਡੀ ਪ੍ਰਾਪਤੀ ਹੋਵੇਗੀ। ਇਹ ਪੁਸਤਕ ਮਨੁੱਖ ਕੋਲੋਂ,ਸਮਾਜ ਕੋਲੋਂ, ਸਿਸਟਮ ਕੋਲੋਂ ਅਨੇਕ ਸਵਾਲ ਪੁੱਛਦੀ ਹੈ। ਫਿਰ ਵੀ ਕਈ ਸਵਾਲ ਅਜੇ ਬਾਕੀ ਹਨ। ਸੰਵਾਦ ਰਚਾਉਂਦੀ ਇਹ ਨਿਬੰਧਕਾਰੀ ਦੇਸ਼ ਬੀਰ ਦੀ ਰਚਨਾ ਦੀ ਅੰਤਰੀਵ ਸੁਰ ਬਣ ਕੇ ਪ੍ਰਗਟ ਹੋਣ ਵਾਲੇ ਸਹਿਜ ਤੇ ਸੁਹਜ ਦਾ ਅਹਿਸਾਸ ਵੀ ਕਰਾਉਂਦੀ ਹੈ। ਸੰਵਾਦ ਦੌਰਾਨ ਸਵਾਲਾਂ ਦੇ ਜਵਾਬ ਮਿਲਣ ਦੀ ਉਡੀਕ ਦੀ ਉਮਰ ਕਿੰਨੀ ਕੁ ਲੰਮੀ ਹੋਵੇਗੀ, ਕੁਝ ਕਿਹਾ ਨਹੀਂ ਜਾ ਸਕਦਾ।

ਇਸ ਪੁਸਤਕ ਦੀ ਭਾਸ਼ਾ ਸਰਲ ਹੋਣ ਦੇ ਨਾਲ-ਨਾਲ ਆਪਣਾ ਸਾਹਿਤਕ ਮੁਹਾਵਰਾ ਬਣਾਈ ਰੱਖਦੀ ਹੈ। ਆਤਮਕਥਾਤਮਿਕ ਸ਼ੈਲੀ ਵਿੱਚ ਲਿਖੇ 'ਕੁਝ ਨਿੱਜੀ ਪੰਨੇ' ਲੇਖਕ ਦੇ ਸਹਿਜ ਪ੍ਰਵਚਨ ਬਣ ਕੇ ਪ੍ਰਗਟ ਹੋਣ ਵਾਲੇ ਸੰਸਮਰਣ ਹਨ, ਜੋ ਸੁਹਜਾਤਮਿਕ ਰੂਪ ਅਖਤਿਆਰ ਕਰ ਕੇ ਪੇਸ਼ ਹੁੰਦੇ ਹਨ। ਲਿਖਤ ਦੇ ਮਜ਼ਮੂਨ ਅਨੁਸਾਰ ਲੇਖਕ ਲੋੜੀਂਦਾ ਵਾਤਾਵਰਨ ਸਿਰਜ ਲੈਂਦਾ ਹੈ ਤੇ ਲੋੜੀਂਦਾ ਪ੍ਰਭਾਵ ਸਿਰਜਣ ਵਿੱਚ ਵੀ ਕਾਮਯਾਬ ਹੁੰਦਾ ਹੈ। ਲੇਖਕ ਦੀ ਆਲੋਚਨਾਤਮਿਕ ਦ੍ਰਿਸ਼ਟੀ, ਸੰਵੇਦਨਸ਼ੀਲਤਾ, ਸੁਹਜਬੋਧ ਤੇ ਸੰਰਚਨਾਤਮਿਕ ਸੰਗਠਨ ਇਸ ਪੁਸਤਕ ਨੂੰ ਕਲਾਤਮਿਕ ਰੰਗਾਂ ਨਾਲ ਸ਼ਿੰਗਾਰਨ ਵਿੱਚ ਸਹਾਈ ਹੁੰਦੇ ਹਨ। ਵਿਚਾਰਾਂ ਦੀ ਕਲਾਤਮਿਕ ਅਭਿਵਿਅਕਤੀ ਇਸ ਪੁਸਤਕ ਦਾ ਵੱਡਾ ਹਾਸਲ ਬਣਦੀ ਹੈ। ਇਹ ਪੁਸਤਕ, ਲੇਖਕ ਦਾ ਪਾਠਕ ਨਾਲ ਸੂਝ ਤੇ ਸਮਝ ਦਾ ਰਿਸ਼ਤਾ ਸਥਾਪਤ ਕਰਦੀ ਹੈ। ਜੀਵਨ ਵਿੱਚ ਉਮੰਗਾਂ ਦੇ ਰੰਗ ਭਰਨ ਦਾ ਸੁਨੇਹਾ ਦਿੰਦੀ ਹੈ। ਸਿਧਾਂਤਾਂ ਵਿੱਚ ਬੱਝੀ ਜ਼ਿੰਦਗੀ ਮਨੁੱਖ ਦੇ ਸਵੈ ਵਿਸ਼ਵਾਸ ਵਿੱਚ ਵਾਧਾ ਕਰਦੀ ਹੈ ਤੇ ਉਸਨੂੰ ਤਾਕਤ ਪ੍ਰਦਾਨ ਕਰਦੀ ਹੈ। ਲੇਖਕ ਦੀ ਸਿਧਾਂਤਕ ਪਕਿਆਈ, ਅਧਿਐਨ ਕਾਰਜ, ਪ੍ਰਾਧਿਆਪਕ ਵਜੋਂ ਨਾਮਣਾ ਖੱਟਣ ਤੇ ਫਿਰ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਕੁਸ਼ਲਤਾ ਪੂਰਵਕ ਅੰਜਾਮ ਦੇਣ ਦੀ ਜੁਗਤੀ ਉਸਦੀਆਂ ਵਿਸ਼ੇਸ਼ ਪ੍ਰਾਪਤੀਆਂ ਹਨ। ਜੀਵਨ ਜਾਚ ਦੇ ਕੁਝ ਪਹਿਲੂ ਜਿਨ੍ਹਾਂ ਨੂੰ ਦੇਸ਼ ਬੀਰ ਨੇ ਵਰ੍ਹਿਆਂ ਦੀ ਮਿਹਨਤ ਬਾਅਦ ਅਪਣਾਇਆ ਹੈ, ਇਸ ਪੁਸਤਕ ਵਿੱਚ ਦਰਜ ਹਨ।

ਮੈਂ ਅਪਾਰ ਖੁਸ਼ੀ ਮਹਿਸੂਸ ਹਰ ਰਿਹਾ ਹਾਂ ਕਿ ਦੇਸ਼ ਬੀਰ ਇਸ ਪੁਸਤਕ ਦੇ ਰੂਪ ਵਿੱਚ ਪੰਜਾਬੀ ਸਾਹਿਤ ਨੂੰ ਇਕ ਮੁੱਲਵਾਨ ਸੌਗਾਤ ਭੇਂਟ ਕਰ ਰਿਹਾ ਹੈ।ਇਸ ਪੁਸਤਕ ਦੀ ਆਮਦ 'ਤੇ ਮੈਂ ਇਸਦਾ ਨਿੱਘਾ ਸਵਾਗਤ ਕਰਦਾ ਹਾਂ ਤੇ ਲੇਖਕ ਨੂੰ ਇਸ ਸ਼ਾਨਦਾਰ ਰਚਨਾਕਾਰੀ ਲਈ ਹਾਰਦਿਕ ਮੁਬਾਰਕਬਾਦ ਭੇਂਟ ਕਰਦਾ ਹਾਂ।

ਮੈਨੂੰ ਵਿਸ਼ਵਾਸ ਹੈ ਕਿ ਇਸ ਪੁਸਤਕ ਦੀ ਰਚਨਾ ਕਰਨ ਨਾਲ ਦੇਸ਼ ਬੀਰ ਦੀ ਸਿਰਜਣਾਤਮਿਕ ਸਮਰੱਥਾ ਨੂੰ ਹੋਰ ਰਚਨਾਤਮਿਕ ਉਛਾਲ ਮਿਲੇਗਾ। ਮੈਂ ਇਹ ਵੀ ਕਹਿ ਸਕਦਾ ਹਾਂ ਕਿ ਇਸ ਪੁਸਤਕ ਦੀ ਵਰਣਾਤਮਿਕ ਅਭਿਵਿਅਕਤੀ ਨੂੰ ਪਾਠਕ ਹੁੱਬ ਕੇ ਪੜ੍ਹਨਗੇ। ਬਾਰੀਕ ਪਾਠਗਤ ਅਧਿਐਨ ਕਰਨ ਵਾਲੇ ਪਾਠਕ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਣਗੇ ਕਿ ਉਨ੍ਹਾਂ ਨੂੰ ਅਜਿਹੀ ਬਹੁਮੁੱਲੀ ਪੁਸਤਕ ਨੂੰ ਪੜ੍ਹਨ ਦਾ ਅਵਸਰ ਪ੍ਰਾਪਤ ਹੋ ਸਕਿਆ ਹੈ।

***

# ਪੰਜ ਕਵਿਤਾਵਾਂ

ਵੱਢ ਕੇ ਰੁੱਖ ਤੂੰ ਕੀਤਾ ਖਾਲੀ ਥਾਂ,
ਹੁਣ ਧੁੱਪ ਤੋਂ ਬਚਣ ਲਈ ਭਾਲੇਂ ਛਾਂ।

ਚਾਰੇ ਪਾਸੇ ਕੋਈ ਰੁੱਖ ਨਹੀਂ,
ਬੈਠਣ ਕਿੱਥੇ ਚਿੜੀਆਂ, ਘੁੱਗੀਆਂ, ਕਾਂ?

ਜਦ ਤੱਕ ਉਹਨਾਂ ਨੂੰ ਮਾਇਆ ਨਾ ਮਿਲੇ,
ਬਾਬੂ ਕੰਮ ਲਈ ਨਹੀਂ ਕਰਦੇ ਹਾਂ।

ਮੇਰੇ ਜਿਹਾ ਮਿਲ ਉਸ ਨੂੰ ਹੋਰ ਗਿਆ,
ਉਹ ਕਿਉਂ ਚੇਤੇ ਰੱਖਦਾ ਮੇਰਾ ਨਾਂ?

ਰੱਬ ਇਕ ਹੈ, ਉਹ ਵੱਸਦਾ ਹੈ ਸਭ ਵਿੱਚ,
ਲੋਕਾਂ ਉਸ ਦੇ ਰੱਖੇ ਬਥੇਰੇ ਨਾਂ।

ਕਾਮੇ ਦੀ ਹਾਲਤ ਬਹੁਤੇ ਮਾੜੀ,
ਤਾਂ ਹੀ ਉਸ ਦੀ ਖਾਤਰ ਲਿਖਦੇ ਹਾਂ।

*********

ਜਨਤਾ ਦੇ ਵਿੱਚ ਪਾ ਕੇ ਫੁੱਟ,
ਨੇਤਾ ਰਹੇ ਨੇ ਉਸ ਨੂੰ ਲੁੱਟ।

ਜਦ ਉਹ ਦੇਖਣ ਕੱਲਾ ਬੰਦਾ,
ਚੋਰ ਨੇ ਉਸ ਨੂੰ ਲੈਂਦੇ ਲੁੱਟ।

ਭਾਲੇਂ ਕਿਉਂ ਹੁਣ ਫਿਰ ਠੰਢੀ ਛਾਂ?
ਰੁੱਖ ਜਦੋਂ ਤੂੰ ਦਿੱਤੇ ਪੁੱਟ।

ਉਹ ਕੀ ਟੱਬਰ ਪਾਲੂ ਆਪਣਾ,
ਜੋ ਨਸ਼ੇ ਦੇ ਵਿੱਚ ਰਹਿੰਦਾ ਗੁੱਟ।

ਬੱਚੇ ਸਮਝਣ ਖ਼ੁਦ ਨੂੰ ਸਿਆਣੇ,
ਹੁਣ ਨਾ ਖਾਣ ਕਿਸੇ ਤੋਂ ਕੁੱਟ।

ਸਾਲਾਂ ਬਾਅਦ ਮਿਲੇ ਪੁੱਤਰ ਨੂੰ,
ਪਿਉ ਨੇ ਲਿਆ ਬਾਹਵਾਂ ਵਿੱਚ ਘੁੱਟ।

ਅੱਗੇ ਵੱਧਦਾ ਜਾਵੇ ਅਮੀਰ,
ਮਜ਼ਦੂਰਾਂ ਨੂੰ ਥੱਲੇ ਸੁੱਟ।

*********

ਜੋ ਮੰਨਦੇ ਨੇ ਵੱਡਿਆਂ ਦਾ ਕਹਿਣਾ,
ਉਹਨਾਂ ਨੂੰ ਸਭ ਕੁੱਝ ਪੈਂਦਾ ਸਹਿਣਾ।

ਉਹ ਕਦੇ ਭੁੱਖਾ ਨ੍ਹੀ ਰਹਿੰਦਾ ਯਾਰੋ,
ਮਿਹਨਤ ਹੈ ਜਿਸ ਬੰਦੇ ਦਾ ਗਹਿਣਾ।

ਇੱਕ ਦਿਨ ਸਭ ਨੂੰ ਜੱਗ ਛੱਡਣਾ ਪੈਣਾ,
ਇੱਥੇ ਸਦਾ ਬੈਠ ਕਿਸੇ ਨਾ ਰਹਿਣਾ।

ਤਾਂ ਹੀ ਸਭ ਨੂੰ ਸੁੱਖ ਦਾ ਸਾਹ ਆਣਾ,
ਜਦ ਚੜ੍ਹਿਆ ਦਰਿਆ ਥੱਲੇ ਲਹਿਣਾ।

ਝਗੜਾ ਮੁਕਾਣ ਦਾ ਹੈ ਇੱਕੋ ਤਰੀਕਾ,
ਚੁੱਪ ਕਰਕੇ ਪੈਣਾ ਇੱਕ ਨੂੰ ਬਹਿਣਾ।

ਸੱਚੇ ਨੇ ਜਾ ਅਸਮਾਨੀ ਚੜ੍ਹਨਾ,
ਝੂਠੇ ਦਾ ਇੱਕ ਦਿਨ ਭੱਠਾ ਬਹਿਣਾ।

ਦਿਲ ਹੌਲਾ ਫੁੱਲ ਹੋ ਜਾਣਾ 'ਮਾਨਾ',
ਜਦ ਤੇਰੇ ਨੈਣੋਂ ਨੀਰ ਹੈ ਵਹਿਣਾ।

********


ਜੋ ਬੈਠੇ ਕਰਕੇ ਬੰਦ ਬੂਹੇ, ਬਾਰੀਆਂ,
ਲੱਗਣ ਉਨ੍ਹਾਂ ਨੂੰ ਭੱਜ ਕੇ ਬੀਮਾਰੀਆਂ।

ਕਰਦੇ ਜੋ ਸੇਵਾ ਮਾਪਿਆਂ ਦੀ ਦਿਲ ਲਾ ਕੇ,
ਪਾ ਲੈਣ ਉਹ ਜੀਵਨ 'ਚ ਖ਼ੁਸ਼ੀਆਂ ਸਾਰੀਆਂ।

ਫਿਰ ਭਾਲਿਓ ਨਾ ਠੰਢੀਆਂ ਛਾਵਾਂ ਤੁਸੀਂ,
ਛਾਂ ਵਾਲੇ ਰੁੱਖਾਂ ਤੇ ਚਲਾ ਕੇ ਆਰੀਆਂ।

ਉੱਥੇ ਪੁੱਜਣ ਤੋਂ ਡਰ ਰਹੇ ਨੇ ਬੰਦੇ ਵੀ,
ਅੱਜ ਕੱਲ੍ਹ ਨੇ ਜਿੱਥੇ ਪੁੱਜ ਗਈਆਂ ਨਾਰੀਆਂ।

ਜੇ ਪੈਸਾ ਹੋਵੇ ਕੋਲ, ਭੱਜੇ ਆਣ ਸਭ,
ਅੱਜ ਕੱਲ੍ਹ ਬਿਨਾਂ ਪੈਸੇ ਨਾ ਰਿਸ਼ਤੇਦਾਰੀਆਂ।




**ਮਹਿੰਦਰ ਸਿੰਘ ਮਾਨ**
ਪਿੰਡ ਤੇ ਡਾਕ ਰੱਕੜਾਂ ਢਾਹਾ -144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ( ਪੰਜਾਬ )
ਫੋਨ 9915803554


ਯਾਰੀ ਨਿਭਾਵਾਂ ਨਾਲ ਤੇਰੇ ਕਿੰਝ ਮੈਂ,
ਸਿਰ ਤੇ ਮੇਰੇ ਨੇ ਹੋਰ ਜ਼ਿੰਮੇਵਾਰੀਆਂ।

ਖ਼ੁਸ਼ ਸਾਨੂੰ ਵੇਖਣ ਦੀ ਉਨ੍ਹਾਂ ਦੀ ਇੱਛਾ ਸੀ,
ਸਾਡੇ ਲਈ ਜਾਨਾਂ ਜਿਨ੍ਹਾਂ ਨੇ ਵਾਰੀਆਂ।

**********

ਕਰਦੇ ਨੇ ਜੋ ਪਿਆਰ ਵਿੱਚ ਹੁਸ਼ਿਆਰੀਆਂ,
ਉਹਨਾਂ ਤੋਂ ਖੁੱਸ ਜਾਣ ਖ਼ੁਸ਼ੀਆਂ ਸਾਰੀਆਂ।

ਕੱਢਣਾ ਪੈਣਾ ਘਰਾਂ ਚੋਂ ਨਸ਼ਿਆਂ ਨੂੰ,
ਰੱਖਣੀਆਂ ਕਾਇਮ ਜੇ ਕਰ ਸਰਦਾਰੀਆਂ।

ਪੈਸਾ, ਪੈਸਾ ਤੂੰ ਕਰੀ ਜਾਏਂ ਸਦਾ,
ਏਦਾਂ ਕਦ ਧੁਰ ਚੜ੍ਹਨੀਆਂ ਨੇ ਯਾਰੀਆਂ।

ਉਹਨਾਂ ਨੂੰ ਪਛਤਾਣਾ ਪੈਣਾ ਅੰਤ ਵਿਚ,
ਹੁਣ ਜੋ ਰੁੱਖਾਂ ਤੇ ਚਲਾਂਦੇ ਆਰੀਆਂ।

ਚਾਰ ਦੀਵਾਰੀ ਚੋਂ ਬਾਹਰ ਨਿਕਲ ਕੇ,
ਹਰ ਖੇਤਰ ਵਿਚ ਅੱਗੇ ਵੱਧਣ ਨਾਰੀਆਂ।

ਮਾੜੇ, ਮੋਟੇ ਗੁੱਸਿਆਂ, ਗਿਲਿਆਂ ਦੇ ਨਾਲ,
ਹੁੰਦੀਆਂ ਨਾ ਖਤਮ ਰਿਸ਼ਤੇਦਾਰੀਆਂ।

ਖਾ ਕੇ ਫਾਸਟ ਫੂਡ ਤੇ ਕਰਕੇ ਨਸ਼ੇ,
ਲੋਕ ਲਾਈ ਜਾਂਦੇ ਨੇ ਬੀਮਾਰੀਆਂ।

# "ਪੰਜਾਬੀ ਅਤੇ ਵਿਰਸਾ ਅਪਣਾਓ ਨਸ਼ਿਆਂ ਨੂੰ ਭਜਾਓ"

ਮਾਂ ਬੋਲੀ ਨਾਲ ਪਿਆਰ ਕਰੋ, ਪੂਰਾ ਸਤਿਕਾਰ ਕਰੋ, ਸਭ ਨਰ ਨਾਰ ਕਰੋ –

ਮਾਂ ਬੋਲੀ ਨਾਲ ਪਿਆਰ ਕਰੋ, ਪੂਰਾ ਸਤਿਕਾਰ ਕਰੋ, ਸਭ ਨਰ ਨਾਰ ਕਰੋ– ਸਭਨਾਂ ਦਾ ਫਰਜ ਇਹ ਸਭਨਾਂ ਦਾ ਫਰਜ ਐ।

ਔਖਾ ਬੜਾ ਲਹਿਣਾ ਵੀਰੋ–ਸ਼ਰਮੇ ਦਾ ਕਹਿਣਾ ਮਾਂ ਬੋਲੀ ਦਾ ਕਰਜ਼–ਮਾ ਬੋਲੀ ਦਾ ਕਰਜ ਐ–

ਵਿਰਸੇ ਨੂੰ ਭੁੱਲੀਏ ਨਾ ਪੱਛਮੀ ਤੇ ਡੁੱਲੀਏ ਨਾ, ਗਲੀਆਂ ਚ ਰੁਲੀਏ ਨਾ!

ਵਿਰਸੇ ਨੂੰ ਭੁੱਲੀਏ ਨਾ, ਪੱਛਮੀ ਤੇ ਡੁੱਲੀਏ ਨਾ, ਗਲੀਆਂ ਚ ਰੁਲੀਏ ਨਾ। ਕਰੀਏ ਸੰਭਾਲ ਇਹਦੀ ਕਰੀਏ ਸੰਭਾਲ ਜੀ!

ਅੱਜ ਦੀ ਜਵਾਨੀ ਭਾਈ, ਹੋਈ ਮਸਤਾਨੀ ਇਹਦੀ ਪੁੱਠੀ ਬੜੀ ਚਾਲ ਇਹਦੀ ਪੁੱਠੀ ਬੜੀ ਚਾਲ ਜੀ – – – –

ਜਵਾਨੀ ਬਰਬਾਦ ਹੋਈ, ਵੇਖੋ ਸ਼ਰੇਆਮ ਹੋਈ, ਨਸ਼ਿਆਂ ਦੇ ਵਿੱਚ ਖੋਈ–

ਜਵਾਨੀ ਬਰਬਾਦ ਹੋਈ, ਵੇਖੋ ਸ਼ਰੇਆਮ ਹੋਈ, ਨਸ਼ਿਆਂ ਦੇ ਵਿੱਚ ਖੋਈ–

ਇਸ ਨੂੰ ਬਚਾਉਣਾ, ਰਲ ਮਿਲ ਕੇ ਬਚਾਉਣਾ ਹੈ!

ਗੁਰੂਆਂ ਦੀ ਸਿੱਖ ਇਹੇ, ਦੇਸ਼ ਦਾ ਭਵਿੱਖ ਇਹੇ, ਦਿਲ ਤੋਂ ਨਿਭਾਉਣਾ ਇਹਨੂੰ ਦਿਲ ਤੋਂ ਨਿਭਾਉਣਾ ਹੈ–

ਭੁੱਲ ਚੁੱਕੇ ਆਪਾਂ ਹਾਂ ਉਹ, ਪੁਰਾਤਨ ਰਿਵਾਜ ਸੀ ਜੋ, ਜਾਂ ਪੁਰਾਣੇ ਸਾਜ ਸੀ ਜੋ–

ਭੁੱਲ ਚੁੱਕੇ ਆਪਾਂ ਹਾਂ ਉਹ, ਪੁਰਾਤਨ ਰਿਵਾਜ ਸੀ ਜੋ, ਜਾਂ ਪੁਰਾਣੇ ਸਾਜ ਸੀ ਜੋ–

ਉਹੋ ਅਪਣਾਈਏ ਸਾਰੇ ਉਹੋ ਅਪਣਾਈਏ ਜੀ।

ਵੱਡੇ ਸਮਝਾਉਂਦੇ ਰਹੇ, ਤਰਲੇ ਓਹ ਪਾਉਂਦੇ, ਆਪਾਂ ਉਹਨਾਂ ਨੂੰ ਨਿਭਾਈਏ, ਸਾਰੇ ਉਹਨਾਂ ਨੂੰ ਨਿਭਾਈਏ ਜੀ–

ਪੰਜਾਬੀ ਸਾਡੀ ਮਾਂ ਹੈ ਜੀ, ਬੋਲਣੀ ਇਹ ਤਾਂ ਹੈ ਜੀ, ਠੰਡੀ ਇਹਦੀ ਛਾਂ ਹੈ ਜੀ–

ਪੰਜਾਬੀ ਸਾਡੀ ਮਾਂ ਹੈ ਜੀ, ਬੋਲੀਏ ਇਹ ਤਾਂ ਹੈ ਜੀ, ਠੰਡੀ ਇਹਦੀ ਛਾਂ ਹੈ ਜੀ––ਪੰਜਾਬੀਆਂ ਦਾ ਕਹਿਣਾ, ਇਹ ਪੰਜਾਬੀਆਂ ਦਾ ਕਹਿਣਾ ਹੈ।

ਰਗ ਰਗ ਵਿੱਚ ਵਸੀ, ਸਾਡੇ ਖ਼ੂਨ ਵਿੱਚ ਰਚੀ, ਇਹੀ ਸਾਡਾ ਗਹਿਣਾ ਭਾਈ, ਇਹੀ ਸਾਡਾ ਗਹਿਣਾ ਹੈ–

ਨਾ ਘੱਟਾ ਕਦੇ ਛਾਣੀਏ ਜੀ, ਫਰਜ ਪਛਾਣੀਏ ਜੀ, ਇਹੇ ਗੱਲਾਂ ਜਾਣੀਏ ਜੀ।

ਨਾ ਘੱਟਾ ਕਦੇ ਛਾਣੀਏ ਜੀ, ਫਰਜ਼ ਪਛਾਣੀਏ ਜੀ, ਇਹੇ ਗੱਲਾਂ ਜਾਣੀਏ ਜੀ–

ਦੱਦਾਹੂਰੀਏ ਦਾ ਕਹਿਣਾ ਦੱਦਾਹੂਰੀਏ ਦਾ ਕਹਿਣਾ ਹੈ–

ਗਮਾਂ ਨੂੰ ਭਲਾਈਏ ਸਦਾ, ਦੁੱਖਾਂ ਨੂੰ ਭਜਾਈਏ ਨਹੀਂ ਤਾਂ ਬਹੁਤ ਵੱਡਾ ਮਿਹਣਾ– ਵੀਰੋ ਬਹੁਤ ਵੱਡਾ ਮਿਹਣਾ ਹੈ–


**ਸਟੇਟ ਐਵਾਰਡੀ ਲੇਖਕ**

**ਜਸਵੀਰ ਸ਼ਰਮਾਂ ਦੱਦਾਹੂਰ**

**ਸ੍ਰੀ ਮੁਕਤਸਰ ਸਾਹਿਬ**

**95691-49556**

# ਸਾਦਗੀ ਨੂੰ ਬਣਾਈਏ ਜੀਵਨ ਦਾ ਅਹਿਮ ਹਿੱਸਾ



**ਸੰਜੀਵ ਸਿੰਘ ਸੈਣੀ**
ਮੋਹਾਲੀ,7888966168

ਇਨਸਾਨੀ ਜੀਵਨ ਅਨੇਕ ਗੁਣਾਂ, ਨੈਤਿਕ ਕਦਰਾਂ ਕੀਮਤਾਂ ਤੇ ਵਧੀਆ ਸੰਸਕਾਰਾਂ ਦਾ ਸੁਮੇਲ ਹੈ। ਹਰ ਇਨਸਾਨ ਆਪਣੇ ਜੀਵਨ ਨੂੰ ਸੁਖੀ, ਸਫ਼ਲ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਪੈਸਾ, ਦੌਲਤ, ਰੁਤਬਾ ਪ੍ਰਾਪਤ ਕਰਨ ਲਈ ਦਿਨ ਰਾਤ ਮਿਹਨਤ ਕਰ ਰਿਹਾ ਹੈ। ਅੱਜ ਪਦਾਰਥਵਾਦ ਤੇ ਮੁਕਾਬਲੇਬਾਜ਼ੀ ਦੀ ਦੌੜ ਲੱਗੀ ਹੋਈ ਹੈ। ਪੈਸੇ ਪਿੱਛੇ ਇਨਸਾਨ ਕੁਝ ਵੀ ਕਰਨ ਨੂੰ ਤਿਆਰ ਹੋ ਗਿਆ ਹੈ। ਨਾਜਾਇਜ਼ ਢੰਗ ਨਾਲ ਪੈਸਾ ਕਮਾਉਣ ਦੀ ਅੱਜ ਇਨਸਾਨ ਦੀ ਫ਼ਿਤਰਤ ਬਣ ਗਈ ਹੈ। ਜਿਸ ਕਾਰਨ ਅੱਜ ਇਨਸਾਨ ਦੇ ਜੀਵਨ ਵਿੱਚ ਅਸ਼ਾਂਤੀ ਆ ਗਈ ਹੈ।ਸੁੱਖ ,ਚੈਨ ਤੇ ਸਕੂਨ ਇਨਸਾਨ ਦੀ ਜ਼ਿੰਦਗੀ ਵਿੱਚੋਂ ਦੂਰ ਹੁੰਦੇ ਜਾ ਰਹੇ ਹਨ। ਸਾਦਗੀ ਦਾ ਪੱਲਾ ਇਨਸਾਨ ਨੇ ਛੱਡ ਦਿੱਤਾ ਹੈ। ਸਾਦਗੀ ਇਨਸਾਨ ਦੀ ਸ਼ਖਸੀਅਤ ਵਿੱਚ ਨਿਖਾਰ ਲਿਆਉਂਦੀ ਹੈ ਤੇ ਉਸਦੀ ਸ਼ਖਸ਼ੀਅਤ ਨੂੰ ਸਮਾਜ ਵਿੱਚ ਪ੍ਰਭਾਵਸ਼ਾਲੀ ਬਣਾਉਂਦੀ ਹੈ। ਅਸਲੀ ਜ਼ਿੰਦਗੀ ਦਾ ਸਭ ਤੋਂ ਵਡਮੁੱਲਾ ਤੇ ਕੀਮਤੀ ਗਹਿਣਾ ਸਾਦਗੀ ਹੈ। ਅੱਜ ਇਨਸਾਨ ਦੇ ਅੰਦਰੋਂ ਚੰਗੇ ਵਿਚਾਰ, ਵੱਡਿਆਂ ਦਾ ਸਤਿਕਾਰ, ਨੈਤਿਕ ਕਦਰਾਂ ਕੀਮਤਾਂ ਖ਼ਤਮ ਹੁੰਦੀ ਜਾ ਰਹੀ ਹੈ। ਇਨਸਾਨ ਦੇ ਅੰਦਰ ਧੋਖਾ, ਹੰਕਾਰ , ਦਿਖਾਵਾ ਆ ਚੁੱਕਿਆ ਹੈ। ਬੋਲਬਾਣੀ ਵਿੱਚ ਤਲਖ਼ੀ ਆ ਚੁੱਕੀ ਹੈ। ਹਰ ਚੀਜ਼ ਦਾ ਇਨਸਾਨ ਨੂੰ ਘੁਮੰਡ ਹੋ ਚੁੱਕਿਆ ਹੈ ਚਾਹੇ ਉਹ ਦੁਨੀਆਵੀਂ ਚੀਜ਼ਾਂ(ਪੈਸਾ, ਸ਼ੋਹਰਤ, ਮਹਿਲ-ਮਾੜੀਆਂ)

ਸਾਦਗੀ ਵਿੱਚ ਰਹਿਣ ਵਾਲਾ ਇਨਸਾਨ ਕਦੇ ਵੀ ਆਪਣੇ ਆਪ ਨੂੰ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਜੇ ਉਸ ਕੋਲ ਕੋਈ ਰੁਤਬਾ (ਪਾਵਰ) ਹੁੰਦੀ ਹੈ ਤਾਂ ਉਸਦੇ ਜੀਵਨ ਵਿੱਚੋਂ ਨਿਮਰਤਾ, ਸਹਿਜਤਾ, ਪ੍ਰੀਤ ਪਿਆਰ ਸਹਿਜੇ ਹੀ ਝਲਕਦਾ ਹੈ। ਅਜਿਹੀ ਸ਼ਖ਼ਸੀਅਤ ਦੇ ਅੰਦਰ ਸਹਿਣਸ਼ੀਲਤਾ ਬਹੁਤ ਹੁੰਦੀ ਹੈ।ਆਪਣੇ ਚੰਗੇ ਕਰਮਾਂ ਰਾਹੀਂ ਉਹ ਦੂਜਿਆਂ ਦੇ ਦਿਲਾਂ ਵਿੱਚ ਥਾਂ ਬਣਾ ਲੈਂਦਾ ਹੈ। ਲੋੜਵੰਦਾਂ ਦੀ ਮਦਦ ਕਰਦਾ ਹੈ। ਚਾਹੇ ਅਜਿਹੇ ਇਨਸਾਨ ਤੇ ਕਦੇ ਮਾੜਾ ਸਮਾਂ ਵੀ ਆ ਜਾਵੇ, ਹਰ ਹਾਲਾਤਾਂ ਵਿੱਚ ਜੀਵਨ ਜਿਊਣ ਦੀ ਲਿਆਕਤ ਹੁੰਦੀ ਹੈ। ਡਾਵਾਂਡੋਲ ਬਿਲਕੁਲ ਵੀ ਨਹੀਂ ਹੁੰਦਾ। ਜੇ ਅਸੀਂ ਆਪਣੇ ਬਜ਼ੁਰਗਾਂ ਵੱਲ ਦੇਖੀਏ ਤਾਂ ਉਹ ਕਿੰਨੇ ਸਾਦਗੀ 'ਚ ਜੀਵਨ ਬਸਰ ਕਰਦੇ ਸਨ। ਆਪਸੀ ਪ੍ਰੀਤ ਪਿਆਰ ਬਹੁਤ ਹੁੰਦਾ ਸੀ। ਹੋਰ ਵੀ ਸਾਡੇ ਸਾਹਮਣੇ ਅਜਿਹੀ ਕਈ ਮਿਸਾਲਾਂ ਹਨ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਸਾਦਗੀ ਨੂੰ ਅਪਣਾ ਕੇ ਬਣਦਾ ਮਾਣ ਖੱਟਿਆ। ਅਸੀਂ ਸਾਰੇ ਹੀ ਡਾ ਏਪੀਜੇ ਅਬਦੁਲ ਕਲਾਮ (ਸਾਬਕਾ ਰਾਸ਼ਟਰਪਤੀ) ਨੂੰ ਚੰਗੀ ਤਰ੍ਹਾਂ ਜਾਣਦੇ ਹਾਂ, ਜਿਨ੍ਹਾਂ ਨੂੰ ਮਿਜ਼ਾਇਲ ਮੈਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਕਿੰਨੀ ਸਾਦਗੀ ਵਿੱਚ ਉਹ ਰਹਿੰਦੇ ਸਨ। ਜਦੋਂ ਉਨਾਂ ਦੀ ਰਾਸ਼ਟਰਪਤੀ ਭਵਨ ਤੋਂ ਰਿਟਾਇਰਮੈਂਟ ਹੋਈ ਤਾਂ ਸਿਰਫ ਉਹਨਾਂ ਕੋਲ ਦੋ ਸੂਟ ਕੇਸ ਸਨ। ਕੋਈ ਉਹਨਾਂ ਕੋਲ ਮਹਿੰਗਾ ਤੋਹਫ਼ਾ ਜਾਂ ਕੋਈ ਵੱਡੀ ਗੱਡੀ ਨਹੀਂ ਸੀ। ਪੱਛਮੀ ਬੰਗਾਲ ਦੀ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਜੀਵਨ ਅਸੀਂ ਦੇਖਿਆ। ਸਿਰਫ ਦੋ ਕਮਰਿਆਂ ਵਿੱਚ ਰਹਿ ਕੇ 15 ਸਾਲ ਸੂਬੇ ਦੀ ਵਾਂਗਡੋਰ ਸੰਭਾਲੀ। ਸਾਦਕੀ ਭਰਿਆ ਜੀਵਨ ਹੰਡਾਇਆ। ਲਿਬਰਟੀ, ਲਖਾਨੀ ਦੀਆਂ ਚੱਪਲਾਂ ਅਕਸਰ ਉਹ ਪਾਉਂਦੇ ਹਨ। ਸਾਡੇ ਗੁਰੂਆਂ ਪੀਰਾਂ, ਪੈਗੰਬਰਾਂ ਨੇ ਸਾਨੂੰ ਸਾਦਾ ਜੀਵਨ ਜਿਊਣ ਲਈ ਪ੍ਰੇਰਿਆ। ਨਾਮ ਜਪੋ ਤੇ ਵੰਡ ਛਕੋ ਦਾ ਫ਼ਲਸਫ਼ਾ ਦਿੱਤਾ।

ਅੱਜ ਏਆਈ ਦਾ ਜਮਾਨਾ ਹੈ। ਹਰ ਖੇਤਰ ਵਿੱਚ

ਬੇਮਿਸਾਲ ਤਰੱਕੀ ਹੋਈ ਹੈ। ਅੱਜ ਦਿਖਾਵੇ ਦੀ ਹੋੜ ਤੇਜ਼ੀ ਨਾਲ ਵੱਧ ਗਈ ਹੈ। ਮਹਿੰਗੇ ਫੋਨ, ਬਰਾਂਡਿਡ ਕੰਪਨੀ ਦੇ ਕੱਪੜੇ ,ਅਲੀਸ਼ਾਨ ਮਹਿਲ, ਲਗਜ਼ਰੀ ਗੱਡੀਆਂ ਵਾਲੇ ਨੂੰ ਸਮਾਜ ਵਿੱਚ ਚੰਗਾ ਮਾਣ ਸਮਾਨ ਮਿਲ ਰਿਹਾ ਹੈ। ਚਾਹੇ ਉਹ ਬੈਂਕਾਂ ਤੋਂ ਕਰਜ਼ਾ ਹੀ ਚੁੱਕ ਕੇ ਆਪਣੀ ਜ਼ਿੰਦਗੀ ਨੂੰ ਲਗਜ਼ਰੀ ਕਿਉਂ ਨਾ ਬਣਾਇਆ ਰਿਹਾ ਹੋਵੇ? ਜਿਸ ਕਾਰਨ ਉਹ ਤਣਾਅ ਨਾਲ ਘਿਰ ਚੁੱਕਿਆ ਹੈ। ਹਰ ਪਲ ਉਸ ਨੂੰ ਬੇਚੈਨੀ ਲੱਗੀ ਹੋਈ ਹੈ। ਹੰਕਾਰ ਵਿੱਚ ਆ ਕੇ ਉਹ ਆਪਣਿਆਂ ਨਾਲ ਰਿਸ਼ਤੇ ਹੀ ਖਤਮ ਕਰ ਰਿਹਾ ਹੈ। ਖ਼ੂਨ ਦੇ ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਚੁੱਕੀ ਹੈ। ਅਜਿਹੇ ਇਨਸਾਨ ਦਾ ਜੀਵਨ ਸਾਦਗੀ ਤੋਂ ਬਹੁਤ ਦੂਰ ਹੋ ਚੁੱਕਿਆ ਹੈ। ਇੰਨੇ ਬੇਲੋੜੇ ਖਰਚੇ ਵਧਾ ਲਏ ਹਨ ਕਿ ਸਮੇਂ ਸਿਰ ਕਿਸ਼ਤਾਂ ਨਾ ਉਤਰਨ ਕਾਰਨ ਫਿਰ ਗਲਤ ਕਦਮ ਵੀ ਚੁੱਕਣਾ ਪੈ ਰਿਹਾ ਹੈ। ਇਕੱਠਾ ਕਰਨ ਦੀ ਹੋੜ ਲੱਗੀ ਹੋਈ ਹੈ। ਅੱਜ ਤਾਂ ਮਿੰਟ ਦਾ ਵਸਾਅ ਤੱਕ ਨਹੀਂ ਹੈ ਛੋਟੀ ਉਮਰ ਦੇ ਹੀ ਲੋਕ ਦੁਨੀਆਂ ਤੋਂ ਰੁਖ਼ਸਤ ਕਰ ਰਹੇ ਹਨ। ਵਰਤਮਾਨ ਨੂੰ ਵਿਸਾਰ ਕੇ ਭਵਿੱਖ ਦੀ ਜ਼ਿਆਦਾ ਚਿੰਤਾ ਕਰ ਰਹੇ ਹਨ। ਵਰਤਮਾਨ ਵਿੱਚ ਜ਼ਿੰਦਗੀ ਜਿਊਣਾ ਹੀ ਭੁੱਲ ਚੁੱਕੇ ਹਨ। ਛੋਟੀ ਛੋਟੀ ਖੁਸ਼ੀਆਂ ਦਾ ਆਨੰਦ ਮਾਣਨਾ ਹੀ ਅਸਲੀ ਦੌਲਤ ਹੈ। ਸਾਦਗੀ ਦਾ ਗੁੱਣ ਹੀ ਮਨੁੱਖ ਨੂੰ ਘੁਮੰਡ ਤੋਂ ਬਚਾਉਂਦਾ ਹੈ। ਜੋ ਇਨਸਾਨ ਸਾਦਗੀ ਵਿੱਚ ਰਹਿੰਦਾ ਹੈ ਉਸ ਦੇ ਸਾਰਿਆਂ ਨਾਲ ਰਿਸ਼ਤੇ ਬਹੁਤ ਹੀ ਵਧੀਆ ਰਹਿੰਦੇ ਹਨ। ਮਿਲਵਰਤਨ ਦੀ ਭਾਵਨਾ ਉਸ ਦੇ ਅੰਦਰ ਹੁੰਦੀ ਹੈ। ਹਰ ਥਾਂ ਤੇ ਅਜਿਹੇ ਇਨਸਾਨ ਦਾ ਸਤਿਕਾਰ ਹੁੰਦਾ ਹੈ। ਸਾਦਗੀ ਨਾਲ ਇਨਸਾਨ ਦੇ ਅੰਦਰ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ। ਮਾਂ ਬਾਪ ਨੂੰ ਆਪ ਸਾਦਗੀ ਭਰਿਆ ਜੀਵਨ ਬਸਰ ਕਰਕੇ ਬੱਚਿਆਂ ਨੂੰ ਸੇਧ ਦੇਣੀ ਚਾਹੀਦੀ ਹੈ। ਜੋ ਅੱਜ ਦੀ ਨੌਜਵਾਨੀ ਹੈ ਉਹ ਦਿਖਾਵੇ ਫੈਸ਼ਨ ਵੱਲ ਜਿਆਦਾ ਹੈ। ਸਾਦਾ ਜੀਵਨ ਹਮੇਸ਼ਾ ਹੀ ਚਮਕ ਭਰਿਆ ਹੁੰਦਾ ਹੈ। ਜੇਕਰ ਅਸੀਂ ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਤਰੀਕੇ ਨਾਲ ਵਧੀਆ ਬਸਰ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਹਨਾਂ ਮਹਿਲ ਮਾੜੀਆਂ, ਫੋਕੀ ਦਿਖਾਵੇਬਾਜ਼ੀ ਤੋਂ ਦੂਰ ਹੋ ਕੇ ਜ਼ਿੰਦਗੀ ਬਸਰ ਕਰਨੀ ਪਵੇਗੀ। ਇਸ ਤਰ੍ਹਾਂ ਅਸੀਂ ਹੋਰਾਂ ਲਈ ਵੀ ਪ੍ਰੇਰਨਾ ਸਰੋਤ ਬਣ ਸਕਦੇ ਹਾਂ। ਇੱਕ ਵਧੀਆ ਸਮਾਜ ਦੀ ਸਿਰਜਣਾ ਹੋ ਸਕਦੀ ਹੈ।

## ਚੁੱਪ ਦਾ ਪਸਾਰਾ

ਚੁੱਪ ਦਾ ਪਸਾਰਾ ਖਤਮ ਹੋ ਗਿਆ ਏ
ਸ਼ੋਰ ਹੈ ਮੱਚਿਆ ਤਖਤ ਰੋ ਪਿਆ ਏ

ਗੱਲ ਪਈ ਓਟਨੀ ਜਦੋਂ ਦਰਬਾਰ ਨੂੰ
ਝੂਠ ਦਾ ਸਹਾਰਾ ਕੇ ਲੈ ਰੋ ਪਿਆ ਏ

ਯਤਨ ਕਿ ਛੁਪ ਜਾਏ ਕਰੀ ਕਰਤੂਤ ਜੋ
ਅਖਬਾਰਾਂ 'ਚ ਨਸ਼ਰ ਨਾਮ ਹੋ ਗਿਆ ਏ

ਮੂੰਹ ਨਾ ਵਖਾਵੇ ਫਿਰੇ ਕਿਵੇਂ ਛੁਪਦਾ
ਲੋਕਾਂ 'ਚ ਵਿਚਰਨਾ ਦੁਭਰ ਹੋ ਗਿਆ ਏ

ਕਰਮ ਅਤੀਤ ਵਿੱਚ ਕੀਤੇ ਜੋ ਛੁਪਕੇ
ਭੂਤ ਕਿ ਬੋਤਲ 'ਚੋਂ ਬਾਹਰ ਹੋ ਗਿਆ ਏ

ਮੰਗਣ ਲੱਗੇ ਹੁਣ ਬੱਚੇ ਨੇ ਹਿਸਾਬ
ਸਾਡਾ ਜੋ ਲੁੱਟ ਕੇ ਭਵਿੱਖ ਖਾ ਲਿਆ ਏ

**-ਆਰ. ਸੀ. ਘੋਲੀਆ**

# ਅੰਬਰਾਂ ਦੇ ਤਾਰੇ

**ਤਕਸ਼ਕ ਸ਼ਰਮਾ**

ਸੁਨਾਮ ਦੇ ਨੇੜੇ ਇੱਕ ਛੋਟਾ ਜਿਹਾ ਪਿੰਡ ਸੀ। ਪਿੰਡ ਦੀਆਂ ਗਲੀਆਂ ਕੱਚੀਆਂ ਸਨ, ਪਰ ਉਨ੍ਹਾਂ ਗਲੀਆਂ ਵਿੱਚ ਪਲਣ ਵਾਲੇ ਸੁਪਨੇ ਬਹੁਤ ਵੱਡੇ ਸਨ। ਸਵੇਰ ਵੇਲੇ ਖੇਤਾਂ ਵਿਚੋਂ ਆਉਂਦੀ ਮਿੱਟੀ ਦੀ ਖੁਸ਼ਬੂ, ਦੂਰੋਂ ਸੁਣਾਈ ਦਿੰਦੀ ਗੁਰਬਾਣੀ ਦੀ ਆਵਾਜ਼ ਅਤੇ ਸ਼ਾਮ ਨੂੰ ਘਰਾਂ ਦੀਆਂ ਛੱਤਾਂ ਉੱਤੇ ਬੈਠੇ ਲੋਕ—ਇਹੀ ਉਸ ਪਿੰਡ ਦੀ ਦੁਨੀਆ ਸੀ।

ਉਸੇ ਪਿੰਡ ਵਿੱਚ ਰਹਿੰਦਾ ਸੀ ਹਰਭਜਨ।

ਸਾਦਾ ਜਿਹਾ ਮੁੰਡਾ। ਨਾ ਕਿਸੇ ਨਾਲ ਵੈਰ, ਨਾ ਕਿਸੇ ਨਾਲ ਝਗੜਾ। ਚਿਹਰੇ ਉੱਤੇ ਹਮੇਸ਼ਾ ਹਲਕੀ ਜਿਹੀ ਮੁਸਕਰਾਹਟ ਅਤੇ ਦਿਲ ਵਿੱਚ ਆਪਣੇ ਲੋਕਾਂ ਲਈ ਬੇਅੰਤ ਪਿਆਰ।




ਪਰ ਹਰਭਜਨ ਦੀ ਜ਼ਿੰਦਗੀ ਵਿੱਚ ਇੱਕ ਹੋਰ ਨਾਮ ਸੀ, ਜਿਸ ਤੋਂ ਬਿਨਾਂ ਉਸਦੀ ਕਹਾਣੀ ਅਧੂਰੀ ਸੀ—ਬਿੱਟੂ।

ਬਿੱਟੂ ਅਸਲ ਵਿੱਚ ਸ਼ਰਮਾ ਪਰਿਵਾਰ ਦਾ ਮੁੰਡਾ ਸੀ। ਸੁਨਾਮ ਵਿੱਚ ਉਨ੍ਹਾਂ ਦਾ ਚੰਗਾ-ਖਾਸਾ ਨਾਮ ਸੀ। ਪਰਿਵਾਰ ਪੜ੍ਹਿਆ-ਲਿਖਿਆ ਅਤੇ ਇੱਜ਼ਤਦਾਰ ਸੀ। ਬਿੱਟੂ ਵੀ ਆਪਣੇ ਪਰਿਵਾਰ ਦੀ ਤਰ੍ਹਾਂ ਸਿਆਣਾ, ਸ਼ਾਂਤ ਅਤੇ ਸ਼ਰੀਫ਼ ਸੀ।

ਪਿੰਡ ਦੇ ਲੋਕ ਉਸਨੂੰ ਪਿਆਰ ਨਾਲ ਨਹੀਂ, ਇੱਜ਼ਤ ਨਾਲ "ਸ਼ਰਮਾ ਜੀ" ਕਹਿੰਦੇ ਸਨ।

ਪਰ ਹਰਭਜਨ ਲਈ ਉਹ ਸਿਰਫ਼—

"ਓਏ ਬਿੱਟੂ!"ਸੀ।

ਤੇ ਬਿੱਟੂ ਨੂੰ ਇਹੀ ਨਾਮ ਸਭ ਤੋਂ ਪਿਆਰਾ ਲੱਗਦਾ ਸੀ।

ਦੋਵੇਂ ਪਹਿਲੀ ਜਮਾਤ ਤੋਂ ਇਕੱਠੇ ਪੜ੍ਹਦੇ ਆਏ ਸਨ। ਇੱਕੋ ਬੈਂਚ ਉੱਤੇ ਬੈਠਣਾ, ਇੱਕ ਦੂਜੇ ਦਾ ਟਿਫ਼ਨ ਖਾਣਾ, ਹੋਮਵਰਕ ਨਾ ਕੀਤਾ ਹੋਵੇ ਤਾਂ ਇਕੱਠੇ ਡਾਂਟ ਖਾਣੀ—ਉਨ੍ਹਾਂ ਦੀ ਦੋਸਤੀ ਹੌਲੀ-ਹੌਲੀ ਨਹੀਂ ਬਣੀ ਸੀ।

ਉਹ ਤਾਂ ਜਿਵੇਂ ਜਨਮਾਂ ਦੀ ਜਾਣ-ਪਛਾਣ ਸੀ।

ਸਕੂਲ ਤੋਂ ਬਾਅਦ ਦੋਵੇਂ ਸਟੇਡੀਅਮ ਜਾਂਦੇ। ਕਦੇ ਦੌੜ ਲਗਾਉਂਦੇ, ਕਦੇ ਕ੍ਰਿਕਟ ਖੇਡਦੇ ਤੇ ਕਦੇ ਬਿਨਾਂ ਕਿਸੇ ਕਾਰਨ ਦੇ ਘੰਟਿਆਂ ਬੈਠੇ ਰਹਿੰਦੇ।

ਇੱਕ ਦਿਨ ਹਰਭਜਨ ਨੇ ਬਿੱਟੂ ਨੂੰ ਪੁੱਛਿਆ,

"ਓਏ ਬਿੱਟੂ, ਤੂੰ ਵੱਡਾ ਹੋ ਕੇ ਕੀ ਬਣਨਾ?"

ਬਿੱਟੂ ਨੇ ਹੱਸ ਕੇ ਕਿਹਾ,

"ਜਿਹੜਾ ਵੀ ਬਣਾਂ, ਪਰ ਤੇਰੇ ਨਾਲੋਂ ਵੱਡਾ ਬਣਾਂਗਾ।"

ਹਰਭਜਨ ਨੇ ਉਸਦੇ ਮੋਢੇ ਉੱਤੇ ਹੱਥ ਮਾਰਿਆ।

"ਓਏ, ਫਿਰ ਤਾਂ ਸਾਰੀ ਉਮਰ ਮੇਰੇ ਪਿੱਛੇ ਹੀ ਤੁਰੇਂਗਾ।"

ਬਿੱਟੂ ਨੇ ਗੰਭੀਰ ਹੋ ਕੇ ਕਿਹਾ,

"ਨਹੀਂ... ਜਿੱਥੇ ਤੂੰ ਜਾਵੇਂਗਾ, ਮੈਂ ਤੇਰੇ ਨਾਲ ਤੁਰਾਂਗਾ।"

ਉਸ ਵੇਲੇ ਦੋਵੇਂ ਹੱਸ ਪਏ।

ਉਹਨਾਂ ਨੂੰ ਕੀ ਪਤਾ ਸੀ ਕਿ ਇਹ ਛੋਟਾ ਜਿਹਾ ਵਾਕ ਇੱਕ

ਦਿਨ ਉਨ੍ਹਾਂ ਦੀ ਪੂਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਵਾਅਦਾ ਬਣ ਜਾਵੇਗਾ।

---

ਸਮਾਂ ਲੰਘਦਾ ਗਿਆ।

ਸਕੂਲ ਮੁੱਕ ਗਿਆ।

ਦੋਵੇਂ ਜਲੰਧਰ ਦੇ ਕਾਲਜ ਵਿੱਚ ਪੜ੍ਹਨ ਚਲੇ ਗਏ।

ਪਿੰਡ ਤੋਂ ਸ਼ਹਿਰ ਤੱਕ ਦਾ ਸਫ਼ਰ ਉਨ੍ਹਾਂ ਲਈ ਨਵੀਂ ਦੁਨੀਆ ਵਰਗਾ ਸੀ।

ਨਵੇਂ ਚਿਹਰੇ, ਨਵੀਆਂ ਗੱਲਾਂ, ਨਵੇਂ ਸੁਪਨੇ।

ਇੱਥੇ ਹੀ ਹਰਭਜਨ ਦੀ ਮੁਲਾਕਾਤ ਹੋਈ—

ਸੀਤੋ ਨਾਲ।

ਸੀਤੋ ਦੀਆਂ ਅੱਖਾਂ ਵਿੱਚ ਇੱਕ ਅਜੀਬ ਜਿਹੀ ਸਾਦਗੀ ਸੀ। ਉਹ ਬਹੁਤ ਜ਼ਿਆਦਾ ਬੋਲਦੀ ਨਹੀਂ ਸੀ, ਪਰ ਜਦੋਂ ਬੋਲਦੀ ਤਾਂ ਹਰਭਜਨ ਨੂੰ ਲੱਗਦਾ ਜਿਵੇਂ ਬਾਕੀ ਸਾਰੀ ਦੁਨੀਆ ਦੀ ਆਵਾਜ਼ ਬੰਦ ਹੋ ਗਈ ਹੋਵੇ।

ਪਹਿਲੀ ਮੁਲਾਕਾਤ ਤੋਂ ਬਾਅਦ ਦੋਵੇਂ ਇੱਕ ਦੂਜੇ ਨੂੰ ਮਿਲਣ ਲੱਗ ਪਏ।

ਕਦੇ ਕਾਲਜ ਦੀ ਲਾਇਬ੍ਰੇਰੀ ਵਿੱਚ।

ਕਦੇ ਕੈਂਟੀਨ ਵਿੱਚ।

ਕਦੇ ਰਾਹ ਵਿੱਚ ਸਿਰਫ਼ ਕੁਝ ਮਿੰਟਾਂ ਲਈ।

ਤੇ ਕਦੇ ਇੱਕ ਦੂਜੇ ਨੂੰ ਵੇਖ ਕੇ ਹੀ ਦਿਨ ਲੰਘ ਜਾਂਦਾ।

ਬਿੱਟੂ ਨੂੰ ਹਰ ਗੱਲ ਪਤਾ ਸੀ।

ਹਰਭਜਨ ਨੇ ਉਸ ਤੋਂ ਕਦੇ ਕੁਝ ਨਹੀਂ ਲੁਕਾਇਆ।

ਇੱਕ ਸ਼ਾਮ ਤਿੰਨੇ ਕਾਲਜ ਦੇ ਪਿੱਛੇ ਇੱਕ ਪੁਰਾਣੇ ਦਰੱਖਤ ਹੇਠ ਬੈਠੇ ਸਨ।

ਹਰਭਜਨ ਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ,

"ਬਿੱਟੂ... ਮੈਂ ਸੀਤੋ ਨਾਲ ਵਿਆਹ ਕਰਨਾ ਚਾਹੁੰਦਾ ਹਾਂ।"

ਬਿੱਟੂ ਨੇ ਕੁਝ ਪਲ ਉਸ ਵੱਲ ਵੇਖਿਆ।

ਫਿਰ ਸੀਤੋ ਵੱਲ।

ਫਿਰ ਹੱਸ ਕੇ ਬੋਲਿਆ,

"ਮੈਨੂੰ ਪਹਿਲਾਂ ਤੋਂ ਪਤਾ ਸੀ।"

ਹਰਭਜਨ ਹੈਰਾਨ ਹੋਇਆ।

"ਕਿਵੇਂ?"

"ਯਾਰ, ਤੂੰ ਮੇਰਾ ਦੋਸਤ ਹੈਂ। ਤੇਰੀਆਂ ਅੱਖਾਂ ਦੱਸ ਦਿੰਦੀਆਂ ਨੇ ਤੂੰ ਕੀ ਸੋਚ ਰਿਹਾ।"

ਸੀਤੋ ਹੱਸ ਪਈ।

ਉਸ ਦਿਨ ਬਿੱਟੂ ਨੇ ਮਜ਼ਾਕ ਵਿੱਚ ਕਿਹਾ,

"ਇੱਕ ਗੱਲ ਯਾਦ ਰੱਖੀਂ। ਜੇ ਤੇਰੇ ਘਰ ਮੁੰਡਾ ਹੋਇਆ ਤਾਂ ਉਸਦਾ ਨਾਂ ਮੇਰੇ ਨਾਂ ਉੱਤੇ ਰੱਖੀਂ।"

ਹਰਭਜਨ ਨੇ ਤੁਰੰਤ ਕਿਹਾ,

"ਤੇਰੇ ਘਰ ਮੁੰਡਾ ਹੋਇਆ ਤਾਂ ਉਸਦਾ ਨਾਂ ਮੇਰੇ ਨਾਂ ਉੱਤੇ।"

ਤਿੰਨੇ ਹੱਸ ਪਏ।

ਸੀਤੋ ਨੇ ਕਿਹਾ,

"ਤੁਸੀਂ ਦੋਵੇਂ ਪਾਗਲ ਹੋ।"

ਬਿੱਟੂ ਨੇ ਕਿਹਾ,

"ਪਾਗਲ ਨਹੀਂ... ਪੱਕੇ ਯਾਰ ਹਾਂ।"

ਉਸ ਦਿਨ ਦਾ ਮਜ਼ਾਕ ਉਨ੍ਹਾਂ ਦੀ ਜ਼ਿੰਦਗੀ ਦੀ ਆਖਰੀ ਖੁਸ਼ੀ ਭਰੀ ਯਾਦਾਂ ਵਿੱਚੋਂ ਇੱਕ ਬਣ ਗਿਆ।

---

ਕਾਲਜ ਦੇ ਦਿਨ ਮੁੱਕਣ ਲੱਗੇ।

ਬਿੱਟੂ ਹੌਲੀ-ਹੌਲੀ ਰਾਜਨੀਤੀ ਵਿੱਚ ਦਿਲਚਸਪੀ ਲੈਣ ਲੱਗਾ।

ਉਸਦੀ ਗੱਲ ਕਰਨ ਦੀ ਕਲਾ, ਸਿਆਣਪ ਅਤੇ ਲੋਕਾਂ ਨੂੰ ਸਮਝਣ ਦੀ ਕਾਬਲੀਅਤ ਕਰਕੇ ਬਹੁਤ ਸਾਰੇ ਲੋਕ ਉਸਨੂੰ ਪਸੰਦ ਕਰਦੇ ਸਨ।

ਪਰ ਉਸਦੀ ਜ਼ਿੰਦਗੀ ਵਿੱਚ ਇੱਕ ਅਜਿਹਾ ਮੋੜ ਆਇਆ ਜਿਸ ਨੇ ਉਸਦੀ ਪੂਰੀ ਸ਼ਖ਼ਸੀਅਤ ਬਦਲ ਦਿੱਤੀ।

ਪਹਿਲਾਂ ਉਹ ਲੋਕਾਂ ਦੇ ਕੰਮ ਕਰਵਾਉਣ ਲਈ ਲੋਕਾਂ ਵਿੱਚ ਜਾਂਦਾ ਸੀ।

ਫਿਰ ਉਹ ਅਜਿਹੇ ਲੋਕਾਂ ਦੇ ਸੰਪਰਕ ਵਿੱਚ ਆਇਆ ਜਿਨ੍ਹਾਂ ਦੀ ਦੁਨੀਆ ਕਾਨੂੰਨ, ਡਰ ਅਤੇ ਹਿੰਸਾ ਨਾਲ ਚੱਲਦੀ ਸੀ।

ਸ਼ੁਰੂ ਵਿੱਚ ਬਿੱਟੂ ਸਿਰਫ਼ ਉਨ੍ਹਾਂ ਨੂੰ ਸਮਝਦਾ ਰਿਹਾ।

ਫਿਰ ਉਨ੍ਹਾਂ ਦਾ ਹਿੱਸਾ ਬਣ ਗਿਆ।

ਅਤੇ ਕੁਝ ਸਮੇਂ ਬਾਅਦ—

ਬਿੱਟੂ ਨਾਮ ਪਿੱਛੇ ਰਹਿ ਗਿਆ।

ਉਸਦਾ ਇੱਕ ਹੋਰ ਨਾਮ ਬਣ ਗਿਆ।

"ਮੁੱਸਾ ਬਾਹਮਣ।"

ਇਹ ਨਾਮ ਉੱਤਰ ਭਾਰਤ ਦੇ ਕਈ ਹਿੱਸਿਆਂ ਵਿੱਚ ਡਰ ਨਾਲ ਲਿਆ ਜਾਣ ਲੱਗਾ।

ਜਿੱਥੇ ਉਹ ਜਾਂਦਾ, ਲੋਕ ਚੁੱਪ ਹੋ ਜਾਂਦੇ।

ਜਿਸਨੂੰ ਉਸਦੇ ਗੁੱਸੇ ਦਾ ਪਤਾ ਹੁੰਦਾ, ਉਹ ਉਸਦੇ ਸਾਹਮਣੇ ਅੱਖ ਚੁੱਕ ਕੇ ਗੱਲ ਕਰਨ ਤੋਂ ਵੀ ਡਰਦਾ।

ਬਿੱਟੂ ਬਹੁਤ ਸਿਆਣਾ ਸੀ।

ਇਸ ਕਰਕੇ ਉਹ ਹੋਰ ਵੀ ਖਤਰਨਾਕ ਬਣ ਗਿਆ।

ਉਹ ਬਿਨਾਂ ਸੋਚੇ ਕਦਮ ਨਹੀਂ ਚੁੱਕਦਾ ਸੀ।

ਉਸਦੀ ਆਵਾਜ਼ ਉੱਚੀ ਨਹੀਂ ਹੁੰਦੀ ਸੀ।

ਉਹ ਧਮਕੀਆਂ ਦੇਣ ਵਾਲਿਆਂ ਵਿੱਚੋਂ ਨਹੀਂ ਸੀ।

ਉਹ ਸਿਰਫ਼ ਸਾਹਮਣੇ ਵਾਲੇ ਦੀਆਂ ਅੱਖਾਂ ਵਿੱਚ ਵੇਖਦਾ...

ਅਤੇ ਚੁੱਪ ਰਹਿੰਦਾ।

ਉਸਦੀ ਉਹ ਚੁੱਪੀ ਹੀ ਲੋਕਾਂ ਨੂੰ ਡਰਾ ਦਿੰਦੀ ਸੀ।

ਕਹਿੰਦੇ ਸਨ—

"ਮੁੱਸਾ ਬਾਹਮਣ ਜੇ ਗੁੱਸੇ ਵਿੱਚ ਬੋਲ ਪਵੇ ਤਾਂ ਸ਼ਾਇਦ ਬਚ ਜਾਈਏ... ਪਰ ਜੇ ਚੁੱਪ ਹੋ ਜਾਵੇ ਤਾਂ ਰੱਬ ਹੀ ਰਾਖਾ।"

ਪਰ ਇੱਕ ਗੱਲ ਕੋਈ ਨਹੀਂ ਜਾਣਦਾ ਸੀ।

ਇਸ ਖ਼ੌਫ਼ਨਾਕ ਨਾਮ ਦੇ ਪਿੱਛੇ ਅਜੇ ਵੀ ਉਹੀ ਪੁਰਾਣਾ ਬਿੱਟੂ ਜ਼ਿੰਦਾ ਸੀ।

ਉਹੀ ਬਿੱਟੂ...

ਜੋ ਹਰਭਜਨ ਨੂੰ ਅਜੇ ਵੀ ਆਪਣੇ ਦਿਲ ਦਾ ਭਰਾ ਮੰਨਦਾ ਸੀ।

---

ਦੂਜੇ ਪਾਸੇ ਹਰਭਜਨ ਪਿੰਡ ਵਾਪਸ ਆ ਗਿਆ ਸੀ।

ਉਸਨੇ ਖੇਤੀ ਸੰਭਾਲ ਲਈ।

ਸਵੇਰੇ ਖੇਤ।

ਦੁਪਹਿਰ ਕੰਮ।

ਸ਼ਾਮ ਨੂੰ ਪਿੰਡ ਦੀਆਂ ਗਲੀਆਂ।

ਪਰ ਉਸਦੇ ਦਿਲ ਵਿੱਚ ਇੱਕ ਹੀ ਚਿਹਰਾ ਸੀ—

ਸੀਤੋ।

ਦੋਵੇਂ ਇੱਕ ਦੂਜੇ ਨੂੰ ਬੇਅੰਤ ਪਿਆਰ ਕਰਦੇ ਸਨ।

ਪਰ ਸਮਾਜ ਨੂੰ ਉਨ੍ਹਾਂ ਦਾ ਪਿਆਰ ਮਨਜ਼ੂਰ ਨਹੀਂ ਸੀ।

ਕਦੇ ਪਰਿਵਾਰ ਦੀ ਇੱਜ਼ਤ ਵਿਚਕਾਰ ਆ ਜਾਂਦੀ।

ਕਦੇ ਜਾਤ-ਪਾਤ।

ਕਦੇ ਲੋਕਾਂ ਦੀਆਂ ਗੱਲਾਂ।

ਕਦੇ ਰਿਸ਼ਤੇਦਾਰਾਂ ਦਾ ਦਬਾਅ।

ਕਦੇ ਉਹ ਕੰਧ ਜਿਸਦਾ ਕੋਈ ਨਾਮ ਨਹੀਂ ਹੁੰਦਾ, ਪਰ ਜਿਸਨੂੰ ਪਾਰ ਕਰਨਾ ਸਭ ਤੋਂ ਔਖਾ ਹੁੰਦਾ ਹੈ।

ਸੀਤੋ ਦੇ ਘਰ ਵਾਲਿਆਂ ਨੇ ਸਾਫ਼ ਮਨ੍ਹਾ ਕਰ ਦਿੱਤਾ।

ਹਰਭਜਨ ਦੇ ਘਰ ਵਿੱਚ ਵੀ ਗੱਲ ਬਣਦੀ ਨਹੀਂ ਸੀ।

ਹਰਭਜਨ ਨੇ ਬਹੁਤ ਕੋਸ਼ਿਸ਼ ਕੀਤੀ।

ਸੀਤੋ ਨੇ ਵੀ।

ਪਰ ਹਰ ਕੋਸ਼ਿਸ਼ ਦੇ ਬਾਅਦ ਉਨ੍ਹਾਂ ਦੇ ਸਾਹਮਣੇ ਇੱਕ ਹੋਰ ਦਰਵਾਜ਼ਾ ਬੰਦ ਹੋ ਜਾਂਦਾ।

ਆਖ਼ਰ ਇੱਕ ਰਾਤ ਸੀਤੋ ਨੇ ਹਰਭਜਨ ਨੂੰ ਕਿਹਾ,

"ਹੁਣ ਕੀ ਕਰੀਏ?"

ਹਰਭਜਨ ਚੁੱਪ ਰਿਹਾ।

ਫਿਰ ਬੋਲਿਆ,

"ਬਿੱਟੂ ਨੂੰ ਦੱਸਦੇ ਹਾਂ।"

ਉਹ ਜਾਣਦੇ ਸਨ—

ਦੁਨੀਆ ਵਿੱਚ ਜੇ ਕੋਈ ਉਨ੍ਹਾਂ ਦੀ ਗੱਲ ਸਮਝ ਸਕਦਾ ਸੀ ਤਾਂ ਉਹ ਸਿਰਫ਼ ਬਿੱਟੂ ਸੀ।

---

ਉਸ ਰਾਤ ਬਿੱਟੂ ਨੂੰ ਫੋਨ ਆਇਆ।

ਉਸਨੇ ਫੋਨ ਚੁੱਕਿਆ।

"ਹਾਂ ਹਰਭਜਨ?"

ਦੂਜੇ ਪਾਸੇ ਕੁਝ ਪਲ ਚੁੱਪੀ ਰਹੀ।

ਫਿਰ ਹਰਭਜਨ ਦੀ ਟੁੱਟੀ ਹੋਈ ਆਵਾਜ਼ ਆਈ।

"ਬਿੱਟੂ..."

ਬਿੱਟੂ ਦੀ ਆਵਾਜ਼ ਤੁਰੰਤ ਬਦਲ ਗਈ।

"ਕੀ ਹੋਇਆ?"

"ਮੈਂ ਤੇ ਸੀਤੋ... ਅਸੀਂ ਬਹੁਤ ਥੱਕ ਗਏ ਹਾਂ।"

ਬਿੱਟੂ ਕੁਝ ਸਕਿੰਟ ਚੁੱਪ ਰਿਹਾ।

"ਤੁਸੀਂ ਦੋਵੇਂ ਮੇਰੇ ਕੋਲ ਆਓ।"

ਹਰਭਜਨ ਨੇ ਕਿਹਾ,

"ਹੁਣ ਕੋਈ ਰਾਹ ਨਹੀਂ ਬਿੱਟੂ।"

ਬਿੱਟੂ ਦੀਆਂ ਅੱਖਾਂ ਵਿੱਚ ਪਹਿਲੀ ਵਾਰ ਡਰ ਆਇਆ।

"ਐਹੋ ਜਿਹੀ ਗੱਲ ਨਾ ਕਰੀਂ।"

"ਤੂੰ ਸਾਡੇ ਲਈ ਸਭ ਤੋਂ ਵੱਧ ਕਰ ਸਕਦਾ ਸੀ..."

"ਮੈਂ ਹੁਣ ਵੀ ਕਰ ਸਕਦਾ ਹਾਂ!"

"ਨਹੀਂ ਬਿੱਟੂ... ਹੁਣ ਬਹੁਤ ਦੇਰ ਹੋ ਗਈ।"

ਫੋਨ ਕੱਟ ਗਿਆ।

ਬਿੱਟੂ ਕੁਝ ਪਲ ਫੋਨ ਵੱਲ ਤੱਕਦਾ ਰਿਹਾ।

ਉਸਨੂੰ ਪਹਿਲੀ ਵਾਰ ਆਪਣੀ ਸਾਰੀ ਤਾਕਤ ਬੇਕਾਰ ਲੱਗੀ।

ਉਸਦੇ ਕੋਲ ਪੈਸਾ ਸੀ।

ਲੋਕ ਸਨ।

ਡਰ ਸੀ।

ਪ੍ਰਭਾਵ ਸੀ।

ਪਰ ਉਹ ਆਪਣੇ ਸਭ ਤੋਂ ਜਿਗਰੀ ਯਾਰ ਦੀ ਟੁੱਟਦੀ ਜ਼ਿੰਦਗੀ ਨੂੰ ਨਹੀਂ ਰੋਕ ਸਕਿਆ।

ਉਸ ਰਾਤ ਉਹ ਬਹੁਤ ਦੇਰ ਤੱਕ ਜਾਗਦਾ ਰਿਹਾ।

ਫਿਰ ਉਸਨੂੰ ਇੱਕ ਹੋਰ ਸੁਨੇਹਾ ਆਇਆ।

ਹਰਭਜਨ ਨੇ ਲਿਖਿਆ ਸੀ—

"ਬਿੱਟੂ, ਸਾਨੂੰ ਮਾਫ਼ ਕਰੀਂ। ਤੂੰ ਸਾਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਪਰ ਸਾਡਾ ਵਾਅਦਾ ਯਾਦ ਰੱਖੀਂ। ਇਹ ਜ਼ਿੰਦਗੀ ਛੱਡ ਦੇਈਂ। ਮੁੜ ਉਹੀ ਬਿੱਟੂ ਬਣ ਜਾਈਂ।"

ਹੇਠਾਂ ਸੀਤੋ ਨੇ ਸਿਰਫ਼ ਇੱਕ ਲਾਈਨ ਲਿਖੀ ਸੀ—

"ਸਾਡੇ ਬਾਅਦ ਕਿਸੇ ਹੋਰ ਨੂੰ ਨਾ ਗੁਆਈਂ।"

ਬਿੱਟੂ ਦਾ ਦਿਲ ਕੰਬ ਗਿਆ।

ਉਸਨੇ ਤੁਰੰਤ ਫੋਨ ਕੀਤਾ।

ਕੋਈ ਜਵਾਬ ਨਹੀਂ।

ਫਿਰ ਕੀਤਾ।

ਕੋਈ ਜਵਾਬ ਨਹੀਂ।

ਉਹ ਆਪਣੀ ਗੱਡੀ ਲੈ ਕੇ ਨਿਕਲ ਪਿਆ।

ਪਰ ਜਦੋਂ ਉਹ ਉੱਥੇ ਪਹੁੰਚਿਆ...

ਬਹੁਤ ਦੇਰ ਹੋ ਚੁੱਕੀ ਸੀ।

ਹਰਭਜਨ ਅਤੇ ਸੀਤੋ ਇਸ ਦੁਨੀਆ ਨੂੰ ਅਲਵਿਦਾ ਕਹਿ ਚੁੱਕੇ ਸਨ।

ਉਸ ਰਾਤ ਬਿੱਟੂ ਪਹਿਲੀ ਵਾਰ ਟੁੱਟਿਆ।

ਉਹ ਨਾ ਚੀਖਿਆ।

ਨਾ ਰੋਇਆ।

ਸਿਰਫ਼ ਦੋਵੇਂ ਦੇ ਕੋਲ ਬੈਠ ਗਿਆ।

ਉਸਨੇ ਹਰਭਜਨ ਦਾ ਹੱਥ ਆਪਣੇ ਹੱਥ ਵਿੱਚ ਫੜਿਆ।

"ਓਏ... ਤੂੰ ਤਾਂ ਕਹਿੰਦਾ ਸੀ ਜਿੱਥੇ ਮੈਂ ਜਾਵਾਂਗਾ, ਤੂੰ ਮੇਰੇ ਨਾਲ ਤੁਰੇਂਗਾ।"

ਉਸਦੀ ਆਵਾਜ਼ ਕੰਬ ਰਹੀ ਸੀ।

"ਫਿਰ ਮੈਨੂੰ ਇੱਥੇ ਇਕੱਲਾ ਛੱਡ ਕੇ ਕਿੱਥੇ ਚਲਾ ਗਿਆ?"

ਉਸ ਰਾਤ ਬਿੱਟੂ ਦੀਆਂ ਅੱਖਾਂ ਵਿੱਚੋਂ ਹੰਝੂ ਨਹੀਂ ਨਿਕਲੇ।

ਸ਼ਾਇਦ ਉਸ ਤੋਂ ਵੀ ਵੱਡਾ ਦਰਦ ਸੀ।

---

ਅੰਤਿਮ ਸੰਸਕਾਰ ਤੋਂ ਬਾਅਦ ਬਿੱਟੂ ਕਈ ਦਿਨ ਗਾਇਬ ਰਿਹਾ।

ਜਿਹੜੇ ਲੋਕ ਉਸਦੇ ਇਸ਼ਾਰੇ ਉੱਤੇ ਕੰਮ ਕਰਦੇ ਸਨ, ਉਹ ਪਹਿਲੀ ਵਾਰ ਉਸਨੂੰ ਲੱਭਦੇ ਫਿਰ ਰਹੇ ਸਨ।

ਪਰ ਬਿੱਟੂ ਕਿਸੇ ਨੂੰ ਨਹੀਂ ਮਿਲਿਆ।

ਕਈ ਦਿਨ ਬਾਅਦ ਉਹ ਆਪਣੇ ਪੁਰਾਣੇ ਸਟੇਡੀਅਮ ਵਿੱਚ ਗਿਆ।

ਉਹੀ ਜਗ?ਹਾ...

ਜਿੱਥੇ ਉਹ ਅਤੇ ਹਰਭਜਨ ਬਚਪਨ ਵਿੱਚ ਦੌੜ ਲਗਾਉਂਦੇ ਸਨ।

ਉਸਨੇ ਪੁਰਾਣੀ ਬੈਂਚ ਨੂੰ ਹੱਥ ਲਾਇਆ।

ਅੱਖਾਂ ਬੰਦ ਕੀਤੀਆਂ।

ਉਸਨੂੰ ਹਰਭਜਨ ਦੀ ਆਵਾਜ਼ ਸੁਣਾਈ ਦਿੱਤੀ—

"ਓਏ ਬਿੱਟੂ, ਤੂੰ ਮੇਰੇ ਨਾਲੋਂ ਕਦੇ ਤੇਜ਼ ਨਹੀਂ ਦੌੜ ਸਕਦਾ।"

ਬਿੱਟੂ ਦੀਆਂ ਅੱਖਾਂ ਭਰ ਆਈਆਂ।

ਉਸਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ,

"ਅੱਜ ਵੀ ਨਹੀਂ ਦੌੜ ਸਕਦਾ ਯਾਰ... ਕਿਉਂਕਿ ਤੂੰ ਮੇਰੇ ਨਾਲ ਨਹੀਂ।"

ਉਸਨੇ ਉਸੇ ਦਿਨ ਫੈਸਲਾ ਕਰ ਲਿਆ।

ਮੁੱਸਾ ਬਾਹਮਣ ਮਰ ਗਿਆ।

ਤੇ ਬਿੱਟੂ...

ਵਾਪਸ ਆ ਗਿਆ।

ਉਸਨੇ ਆਪਣੇ ਪੁਰਾਣੇ ਸਾਰੇ ਰਿਸ਼ਤੇ ਤੋੜ ਦਿੱਤੇ।

ਜਿਹੜੀ ਦੁਨੀਆ ਉਸਨੂੰ ਖੌਫ਼ ਦਾ ਨਾਮ ਦਿੰਦੀ ਸੀ, ਉਸ ਤੋਂ ਉਹ ਦੂਰ ਹੋ ਗਿਆ।

ਨਾ ਕੋਈ ਵੱਡਾ ਐਲਾਨ।

ਨਾ ਕੋਈ ਵਿਦਾਈ।

ਨਾ ਕੋਈ ਤਮਾਸ਼ਾ।

ਸਿਰਫ਼ ਇੱਕ ਦਿਨ ਉਹ ਚੁੱਪਚਾਪ ਉਸ ਦੁਨੀਆ ਤੋਂ ਬਾਹਰ ਨਿਕਲ ਗਿਆ।

ਕਈਆਂ ਨੇ ਉਸਨੂੰ ਕਮਜ਼ੋਰ ਕਿਹਾ।

ਕਈਆਂ ਨੇ ਕਿਹਾ ਕਿ ਉਹ ਡਰ ਗਿਆ।

ਪਰ ਬਿੱਟੂ ਜਾਣਦਾ ਸੀ—

ਅਸਲ ਹਿੰਮਤ ਕਿਸੇ ਨੂੰ ਡਰਾਉਣ ਵਿੱਚ ਨਹੀਂ।

ਅਸਲ ਹਿੰਮਤ ਆਪਣੇ ਅੰਦਰਲੇ ਹਨੇਰੇ ਨੂੰ ਛੱਡਣ ਵਿੱਚ ਹੈ।

---

ਸਾਲ ਬੀਤ ਗਏ।

ਸੁਨਾਮ ਦੀਆਂ ਗਲੀਆਂ ਬਦਲ ਗਈਆਂ।

ਸਟੇਡੀਅਮ ਦੀਆਂ ਕੰਧਾਂ ਪੁਰਾਣੀਆਂ ਹੋ ਗਈਆਂ।

ਪਿੰਡ ਵਿੱਚ ਨਵੀਂ ਪੀੜ੍ਹੀ ਆ ਗਈ।

ਪਰ ਬਿੱਟੂ ਨਹੀਂ ਬਦਲਿਆ।

ਉਹ ਹੁਣ ਇੱਕ ਆਮ ਜ਼ਿੰਦਗੀ ਜੀ ਰਿਹਾ ਸੀ।

ਸਵੇਰੇ ਉੱਠਦਾ।

ਆਪਣਾ ਕੰਮ ਕਰਦਾ।

ਸ਼ਾਮ ਨੂੰ ਘਰ ਆਉਂਦਾ।

ਕਿਸੇ ਨੂੰ ਨਹੀਂ ਪਤਾ ਸੀ ਕਿ ਇਹ ਉਹੀ ਬੰਦਾ ਹੈ ਜਿਸਦੇ ਨਾਮ ਤੋਂ ਕਦੇ ਲੋਕ ਕੰਬਦੇ ਸਨ।

ਉਸਦੇ ਚਿਹਰੇ ਉੱਤੇ ਹੁਣ ਵੀ ਗੰਭੀਰਤਾ ਸੀ।

ਅੱਖਾਂ ਵਿੱਚ ਅਜੇ ਵੀ ਉਹੀ ਤੀਖ਼ਾਪਣ ਸੀ।

ਪਰ ਹੁਣ ਉਸ ਤੀਖ਼ਾਪਣ ਦੇ ਪਿੱਛੇ ਗੁੱਸਾ ਨਹੀਂ—

ਪਛਤਾਵਾ ਸੀ।

ਉਹ ਕਦੇ-ਕਦੇ ਰਾਤ ਨੂੰ ਛੱਤ ਉੱਤੇ ਆ ਕੇ ਅਸਮਾਨ ਵੱਲ ਵੇਖਦਾ।

ਅੰਬਰਾਂ ਵਿੱਚ ਚਮਕਦੇ ਤਾਰਿਆਂ ਨੂੰ ਤੱਕਦਾ।

ਤੇ ਹੌਲੀ ਜਿਹਾ ਕਹਿੰਦਾ,

"ਹਰਭਜਨ... ਤੂੰ ਉੱਥੇ ਹੈਂ?"

ਫਿਰ ਆਪਣੇ ਆਪ ਹੀ ਮੁਸਕਰਾ ਦਿੰਦਾ।

"ਮੈਨੂੰ ਪਤਾ ਤੂੰ ਉੱਥੇ ਹੀ ਹੈਂ।"

ਉਸਨੂੰ ਲੱਗਦਾ ਸੀ—

ਅਸਮਾਨ ਵਿੱਚ ਦੋ ਤਾਰੇ ਸਭ ਤੋਂ ਵੱਧ ਚਮਕਦੇ ਹਨ।

ਇੱਕ ਹਰਭਜਨ।

ਇੱਕ ਸੀਤੋ।

---

ਰਾਤ ਡੂੰਘੀ ਹੋ ਗਈ।

ਬਿੱਟੂ ਛੱਤ ਉੱਤੇ ਇਕੱਲਾ ਬੈਠਾ ਸੀ।

ਉਸਦੇ ਸਾਹਮਣੇ ਪੁਰਾਣੀ ਤਸਵੀਰ ਪਈ ਸੀ।

ਤਸਵੀਰ ਵਿੱਚ ਤਿੰਨੇ ਸਨ—

ਹਰਭਜਨ।

ਸੀਤੋ।

ਅਤੇ ਬਿੱਟੂ।

ਉਸਨੇ ਤਸਵੀਰ ਨੂੰ ਹੱਥ ਲਾਇਆ।

"ਤੁਸੀਂ ਦੋਵੇਂ ਮੈਨੂੰ ਛੱਡ ਗਏ ਸੀ।"

ਉਹ ਹੱਸਿਆ।

"ਪਰ ਮੈਂ ਆਪਣਾ ਵਾਅਦਾ ਨਹੀਂ ਛੱਡਿਆ।"

ਕੁਝ ਪਲ ਚੁੱਪ ਰਹਿ ਕੇ ਉਹ ਬੋਲਿਆ,

"ਮੈਂ ਉਹ ਜ਼ਿੰਦਗੀ ਛੱਡ ਦਿੱਤੀ।"

"ਜਿਹੜੇ ਲੋਕ ਮੈਨੂੰ ਮੁੱਸਾ ਬਾਹਮਣ ਕਹਿੰਦੇ ਸਨ, ਉਹਨਾਂ ਲਈ ਉਹ ਬੰਦਾ ਸ਼ਾਇਦ ਅੱਜ ਵੀ ਜ਼ਿੰਦਾ ਹੋਵੇ।"

"ਪਰ ਮੇਰੇ ਲਈ ਨਹੀਂ।"

"ਮੇਰੇ ਲਈ ਤਾਂ ਉਹ ਉਸੇ ਰਾਤ ਮਰ ਗਿਆ ਸੀ... ਜਿਸ ਰਾਤ ਮੇਰਾ ਯਾਰ ਚਲਾ ਗਿਆ ਸੀ।"

ਉਸਨੇ ਅਸਮਾਨ ਵੱਲ ਵੇਖਿਆ।

"ਹੁਣ ਮੈਂ ਸਿਰਫ਼ ਬਿੱਟੂ ਹਾਂ।"

"ਉਹੀ ਬਿੱਟੂ... ਜਿਸਨੂੰ ਸਿਰਫ਼ ਤੂੰ ਬਿੱਟੂ ਕਹਿੰਦਾ ਸੀ।"

ਉਸ ਦੀਆਂ ਅੱਖਾਂ ਵਿੱਚੋਂ ਆਖ਼ਰ ਹੰਝੂ ਡਿੱਗ ਪਏ।

ਕਿਤਾਬ — ਅੰਬਰਾਂ ਦੇ ਤਾਰੇ —

***

# ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ - ਯੁੱਧਵੀਰ (ਲਾਲ ਸਿੰਘ)

ਡਾ. ਭੁਪਿੰਦਰ ਕੌਰ
ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਹਿੰਦੂ ਕੰਨਿਆ ਕਾਲਜ ਕਪੂਰਥਲਾ



ਡਾ. ਸੁਰਿੰਦਰ ਵਾਰਲਿੰਗੇ ਦਾ ਕਹਿਣਾ ਹੈ ਕਿ "ਯਥਾਰਥਵਾਦ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੋਇਆ ਹੈ:

ਯਥਾ+ਅਰਥ। ਇਹ ਹੀ ਯਥਾ ਦਾ ਅਰਥ ਹੈ ਜਿਹਾ ਕਿ ਹੋਰ ਅਰਥ ਦਾ ਮੰਤਵ 'ਵਸਤੂ' ਮੰਨਿਆ ਗਿਆ ਹੈ। ਇਸ ਲਈ ਯਥਾਰਥ ਨੂੰ ਵਸਤੂ ਦੇ ਰੂਪ ਦੇ ਵਿੱਚ ਸਵੀਕਾਰਿਆ ਗਿਆ ਹੈ"1 ਬਾਅਦ ਵਿੱਚ ਯਥਾਰਥਵਾਦ ਨੂੰ ਇਕ ਸਿਧਾਂਤ ਮੰਨ ਲਿਆ ਗਿਆ। 19ਵੀਂ ਸਦੀ ਵਿੱਚ ਫਰਾਂਸ ਵਿੱਚ ਚੱਲੇ ਅੰਦੋਲਨਾਂ ਦੌਰਾਨ ਇਸ ਯਥਾਰਥਵਾਦ ਤੇ ਬੜਾ ਜ਼ੋਰ ਦਿੱਤਾ ਗਿਆ। ਲੇਖਕ ਜੀਵਨ ਨੂੰ ਉਸ ਰੂਪ ਵਿੱਚ ਪੇਸ਼ ਕਰਨਾ ਚਾਹੁੰਦੇ ਸਨ ਜਿਸ ਰੂਪ ਵਿੱਚ ਨਜ਼ਰ ਆ ਰਿਹਾ ਹੁੰਦਾ ਹੈ। ਸ਼ਿਪਲੇ ਨੇ ਯਥਾਰਥ ਨੂੰ ਪਰਿਭਾਸ਼ਤ ਕਰਦਿਆਂ ਕਿਹਾ ਕਿ "ਜਿਹੜਾ ਵਸਤੂਗਤ ਫੋਟੋਗ੍ਰਾਫਰ ਕਲਾਹੀਨ ਚਿੱਤਰਣ ਕਰਦਾ ਅਤੇ ਰਚਨਾ ਵਿੱਚ ਆਪਣੀ ਭਾਵਨਾਵਾਂ ਤੇ ਵਿਚਾਰਾਂ ਨੂੰ ਨਹੀਂ ਆਉਣ ਦਿੰਦਾ ਉਹ ਯਥਾਰਥਵਾਦੀ ਹੈ"2 ਇਸ ਤਰ੍ਹਾਂ ਦੇ ਕਈ ਭੁਲੇਖੇ ਉਸ ਸਮੇਂ ਪੈਦਾ ਹੋਏ ਜਦੋਂ ਪ੍ਰਕ੍ਰਿਤੀਵਾਦੀਆਂ ਨੇ ਸਮਾਜ ਦੇ ਗੰਦ ਤੇ ਕੋਹਜ ਦੇ ਚਿਤਰਣ ਨੂੰ ਸਮਾਜਿਕ ਯਥਾਰਥ ਦਾ ਨਾਂ ਦਿੱਤਾ। ਇਨਸਾਈਕਲੋਪੀਡੀਆ ਬ੍ਰਿਟੇਨਿਕਾ ਵਿੱਚ ਲਿਖਿਆ ਗਿਆ ਹੈ ਕਿ "ਯਥਾਰਥਵਾਦੀ ਲਿਖਾਰੀ ਸੁੰਦਰ ਵਸਤੂਆਂ ਬਾਰੇ ਲਿਖਣਾ ਚੰਗਾ ਨਹੀਂ ਸਮਝਦੇ ਤੇ ਗੰਦੀਆਂ ਘਿਰਣਾਯੋਗ ਚੀਜ਼ਾਂ ਬਾਰੇ ਲਿਖਣਾ ਜ਼ਰੂਰੀ ਸਮਝਦੇ ਹਨ।"3 ਇਹਨਾਂ ਸਾਰੀਆਂ ਗਲਤੀਆਂ ਦੀ ਸ਼ੁਧੀ ਮਾਰਕਸੀ ਦ੍ਰਿਸ਼ਟੀ ਨਾਲ ਇਸ ਸਮੱਸਿਆ ਤੇ ਵਿਚਾਰ ਕਰਨ ਮਗਰੋਂ ਹੋ ਜਾਂਦੀ ਹੈ। "ਮਾਰਕਸਵਾਦ ਦੇ ਘੇਰੇ ਵਿੱਚ ਵਰਗੀ ਪਾਤਰਾਂ ਦੀ ਸਹਾਇਤਾ ਨਾਲ ਠੋਸ ਹਾਲਾਤ ਉੱਤੇ ਆਧਾਰ ਰੱਖਣ ਵਾਲੇ ਜਿਹੜੇ ਵਸਤੁਨਿਸ਼ਠ ਦ੍ਰਿਸ਼ਟੀਕੋਣ ਦਾ ਵਿਕਾਸ ਹੁੰਦਾ ਹੈ ਉਹ ਸਮਾਜਵਾਦੀ ਯਥਾਰਥ ਦਾ ਆਧਾਰ ਹੁੰਦਾ ਹੈ"4 ਲੇਨਿਨ ਅਨੁਸਾਰ "ਯਥਾਰਥਵਾਦ ਉਹ ਪ੍ਰਣਾਲੀ ਹੈ ਜਿਹੜੀ ਸਾਹਿਤ ਨੂੰ ਸ਼ਕਤੀਸ਼ਾਲੀ ਬਣਾਉਂਦੀ ਹੈ। ਉਸ ਅਨੁਸਾਰ ਸਮਾਜ ਦੀ ਯਥਾਰਥਕ ਦਸ਼ਾ ਤੋਂ ਜਾਣੂ ਹੋਣ ਪਿੱਛੋਂ ਅਸੀਂ ਇਹ ਸਮਝਣਯੋਗ ਹੋ ਜਾਂਦੇ ਹਾਂ ਕਿ ਕਿਹੜੇ-ਕਿਹੜੇ ਤੱਤ ਸਾਡੇ ਸਮਾਜ ਨੂੰ ਤਰੱਕੀ ਵੱਲ ਲਿਜਾ ਰਹੇ ਹਨ ਜਿਨ੍ਹਾਂ ਨੂੰ ਹੋਰ ਉਤਸ਼ਾਹ ਦੇਣ ਦੀ ਲੋੜ ਹੈ"5 ਰੁਮਾਂਸਵਾਦ ਨੂੰ ਸਮਾਜਿਕ ਯਥਾਰਥ ਵਿੱਚ ਕੋਈ ਥਾਂ ਪ੍ਰਾਪਤ ਨਹੀਂ ਹੈ ਪਰ ਜੇਕਰ ਦੇਖਿਆ ਜਾਏ ਤਾਂ ਰੁਮਾਂਸ ਵੀ ਤਾਂ ਯਥਾਰਥ ਦਾ ਹੀ ਇਕ ਰੰਗ ਹੈ ਇਸ ਤੋਂ ਅਸੀਂ ਇਨਕਾਰੀ ਨਹੀਂ ਹੋ ਸਕਦੇ। ਗੋਰਕੀ ਕਹਿੰਦਾ ਹੈ ਕਿ "ਸਮਾਜਵਾਦੀ ਚਿਤਰਣ ਦੀ ਸੁਤੰਤਰਤਾ ਨੂੰ ਉਹਨਾਂ ਵਿਸ਼ੇਸ਼ਤਾਵਾਂ ਨਾਲ ਵਿਰੋਧ ਨਹੀਂ ਜਿਹੜੀਆਂ ਵਿਅਕਤੀਆਂ ਉਸ ਇੱਛਾ ਲਈ ਸ਼ਕਤੀ ਤੇ ਬਲ ਬਖਸ਼ਦੀਆਂ ਹਨ ਜਿਹੜੀਆਂ ਆਪਣੇ ਘੇਰੇ ਦੀਆਂ ਬੇੜੀਆਂ ਨੂੰ ਤੋੜਨ ਲਈ ਆਪਣੇ ਮਨ ਵਿੱਚ ਇਕੱਤਰ ਕਰਦੀਆਂ ਹਨ"6 ਇਸੇ ਤਰ੍ਹਾਂ ਜੇ ਹਿੰਦੀ ਦੇ ਵਿਦਵਾਨਾਂ ਦੀ ਗੱਲ ਕਰੀਏ ਤਾਂ ਡਾ. ਮਹਿੰਦਰ ਸਿੰਘ ਢੀਂਗੜਾ ਅਨੁਸਾਰ "ਨਵੀਂ ਕਹਾਣੀ ਹੱਠ ਧਰਮਾਂ ਦੀ ਕਹਾਣੀ ਨਹੀਂ ਹੈ, ਪ੍ਰਵਿਰਤੀਆਂ ਦੀ ਹੋ ਸਕਦੀ ਹੈ ਅਤੇ ਉਸਦਾ ਮੁੱਢਲਾ ਸੋਮਾ ਯਥਾਰਥ ਬੋਧ।... ਯਥਾਰਥਵਾਦੀ ਸਾਹਿਤਕਾਰ ਦੀ ਨਜ਼ਰ ਸਮਾਜ ਵਿੱਚ ਆਈਆਂ ਕਮਜ਼ੋਰੀਆਂ ਵੱਲ ਸੁੱਤੇ ਸਿੱਧ ਪਹੁੰਚ ਜਾਂਦੀ ਹੈ"7 ਕੋਈ ਵੀ ਸਾਹਿਤਕਾਰ ਸਾਹਿਤ ਰਚਨਾ ਕਰਦੇ ਸਮੇਂ ਯਥਾਰਥ ਨੂੰ ਅੱਖੋਂ ਉਹਲੇ ਨਹੀਂ ਕਰ ਸਕਦਾ ਬਲਕਿ ਉਸਦੀ ਲੇਖਣੀ ਦਾ ਆਧਾਰ ਹੀ ਉਸ ਸਮੇਂ ਦਾ ਸੱਚ ਹੁੰਦਾ ਹੈ

ਅਸੀਂ ਲਾਲ ਸਿੰਘ ਦੀਆਂ ਕਹਾਣੀਆਂ ਬਾਰੇ ਵੀ ਐਸਾ ਕਹਿ ਸਕਦੇ ਹਾਂ ਉਸਦੀਆਂ ਕਹਾਣੀਆਂ ਸਮੇਂ ਦੇ ਸੱਚ ਦੀ ਸਾਖੀ ਭਰਦੀਆਂ ਹਨ ਭਾਵੇਂ ਅਸੀਂ ਗੱਲ ਕਰੀਏ ਮਾਰਖੋਰੇ, ਬਲੌਰ, ਧੁੱਪ ਛਾਂ, ਕਾਲੀ ਮਿੱਟੀ, ਅੱਧੇ ਅਧੂਰੇ, ਗੜ੍ਹੀ ਬਖਸ਼ਾ ਸਿੰਘ, ਸੰਸਾਰ ਦੀ ਤੇ ਭਾਵੇ ਕਰੀਏ ਸਵੈਜੀਵਨੀਨੁਮਾ ਕਹਾਣੀਆਂ ਬੇਸਮਝੀਆਂ ਦੀ। ਜਿੱਥੋ ਉਸ ਦੀ ਕਹਾਣੀ ਮੁੱਖ ਸੁਰ ਨਾਲ ਇੱਕ ਸੁਰ ਹੁੰਦੀ ਹੈ ਉਥੇ ਉਸਦੀ ਕਹਾਣੀ ਕਲਾ ਦਾ ਵਿਕਾਸ ਵੀ ਦੇਖਣ ਨੂੰ ਮਿਲਦਾ ਹੈ।ਲਾਲ ਸਿੰਘ ਦੀਆਂ ਕਹਾਣੀਆਂ ਵਿੱਚਲਾ ਯਥਾਰਥ ਕਈ ਰੂਪਾਂ ਵਿੱਚ ਦੇਖਣ ਨੂੰ ਮਿਲਦਾ ਹੈ ਤੇ ਜੇ ਅਸੀਂ ਉਸਦੇ ਕਹਾਣੀ ਸੰਗ੍ਰਹਿ 'ਯੁੱਧਵੀਰ' ਦੀ ਗੱਲ ਕਰੀਏ ਤਾਂ ਉਸ ਵਿੱਚ ਵੀ ਸਮੇਂ ਦੇ ਸਮਾਜ ਦੇ ਯਥਾਰਥ ਦੀ ਪੇਸ਼ਕਾਰੀ ਬਾਖੂਬੀ ਹੋਈ ਹੈ।

ਕਹਾਣੀ 'ਮਹਾਂਮਾਰੀ' ਮੰਦਰ ਵਿੱਚ ਨਵਾਂ ਪਾਂਧਾ ਰੱਖਣ ਦੇ ਮਸਲੇ ਦੀ ਕਹਾਣੀ ਹੈ। ਜਿਸ ਵਿੱਚ ਪਿੰਡ ਵਾਲਿਆਂ ਦੀ ਸੋਚ ਉਹਨਾਂ ਦੀ ਵਿਚਾਰਧਾਰਾ ਤੇ ਆਪਸੀ ਦਵੰਦ ਦੀ ਪੇਸ਼ਕਾਰੀ ਕੀਤੀ ਗਈ ਹੈ ਇਹ ਮਸਲਾ ਸਾਰੇ ਪਿੰਡ ਵਿੱਚ ਵਿਚਾਰਾਂ ਦੀ ਹਲਚਲ ਪੈਦਾ ਕਰ ਦਿੰਦਾ ਹੈ ਤੇ ਇੱਕ ਦੂਜੇ ਦੇ ਮਨਾਂ ਵਿੱਚ ਵਿਰੋਧ ਦੀ ਭਾਵਨਾ ਪੈਦਾ ਹੁੰਦੀ ਹੈ। ਕਹਾਣੀ ਵਿੱਚ ਕਰਮਵੀਰ ਹੀ ਐਸਾ ਪਾਤਰ ਹੈ ਜੋ ਸਹੀ ਫੈਸਲਾ ਲੈਣ ਦੀ ਹਿੰਮਤ ਕਰਦਾ ਹੈ। ਸਮਾਜ ਦਾ ਯਥਾਰਥ ਇਹ ਹੈ ਕਿ ਸਹੀ ਫੈਸਲਾ ਲੈਣ ਦੀ ਹਿੰਮਤ ਘੱਟ ਹੀ ਲੋਕਾਂ ਵਿੱਚ ਹੁੰਦੀ ਹੈ ਕਿਉਂਕਿ ਸਭ ਦੀ ਆਪਣੀ-ਆਪਣੀ ਸਮਝ ਹੈ। ਸੋ ਕਰਮਵੀਰ ਵਰਗੇ ਪੜ੍ਹੇ-ਲਿਖੇ ਪਾਤਰ ਹੀ ਹਨ ਜੋ ਦੇਸ਼ ਭਗਤਾਂ ਦੀ ਵਿਚਾਰਧਾਰਾ ਤੇ ਪਹਿਰਾ ਦਿੰਦੇ ਹਨ। ਇਹੀ ਉਹ ਪਾਤਰ ਹਨ ਜੋ ਸਮਾਜ ਵਿੱਚ ਹਰ ਬਦਲਾਵ ਲਿਆ ਸਕਦੇ ਹਨ। ਕਰਮਾ ਇਕ ਥਾਂ ਜਗੀਰੇ ਸਰਪੰਚ ਨੂੰ ਕਹਿੰਦਾ ਹੈ, "ਸੱਤਾ ਦਾ ਕਾਲਾ ਚਸ਼ਮਾ ਸਰਪੰਚ ਸਾਹਿਬ ਹਰ ਤਰ੍ਹਾਂ ਦੀਆਂ ਸਰਕਾਰਾਂ ਦੀਆਂ ਅੱਖਾਂ 'ਚ ਹਨੇਰਾ ਤਾਂ ਉਤਾਰਦਾ ਹੀ ਉਤਾਰਦਾ,ਇਹਨਾਂ ਦੇ ਤਾਂ ਕੰਨਾਂ ਨੂੰ ਵੀ ਜਿਵੇਂ ਸੁਣਨਾ ਬੰਦ ਹੋ ਜਾਂਦਾ। ਨਾ ਇਹਨਾਂ ਨੂੰ ਗਰੀਬ-ਗੁਰਬਿਆਂ ਦੀਆਂ ਚੀਕਾਂ-ਆਵਾਜ਼ਾਂ ਸੁਣਦੀਆਂ, ਨਾ ਕਿਰਤੀਆਂ, ਕਾਮਿਆਂ ਤੇ ਵਿਦਿਆਰਥੀਆਂ ਦੇ ਹਉਕੇ-ਹਾਵੇ।. ਮੇਰੀ ਬਾਂਹ ਦਾ ਹਾਲ।"8 ਇਹ ਦੇਖ ਲਓ ਪਿੰਡ ਵਿੱਚ ਫਿਰਕਾ ਪ੍ਰਸਤੀ ਮਹਾਂਮਾਰੀ ਦੀ ਤਰ੍ਹਾਂ ਫੈਲ ਜਾਂਦੀ ਹੈ ਤੇ ਜਿਸ ਨੂੰ ਕਰਮਵੀਰ ਵਰਗੇ ਪਾਤਰ ਹੀ ਸਿਆਣਪ ਨਾਲ ਠੱਲ ਸਕਦੇ ਹਨ। ਇਕ ਐਸੀ ਮਹਾਂਮਾਰੀ ਜਿਸ ਵਿੱਚ ਸਰਕਾਰਾਂ ਦੀ ਜੀ ਹਜ਼ੂਰੀ ਕਰਦਿਆਂ ਜਾਤਾਂ-ਗੋਤਾਂ ਧਰਮਾਂ ਦੀ ਆੜ ਵਿੱਚ ਵੋਟਾਂ ਲਈ ਕੁਝ ਵੀ ਕੀਤਾ ਜਾ ਸਕਦਾ ਹੈ ਪਰ ਕਰਮਦੀਨ ਵਰਗੇ ਜਾਗਰੂਕ ਪਾਤਰ ਨੂੰ ਬਾਬੇ ਜੀਵਨ ਸਿੰਘ ਤੇ ਦਾਦੇ ਬੱਬਰ ਹੀਰਾ ਸਿੰਘ ਦੀਆਂ ਸਿੱਖਿਆਵਾਂ ਪਿੱਠ ਤੇ ਚੂੰਢੀ ਵਢਦੀਆਂ ਹਨ ਤੇ ਉਹ ਇਸ ਮਹਾਂਮਾਰੀ ਤੋਂ ਪਿੰਡ ਈਸਾ ਨੂੰ ਬਚਾ ਲੈਂਦਾ ਹੈ ਇਹੀ ਸਮਾਜ ਦਾ ਯਥਾਰਥ ਹੈ ਕਿ ਡੋਬਣ ਵਾਲੇ ਕਈ ਹੁੰਦੇ ਹਨ ਲੇਕਿਨ ਬਚਾਉਣ ਵਾਲੇ ਬਹੁਤ ਘੱਟ ਹੁੰਦੇ ਹਨ। ਕਹਾਣੀ 'ਯੁਧਵੀਰ ਮਨੁੱਖ ਦੇ ਅੰਦਰ ਚੱਲ ਰਹੇ ਸੰਘਰਸ਼ ਦੀ ਕਹਾਣੀ ਹੈ। ਅੰਦਰੂਨੀ ਸੰਘਰਸ਼ ਕਿਵੇਂ ਛੋਟੇ ਛੋਟੇ ਬੱਚਿਆਂ ਨੂੰ ਯੁੱਧਵੀਰ ਬਣਨ ਦੀ ਪ੍ਰੇਰਨਾ ਦਿੰਦਾ ਹੈ। ਐਸੀ ਘੜੀ ਆਉਣ ਤੇ ਹੀ ਮਨੁੱਖ ਦੀ ਪਰਖ ਹੁੰਦੀ ਹੈ। ਕਹਾਣੀ ਵਿੱਚ ਘਰ ਦੇ ਹਾਲਾਤਾਂ ਤੋਂ ਦੁਖੀ ਹੋ ਕੇ ਮਾਂ ਆਤਮਘਾਤ ਕਰ ਲੈਂਦੀ ਹੈ ਤੇ ਬੱਚੇ ਵਿਚਾਰੇ ਪਿਓ ਦੀ ਜਿੰਮੇਵਾਰੀ ਬਣ ਜਾਂਦੇ ਹਨ। ਪਹਿਲਾਂ ਤਾਂ ਬੱਚਿਆਂ ਨੂੰ ਦੱਸਿਆ ਹੀ ਨਹੀਂ ਜਾਂਦਾ ਪਰ ਪਤਾ ਲੱਗਣ ਤੇ ਬੱਚਿਆਂ ਦਾ ਵਿਰਲਾਪ ਰੋਣ-ਧੋਣ ਸਭ ਨੂੰ ਸੁੰਨ ਕਰ ਦਿੰਦਾ ਹੈ। ਇਹੀ ਬੱਚੇ ਯੁੱਧ ਵੀਰਾਂ ਦੀ ਤਰ੍ਹਾਂ ਅਗਲਾ ਮੋਰਚਾ ਸਾਂਭਣ ਦੇ ਲਈ ਤੁਰ ਪੈਂਦੇ ਹਨ। ਕਿਸੇ ਦੀਆਂ ਪਲਕਾਂ ਨਮ ਸਨ ਤੇ ਕਿਸੇ ਦੀਆਂ ਅੱਖਾਂ 'ਚ ਭਰਵੇਂ ਅਥਰੂ। ਇਹ ਅਥਰੂ ਗ੍ਰਹਿ ਜੰਗ ਵਿਚ ਹੋਈ ਪਹਿਲੀ ਹਾਰ ਦੀ ਨਮੋਸ਼ੀ ਸਨ ਤੇ ਜਾਂ ਬੱਚਿਆਂ ਦੇ ਯੁੱਧਵੀਰਾਂ ਦੀ ਤਰ੍ਹਾਂ ਅਗਲਾ ਮੋਰਚਾ ਸਾਂਭਣ ਲਈ ਤੁਰਨ ਦੀ ਪਹਿਲ ਕਦਮੀ। ਕਹਾਣੀ 'ਕਾਲੀ ਕਿਤਾਬ' ਇੱਕ ਪ੍ਰਤੀਕਾਤਮਕ ਕਹਾਣੀ ਹੈ। ਜੋ ਸਮਾਜ ਦੇ ਐਸੇ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ ਜਿਸ ਵਿੱਚ ਸੱਚਾਈ ਨੂੰ ਸਮਾਜ ਤੋਂ ਲੁਕਾਇਆ ਜਾਂਦਾ ਹੈ ਇੱਕ ਐਸੀ ਕਿਤਾਬ ਜੋ ਸੱਤਾ ਦੇ ਹਨੇਰੇ ਪੱਖ ਨੂੰ ਉਜਾਗਰ ਕਰਦੀ ਹੈ ਜਿਸ ਵਿੱਚ ਭੋਲੇ ਭਾਲੇ ਸੱਚੇ ਲੋਕ ਨੂੰ ਸਮਾਜ ਵੱਲੋਂ ਪ੍ਰਤਾੜਿਤ ਕੀਤਾ ਜਾਂਦਾ ਹੈ। ਐਸੇ ਲੋਕਾਂ ਦੀਆਂ ਵਧੀਕੀਆਂ ਨੂਰੀ ਵਰਗੇ ਪਾਤਰਾਂ ਦੀ ਮਾਨਸਿਕ ਹਾਲਤ ਖਰਾਬ ਹੋਣ ਲਈ ਜਿੰਮੇਵਾਰ ਬਣਦੀਆਂ ਹਨ। ਇੱਕ ਇਮਾਨਦਾਰ ਬੰਦਾ ਦਫਤਰਾਂ ਦੀ ਕਾਰਗੁਜ਼ਾਰੀ ਭ੍ਰਿਸ਼ਟ ਨੀਤੀਆਂ ਕਾਰਨ ਆਤਮਘਾਤ ਕਰਨ ਤੱਕ ਦਾ ਹੌਸਲਾ ਕਰਦਾ ਹੈ। ਉਸਦੀ ਹਸਤੀ ਵਸਦੀ ਜ਼ਿੰਦਗੀ ਕਾਲੀ ਕਿਤਾਬ ਬਣ ਕੇ ਰਹਿ ਜਾਂਦੀ ਹੈ।ਮਾਨਸਿਕ ਸੰਤੁਲਨ ਗੁਆ ਬੈਠੀ ਬੇਟੀ ਨੂਰੀ ਦੇ ਠੀਕ ਹੋਣ ਦੀ ਆਸ ਨਹੀਂ ਰਹਿੰਦੀ। ਇਹ ਸਮਾਜ ਦਾ ਕਰੂਰ ਯਥਾਰਥ ਹੀ ਹੈ ਜਿਸ ਵਿੱਚ ਵੱਸਦੇ ਅਣਖੀਲੇ ਬੰਦੇ ਅਣਖ ਦੀ ਖਾਤਰ ਆਤਮਘਾਤ ਕਰ ਲੈਂਦੇ ਹਨ। ਇਸੇ ਤਰ੍ਹਾਂ ਦੀ ਇਕ ਕਹਾਣੀ ਅਜੀਤ ਕੌਰ ਦੀ 'ਮੌਤ ਲਈ ਬਾਬੇ ਦੀ ਸੀ ਜਿਸ ਵਿੱਚ ਰਾਮਲਾਲ ਵਰਗਾ ਪਾਤਰ ਆਪਣੇ ਆਲੇ ਦੁਆਲੇ ਦੇ ਭ੍ਰਿਸ਼ਟ ਮਾਹੌਲ ਨੂੰ ਠੀਕ ਤਾਂ ਨਹੀਂ ਕਰ ਸਕਿਆ ਲੇਕਿਨ ਉਸ ਨੇ ਆਪਣਾ ਅੰਤ ਕਰ ਦਿੱਤਾ।

ਪੁਰਾਣੇ ਵੇਲੇ ਦੇ ਅਲੀ ਬਾਬੇ ਨੇ ਚਾਲੀ ਚੋਰ ਫੜਵਾ ਦਿਤੇ ਸਨ ਪਰ ਇਸ ਵੇਲੇ ਦਾ ਰਾਮਲਾਲ ਵਰਗਾ ਅਲੀ ਬਾਬਾ ਚੋਰਾਂ ਨੂੰ ਤਾਂ ਨਹੀਂ ਫੜਵਾ ਸਕਿਆ ਪਰ ਆਪ ਅਣਖ ਦੀ ਖਾਤਰ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦਾ ਹੈ।ਇਹ ਕਹਾਣੀ ਉਸ ਨਾਲ ਮੇਲ ਖਾਂਦੀ ਹੋਈ ਪ੍ਰਤੀਤ ਹੁੰਦੀ ਹੈ। 'ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ1' ਕਹਾਣੀ ਵਿੱਚ ਪਿੰਡਾਂ ਦੀ ਬਦਲਦੀ ਨੁਹਾਰ, ਬਦਲਦੇ ਪਿੰਡਾਂ ਦੀ ਸਥਿਤੀ ਵਿਕਾਸ ਦੇ ਨਾਂ ਤੇ ਪਿੰਡਾਂ ਦੀ ਮਰਦੀ ਹੋਈ ਰੂਹ ਬਾਰੇ ਦੱਸਿਆ ਗਿਆ ਹੈ। ਕਹਾਣੀ ਵਿੱਚ ਇਸੇ ਯਥਾਰਥ

ਨੂੰ ਫੋਕਸ ਕੀਤਾ ਗਿਆ ਹੈ। ਸੰਵਾਦ ਰਾਹੀਂ ਕਹਾਣੀ ਵਿੱਚ ਬਿਰਤਾਂਤਕਾਰ ਤੇ ਅਰਜਣ ਵਰਗੇ ਚੇਤੰਨ ਪਾਤਰ ਸਿਰਜੇ ਹਨ। ਅਰਜਨ ਪੜ੍ਹ ਲਿਖ ਕੇ ਮਿਹਨਤ ਕਰਨ ਕਾਰਨ ਜੀਵਨ ਪ੍ਰਤੀ ਚੇਤੰਨਤਾ ਦਾ ਸਬੂਤ ਦਿੰਦਾ ਹੈ। ਜਦੋਂ ਇਹੀ ਪਾਤਰ ਹੋਰਾਂ ਨਾਲ ਵੱਖ ਵੱਖ ਵਿਸ਼ਿਆਂ ਤੇ ਚਰਚਾ ਕਰਦਾ ਹੈ ਤਾਂ ਚਰਚਾ ਹੀ ਮਨੁੱਖ ਦੀ ਚੇਤੰਨਤਾ ਨੂੰ ਉਜਾਗਰ ਕਰਦੀ ਪ੍ਰਤੀਤ ਹੁੰਦੀ ਹੈ। ਅਰਜਨ ਦੀਆਂ ਗੱਲ੍ਹਾਂ ਨੇ ਬਿਰਤਾਂਤਕਾਰ ਦੀ ਸੋਚ ਨੂੰ ਹਲੂਣ ਕੇ ਰੱਖ ਦਿਤਾ ਉਹ ਆਪਣੇ ਆਪ ਨੂੰ ਕਹਿੰਦਾ ਲਗਿਆ, "ਤੂੰ ਕਿਹੜੇ ਹੇਰਵੇ 'ਚ ਡੁੱਬ ਗਿਆਂ। ਤਕੜਾ ਹੋ ਤਕੜਾ। ਖਰੀ ਤਰ੍ਹਾਂ ਵਾਚ। ਆਕਾਰ ਹੀ ਬਦਲਿਆ ਹੈ ਪਿੰਡ ਨੇ, ਢਹਿ-ਢੇਰੀ ਤਾਂ ਨਈ ਹੋਇਆ। ਨਕਸ਼ ਈ ਸੁੰਗੜੇ ਐ ਜਾਂ ਖਿੱਲਰੇ-ਫੈਲੇ ਐ, ਰੂਹ-ਜਾਨ ਤਾਂ ਕਿਧਰੇ ਨਈ ਗਈ। ਇਹ ਪ੍ਰਕਿਰਿਆ ਤਾਂ ਮੇਰੇ ਪਿੰਡ ਸਮੇਤ ਧਰਤੀ ਦੀ ਹਰ ਥਾਂ, ਹਰ ਸ਼ੈਅ-ਵਸਤ ਤੇ ਵੀ ਲਾਗੂ ਐ। ਜੀਵਾਂ-ਜੰਤੂਆਂ, ਫੁੱਲਾਂ-ਬੂਟਿਆਂ ਸਮੇਤ ਮਨੁੱਖੀ ਨਸਲ ਦੇ ਹਰ ਵਰਤਾਰੇ, ਹਰ ਖੇਤਰ 'ਚ ਚਿਰਾਂ ਤੋਂ ਕਾਰਜਸ਼ੀਲ ਰਹੀ ਐ। ਫਿਰ ਫਿਰ....!"9 ਵਾਪਸ ਆਉਂਦਿਆਂ ਬਿਰਤਾਂਤਕਾਰ ਦਾ ਆਪਾ ਹੀ ਉਸ ਨੂੰ ਹੁੱਝਾਂ ਮਾਰਦਾ ਰਿਹਾ ਕਿ ਉਹ ਨਸੀਬ ਚਾਚੇ ਦਾ ਘਰ ਪੁੱਛਣ ਗਿਆ ਸੀ ਜਾਂ ਗੁੰਮੇ ਗੁਆਚੇ ਨਿਹਾਲਪੁਰ ਨੂੰ ਲੱਭਣ ਗਿਆ ਸੀ। 'ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ-2' ਵਿੱਚ ਪਿੰਡਾਂ ਵਿੱਚ ਆਏ ਬਦਲਾਵ ਨੂੰ ਪੇਸ਼ ਕੀਤਾ ਗਿਆ ਹੈ। ਲੋਕਾਂ ਦੀ ਬਦਲਦੀ ਸੋਚ ਤੇ ਇਸ ਬਦਲਦੀ ਸੋਚ ਕਾਰਨ ਵਿਕਾਸ ਦੇ ਨਾਂ ਤੇ ਕੁਦਰਤੀ ਨਿਆਮਤਾਂ ਦਾ ਘਾਣ, ਸੋਚਣ ਤੇ ਮਜ਼ਬੂਰ ਕਰਦਾ ਹੈ ਕਿ ਮਨੁੱਖ ਕਿੱਥੇ ਸੀ ਤੇ ਕਿੱਥੇ ਪਹੁੰਚ ਗਿਆ। ਪੁਰਾਣਾ ਵੇਲਾ ਚੰਗਾ ਸੀ ਜਦੋਂ ਆਸ਼ਰਮ ਨੌਜਵਾਨਾਂ ਨੂੰ ਯੁੱਧ ਵਿੱਦਿਆ ਦੀ ਸਿਖਲਾਈ ਤੇ ਬਿਰਧ ਉਮਰ ਵਿੱਚ ਸੰਨਿਆਸ ਵਰਗੇ ਕੇਂਦਰ ਮਨ ਨੂੰ ਸ਼ਾਂਤ ਕਰਦੇ ਸਨ ਪਰ ਅੱਜ ਡੇਰਾਵਾਦ ਨੇ ਮਨੁੱਖ ਦੀ ਸ਼ਾਂਤੀ ਭੰਗ ਕਰ ਦਿੱਤੀ ਹੈ। ਅੱਜ ਵਿਦਿਆ ਵਪਾਰ ਬਣ ਕੇ ਰਹਿ ਗਈ ਹੈ। ਹਰ ਪਾਸੇ ਕਾਰਪੋਰੇਟ ਜਗਤ ਨੇ ਨੈਤਿਕ ਕਦਰਾਂ-ਕੀਮਤਾਂ ਤੇ ਮਾਨਵੀ ਮੁੱਲਾਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਮਨੁੱਖ ਮਨੁੱਖ ਨਾ ਹੋ ਕੇ ਇਕ ਵਸਤੂ ਹੀ ਬਣ ਕੇ ਰਹਿ ਗਿਆ ਹੈ। ਪਰ ਕਹਾਣੀ ਦੇ ਅੰਤ ਵਿੱਚ ਤਾਰੀ ਨੂੰ ਸਕੂਨ ਦੀ ਨੀਂਦ ਇਕ ਆਸ ਉਪਜਾਉਂਦੀ ਹੈ, "ਉਹਦੇ ਜੋਟੀਦਾਰਾਂ ਦਾ ਕੱਦ-ਕਾਠ ਹੋਰ ਵੱਡਾ ਹੋ ਕੇ ਅਮਰੂ ਵਰਗੇ ਵਾਹੀਕਾਰਾਂ ਦੇ ਬਚਦੇ ਖੇਤ ਬੰਨਿਆਂ ਦੇ ਉਜਾੜੇ ਤੋਂ ਬਚਾਅ ਵੀ ਕਰੇਗਾ ਤੇ.... ਤੇ ਪਿੰਡਾਂ ਦੇ ਪਿੰਡ ਨਿਗਲ ਕੇ ਪੈਰ-ਦਰ-ਪੈਰ ਖਿਲਰਦੇ ਸ਼ਹਿਰੀ-ਤੰਤਰ ਤੋਂ ਖੇਤੀ ਹੁਨਰ ਬਚਦਾ ਕਰਕੇ ਸਭ ਦੇ ਗੁਆਚੇ ਪਿੰਡਾਂ ਵਰਗਾ ਉਸ ਦਾ ਪਿੰਡ ਨਿਹਾਲਪੁਰ ਵੀ ਜ਼ਰੂਰ ਲੱਭਦਾ ਹੋ ਜਾਵੇਗਾ, ਉਹਨੂੰ--ਇੱਕ ਨਾ ਇੱਕ ਦਿਨ 10 ਕਹਾਣੀ 'ਰੂਬਰੂ ਆਪਣੇ ਆਪ ਨਾਲ ਰੂਬਰੂ ਹੋਣ ਦੀ ਕਹਾਣੀ, ਆਤਮ ਚਿੰਤਨ, ਰਿਸ਼ਤਿਆਂ ਦੀ ਗੁੰਝਲ ਤੇ ਸੱਚ ਦਾ ਟਾਕਰਾ ਕਰਨ ਦੀ ਕਹਾਣੀ ਹੈ। ਸਮਾਜ ਦੇ ਯਥਾਰਥ ਨੂੰ ਚਿੱਤਰਦੀ ਇਹ ਕਹਾਣੀ ਕਈ ਸੱਚਾਈਆਂ ਨੂੰ ਸਾਡੇ ਸਾਹਮਣੇ ਕਰਦੀ ਹੈ ਇੱਕ ਥਾਂ ਕਹਾਣੀਕਾਰ ਦੱਸਦਾ ਹੈ "ਅਜੋਕੇ ਸਮੇਂ ਧੜਾਧੜ ਛੱਪ ਰਹੀਆਂ, ਐਵੇਂ ਕਿਵੇਂ ਦੀ ਪੱਧਰ ਦੀਆਂ ਪੁਸਤਕਾਂ ਨੂੰ ਸਿਫਾਰਸ਼ੀ ਗੋਸ਼ਟੀਆਂ ਸਮੇਂ, ਅਸੀਂ ਨਾਮ-ਨਿਹਾਦ ਵਿਦਵਾਨ ਵਿਚਾਰ-ਅਧੀਨ ਕਿਸੇ ਵੀ ਪੁਸਤਕ ਨੂੰ ਵਿਸ਼ਵ ਪੱਧਰ ਦੀ ਲਿਖਤ ਗਰਦਾਨ ਕੇ ਸੰਬੰਧਤ ਲੇਖਕ ਦਾ ਨੁਕਸਾਨ ਤੇ ਆਪਣੀ ਵਿਦਵਤਾ ਦਾ ਜਲੂਸ ਕੱਢਦੇ ਹਾਂ। ਸਾਹਿਤ ਨਾਲ ਇਹ ਸਰਾਸਰ ਬੇਇਨਸਾਫੀ ਹੈ। ਅਸਲ ਵਿੱਚ ਸਾਡਾ ਵਿਚਾਰ-ਅਧੀਨ ਪੁਸਤਕ ਦੇ ਗੁਣ ਔਗੁਣ ਦੱਸ ਕੇ ਉਸ ਦੇ ਲੇਖਕ ਨੂੰ ਬਣਦੇ ਸੁਝਾਅ ਦੇਣ ਵੱਲ ਘੱਟ ਹੁੰਦਾ ਹੈ। ਅੱਵਲ ਤਾਂ ਹੁੰਦਾ ਹੀ ਨਹੀਂ। ਸਾਡੀ ਸੁਰਤੀ-ਬਿਰਤੀ ਤਾਂ ਗੋਸ਼ਟੀ ਉਪਰੰਤ ਚਲਣ ਵਾਲੇ ਗਲਾਸੀ-ਦੌਰ ਤੇ ਲੇਬਰ-ਟੈਗ 'ਤੇ ਟਿਕੀ ਹੁੰਦੀ ਹੈ।"11

ਕਹਾਣੀਕਾਰ ਸਾਡੇ ਆਲੇ ਦੁਆਲੇ ਹੋ ਰਹੀਆਂ ਵਿਚਾਰ ਗੋਸ਼ਟੀਆਂ ਦੀ ਸੱਚਾਈ ਨੂੰ ਵੀ ਇਸ ਕਹਾਣੀ ਰਾਹੀਂ ਸਾਹਮਣੇ ਰੱਖਦਾ ਹੈ ਜਦੋਂ ਵੀ ਕੋਈ ਸਾਹਿਤਕ ਪ੍ਰੋਗਰਾਮ ਹੁੰਦਾ ਹੈ ਵਿਚਾਰ ਚਰਚਾ ਨਾਲੋਂ ਇਧਰ-ਉਧਰ ਦੀਆਂ ਗੱਲਾਂ-ਗੜਪਾਂ ਜ਼ਿਆਦਾ ਮਾਰੀਆਂ ਜਾਂਦੀਆਂ ਹਨ। ਧੜਾਧੜ ਛਪ ਰਹੀ ਆਂ ਕੱਚੀਆਂ-ਪੱਕੀਆਂ ਪੁਸਤਕਾਂ ਨੂੰ ਸੰਸਾਰ ਪੱਧਰ ਦੀਆਂ ਕਿਰਤਾਂ ਨਾਲ ਗੰਢ ਦਿਤਾ ਜਾਂਦਾ ਹੈ। ਇਉ ਅਨਾੜੀ ਲੇਖਕ ਵੀ ਆਪਣੇ ਆਪ ਨੂੰ ਉੱਚਤਮ ਦਰਜੇ ਦਾ ਲੇਖਕ ਸਮਝਣ ਲੱਗ ਪੈਂਦਾ ਹੈ। ਪਾਠਕ ਵਰਗ ਅੰਦਰ ਪੜਨ ਲਿਖਣ ਰੁਚੀ ਘੱਟਦੀ ਜਾ ਰਹੀ ਹੈ। ਇਸ ਕਿਸਮ ਦਾ ਸਮਾਜਿਕ ਯਥਾਰਥ ਹੀ ਕਹਾਣੀ ਦਾ ਫੋਕਸ ਹੈ। ਅਖੀਰਲੀ ਕਹਾਣੀ 'ਸੱਥ' ਵਿਚਲਾ ਪਾਤਰ ਰਾਜਦੀਪ ਇੱਕ ਐਸਾ ਸੁਚੇਤ ਪਾਤਰ ਹੈ ਜੋ ਹਾਲਾਤ ਦਾ ਮਾਰਿਆ ਹੋਇਆ ਹੈ। ਉਸ ਦੇ ਅੰਦਰ ਹਰਜਿੰਦਰ ਦੇ ਅਫ਼ਸੋਸ ਲਈ ਆਏ ਸਾਥੀਆਂ ਦੀਆਂ ਗੱਲਾਂ ਕਈ ਸਵਾਲ ਖੜੇ ਕਰ ਦਿੰਦੀਆਂ ਹਨ। ਹਰਜਿੰਦਰ ਕੌਰ ਦੀ ਮੌਤ ਲਈ ਅਫਸੋਸ ਤੇ ਆਏ ਹੋਏ ਅਧਿਆਪਕਾਂ ਦਾ ਸੰਵਾਦ ਸਮਾਜ ਦੇ ਕਰੂਰ

ਯਥਾਰਥ ਨੂੰ ਪੇਸ਼ ਕਰਦਾ ਹੈ। ਜਿੱਥੇ ਉਹ ਹਸਪਤਾਲਾਂ ਦੇ ਡਾਕਟਰੀ ਇਲਾਜ ਦੀ ਸੱਚਾਈ ਨੂੰ ਸਾਹਮਣੇ ਰੱਖਦਾ ਹੈ ਉਥੇ ਮਨੁੱਖ ਦੇ ਮਧੋਲੇ ਜਾ ਰਹੇ ਅਰਮਾਨਾਂ ਤੇ ਜਜ਼ਬਿਆਂ ਬਾਰੇ ਵੀ ਗੱਲ ਕਰਦਾ ਹੈ। ਅਫ਼ਸੋਸ ਲਈ ਆਇਆ ਹਰ ਇੱਕ ਪਾਤਰ ਆਪਣੇ ਮਨ ਦੀ ਭੜਾਸ ਕੱਢਦਾ ਹੈ ਤੇ ਸਮਾਜ ਦੇ ਯਥਾਰਥ ਨੂੰ ਪੇਸ਼ ਕਰਦਾ ਹੈ। ਇਕ ਥਾਂ ਬਿਕਰ ਸਿੰਘ ਕਹਿੰਦਾ ਹੈ, "ਸਾਥੀਓ! ਤੁਹਾਡੇ ਸਭਨਾਂ ਅੰਦਰਲੇ ਤੌਖ਼ਲੇ ਐਵੇਂ-ਕਿਵੇਂ ਦੇ ਉਪਰੇ-ਉਪਰੇ ਕਾਰਨਾਂ ਦਾ ਸਿੱਟਾ ਨਹੀਂ ਹਨ। ਇਹਨਾਂ ਦੀ ਪਿੱਠਭੂਮੀ 'ਚ ਵਿਸ਼ਵੀਕਰਨ ਦੇ ਸਰਮਾਏ ਦਾ ਸਾਮਰਾਜ ਕਾਰਜਸ਼ੀਲ ਐ। ਇਸ ਦੀਆਂ ਕਈ ਸਾਰੀਆਂ ਅਲਾਮਤਾਂ ਵਿੱਚੋਂ ਦੋ ਬਹੁਤੀਆਂ ਮਹੱਤਵਪੂਰਨ ਹਨ- ਇੱਕ-ਇੱਕ ਨੇ ਮਨੁੱਖ ਦੀ ਪੂਰੀ ਦੀ ਪੂਰੀ ਕਿਰਤ ਸ਼ਕਤੀ ਆਪਣੇ ਮੁਨਾਫ਼ੇ ਲਈ ਗਿਰਵੀ ਰੱਖ ਰੱਖੀ ਐ ਤੇ ਦੂਜੀ ਇਸ ਨੇ ਦੁਨੀਆ ਭਰ ਦੀ ਮਨੁੱਖਤਾ ਕੋ ਲਈ ਐ। ਇਸ ਨੇ ਮਨੁੱਖ ਨੂੰ ਧੁਰ ਅੰਦਰ ਤੱਕ ਤੋੜ ਦਿੱਤਾ ਏ। ਹੁਣ ਇਸ ਲਈ ਘਰ-ਪਰਿਵਾਰ ਵਰਗੇ ਗੁਣ ਕੋਈ ਅਰਥ ਨਹੀਂ ਰੱਖਦੇ। ਆਪਣੇ ਗਿਣ ਹੁੰਦੇ ਆਪਣਿਆਂ ਦੇ ਕਤਲ ਨੂੰ ਸਭ ਇਸੇ ਦੀ ਜ਼ਰੂਰਤਾਂ ਦੀ ਬਦੌਲਤ ਐ ਮਿੱਤਰੋ।" 12 ਇਸ ਤਰ੍ਹਾਂ ਦੇ ਹੋਰ ਵੀ ਕਈ ਵਿਚਾਰ ਇਸ ਕਹਾਣੀ ਵਿੱਚੋਂ ਪਾਠਕਾਂ ਨੂੰ ਦੀ ਸੋਚ ਨੂੰ ਹਲੂਣਾ ਦਿੰਦੇ ਹਨ। ਕਹਾਣੀ ਦੇ ਅੰਤ ਵਿੱਚ ਰਾਜਦੀਪ ਸੋਚਦਾ ਹੈ ਕਿ ਇਹ ਅਧਿਆਪਕ ਜਿੰਦਰ ਲਈ ਵਿੱਛੇ ਸੱਥਰ ਤੇ ਬੈਠਣ ਲਈ ਹੀ ਆਏ ਸਨ ਜਾਂ ਸਮੁੱਚੀ ਮਾਨਵਤਾ ਦੀ ਹੋਂਦ ਲਈ ਲਗਾਤਾਰ ਵਧਦੀ ਘੁਟਣ ਦੀ ਵੰਗਾਰ ਲਈ ਵਿਉਂਤਬੰਦੀ ਕਰਨ ਦੇ ਉਪਰਾਲੇ ਵਜੋਂ ਉਹਨੂੰ ਆਪਣੇ ਨਾਲ-ਨਾਲ ਤੁਰਦਾ ਰੱਖਣ ਲਈ। ਅਸਲ ਵਿੱਚ ਉਹ ਸਾਰੇ ਇਸ ਬੈਠਕ ਨੂੰ ਇੱਕ ਸੱਥ ਵਿੱਚ ਬਦਲਣ ਲਈ ਆਏ ਪ੍ਰਤੀਤ ਹੁੰਦੇ ਸਨ।

ਅਸਲ ਵਿੱਚ ਲਾਲ ਸਿੰਘ ਦੀਆਂ ਕਹਾਣੀਆਂ ਸ਼ੁਰੂ ਤੋਂ ਹੀ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਰਹੀਆਂ ਹਨ ਕਦੀ ਇਹ ਯਥਾਰਥ ਦਲਿਤ ਵਰਗ ਦਾ ਸੀ, ਕਦੀ ਖੁਰਦੀ ਕਿਰਸਾਨੀ ਦਾ ਤੇ ਕਦੀ ਮੱਧਵਰਗੀ ਧੜੇ ਦਾ ਜਾਂ ਨਕਸਲਬਾੜੀ ਲਹਿਰ ਦਾ ਤੇ ਕਦੀ ਅੱਤਵਾਦੀ ਲਹਿਰ ਦਾ ਤੇ ਸਮੇਂ ਦੇ ਨਾਲ-ਨਾਲ ਹੋਰ ਵੀ ਕ ਕਿਸਮ ਦੀਆਂ ਕਰੂਰ ਸੱਚਾਈਆਂ ਨੂੰ ਲਾਲ ਸਿੰਘ ਨੇ ਆਪਣੀ ਕਹਾਣੀ ਦਾ ਵਿਸ਼ਾ ਬਣਾਇਆ ਹੈ। ਯੁਧਵੀਰ ਦੀਆਂ ਸਾਰੀਆਂ ਹੀ ਕਹਾਣੀਆਂ ਸਮੇਂ ਦੇ ਯਥਾਰਥ ਨੂੰ ਸਿਰਜਦੀਆਂ ਹਨ। ਲਾਲ ਸਿੰਘ ਨੂੰ ਯਥਾਰਥ ਨੂੰ ਯਥਾਰਥ ਦੀ ਤਰ੍ਹਾਂ ਹੀ ਪੇਸ਼ ਕਰਦਾ ਰਿਹਾ ਹੈ ਉਸਨੇ ਕਦੀ ਵੀ ਇਸ ਨੂੰ ਰੋਚਕ ਬਣਾ ਕੇ ਪੇਸ਼ ਕਰਨਾ ਚੰਗਾ ਨਹੀਂ ਸੀ ਸਮਝਿਆ ਕਿਉਂਕਿ ਯਥਾਰਥ ਕੌੜਾ ਹੁੰਦਾ ਹੈ ਰੋਚਕ ਨਹੀਂ ਹੁੰਦਾ ਡਾ ਕਰਮਜੀਤ ਲਾਲ ਸਿੰਘ ਦੀਆਂ ਯਥਾਰਥਕ ਰਚਨਾਵਾਂ ਤੇ ਉਨ੍ਹਾਂ ਦੀ ਸੋਚ ਬਾਰੇ ਲਿਖਦੇ ਹਨ, "ਭਾਵਨਾਵਾਂ ਪੇਸ਼ ਕਰਕੇ ਵਾਹ ਵਾਹ ਖੱਟ ਕੇ ਸਵੈ ਧੋਖੇ ਵਿੱਚ ਰਹਿਣਾ ਲਾਲ ਸਿੰਘ ਨੂੰ ਮਨਜ਼ੂਰ ਨਹੀਂ ਇਸ ਲਈ ਉਹ ਸਵੈ ਸੂਝ ਜਾਂ ਯਥਾਰਥ ਸੂਝ ਪ੍ਰਾਪਤ ਕਰਨ ਦੇ ਰਾਹੇ ਪੈਂਦਾ ਹੈ।"13

ਅੰਤ ਵਿੱਚ ਮੈਂ ਇਹ ਕਹਾਂਗੀ ਕਿ ਲਾਲ ਸਿੰਘ ਆਪਣੇ ਅੰਤ ਸਮੇਂ ਤੱਕ ਸਮੇਂ ਦੇ ਕੌੜੇ ਯਥਾਰਥ ਨੂੰ ਆਪਣੀ ਕਹਾਣੀਆਂ ਰਾਹੀਂ ਪਾਠਕਾਂ ਦੇ ਰੁਬਰੂ ਕਰ ਕੇ ਸਮਾਜ ਦੇ ਕੋਹੜ ਨੂੰ ਦੂਰ ਕਰਨ ਲਈ ਤਰਲੋ ਮੱਛੀ ਹੁੰਦਾ ਰਿਹਾ ਤੇ ਅੰਤ ਉਹ ਸਾਡੇ ਤੋਂ ਇੰਨੀ ਦੂਰ ਚਲਾ ਗਿਆ ਜਿਥੋਂ ਕਦੇ ਵਾਪਸ ਨਹੀਂ ਆਇਆ ਜਾ ਸਕਦਾ। ਉਸ ਦੀਆਂ ਕਹਾਣੀਆਂ ਹਮੇਸ਼ਾ ਪੰਜਾਬੀ ਸਾਹਿਤ ਵਿੱਚ ਯਾਦ ਕੀਤੀਆਂ ਜਾਂਦੀਆਂ ਰਹਿਣਗੀਆਂ।

**ਹਵਾਲੇ ਤੇ ਟਿੱਪਣੀਆਂ**


1. ਡਾ. ਸੁਰਿੰਦਰ ਵਾਰਲਿੰਗੇ ਸਮਾਲੋਚਕ (ਯਥਾਰਥਵਾਦ ਅੰਕ) ਪੰਨਾ 03
2. Shiply-Dictionary of word literature page : 355
3. Encyclopedia Britanica volume XIX page :10
4. ਡਾ ਮੱਖਣ ਲਾਲ ਸ਼ਰਮਾ 'ਮਾਰਕਸਵਾਦੀ ਕਾਵਿਸਾਗਰ ਪੰਨਾ-128
5. ਲੇਨਿਨ ਤੋਲਸਟਾਏ ਸਬੰਧੀ ਲੇਖ ਪੰਨਾ-9
6. Gorkey on Litrature page : 32-33
7. ਡਾ. ਮਹਿੰਦਰ ਧੀਂਗੜਾ 'ਪੰਜਾਬੀ ਹਿੰਦੀ ਕਹਾਣੀ ਤੁਲਨਾਤਮਕ ਅਧਿਐਨ' ਪੰਨਾ- 89
8. ਮਹਾਂਮਾਰੀ, ਪੰਨਾ-19
9. ਐਥੇ ਕੋਈ ਪਿੰਡ ਹੁੰਦਾ ਸੀ ਨਿਹਾਲਪੁਰ-1 ਪੰਨਾ-69-70
10. ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ-2 ਪੰਨਾ-104
11. ਰੂਬਰੂ, ਪੰਨਾ-118
12. ਉਹੀ ਪੰਨਾ-146
13. ਕਾਲੀ ਮਿੱਟੀ ਉਪਰ ਗੋਸ਼ਟੀ ਸਮੇ ਪੜ੍ਹਿਆ ਗਿਆ ਪੇਪਰ 26-10-96 ਡਾ. ਕਰਮਜੀਤ ਸਿੰਘ

(ਹਿੰਦੀ ਨਜ਼ਮ)

# ਗੇਮ

ਮੂਲ : ਲੀਨਾ ਮਲਹੋਤਰਾ ਰਾਓ
ਪੰਜਾਬੀ ਰੂਪ : ਹਰੀ ਕ੍ਰਿਸ਼ਨ ਮਾਇਰ
ਮੋਬਾਈਲ : 9780667686
(ਅਨੁਵਾਦਕ)

ਮੋਬਾਈਲ ਫ਼ੋਨ ਨਾਲ
ਮਿਲਦੀ ਹੈ ਇੱਕ
ਮੁਫਤ ਗੇਮ
ਗੇਮ ਵਿੱਚ ਇੱਕ ਬੱਚਾ
ਐਨੀ ਜ਼ੋਰ ਨਾਲ ਦੌੜ ਸਕਦਾ
ਕਿ ਸਾਰੀ ਧਰਤੀ ਘੁੰਮ ਆਵੇ
ਉਸ ਕੋਲ ਹਥਿਆਰ ਨੇ
ਰੁਕਾਵਟਾਂ 'ਚੋਂ ਪਾਰ ਨਿਕਲਣ
ਰਾਖਸ਼ਾਂ ਨਾਲ ਲੜਨ
ਝਕਾਨੀ ਦੇਕੇ ਭੱਜ ਨਿਕਲਣ ਦੀਆਂ ਤਰਕੀਬਾਂ ਨੇ
ਉਸ ਦੀਆਂ ਨਜ਼ਰਾਂ ਰਾਹ ਵਿੱਚ ਖਿਲਰੇ
ਹਵਾ ਵਿੱਚ ਤੈਰਦੇ
ਰੁੱਖਾਂ ਤੇ ਲਟਕੇ
ਅੰਬਰੋਂ ਵਰ੍ਹਦੇ ਰੁਪਈਆਂ 'ਤੇ
ਟਿਕੀਆਂ ਹੁੰਦੀਆਂ ਨੇ
ਜਿਨ੍ਹਾ ਨੂੰ ਉਹ ਲਗਾਤਾਰ
ਦੌੜਦਾ ਹੋਇਆ ਖਾਂਦਾ ਰਹਿੰਦਾ ਹੈ
ਇਹ ਖੇਡ
ਸਾਡੇ ਬਚਪਨ ਵਿੱਚ ਲਿਖੀ
ਉਸ ਤਖ਼ਤੀ ਵਰਗੀ ਹੈ
ਜਿਸ ਤੇ ਅਸੀਂ ਲਿਖਦੇ ਹੁੰਦੇ ਸਾਂ
ਕ ਤੋਂ ਕਬੂਤਰ
ਖ ਤੋਂ ਖਰਗੋਸ਼
ਗ ਤੋਂ ਗਮਲਾ
ਉ ਤੋਂ ਉੱਲੂ
ਇਸੇ ਤਰ੍ਹਾਂ
ਫੁੱਲ ਫਲ ਪਸ਼ੂ ਪੰਛੀ
ਸਾਡੇ ਜੀਵਨ ਵਿੱਚ
ਚੁੱਪ ਕਰਕੇ ਪ੍ਰਵੇਸ਼ ਕਰ ਜਾਂਦੇ
ਅਤੇ
ਸਾਡੇ ਸੁਪਨਿਆਂ ਤੇ
ਕਬਜ਼ਾ ਕਰ ਲੈਂਦੇ
ਆਪਣੇ ਸਾਥੀਆਂ ਨਾਲ ਮਿਲ ਜੁਲ ਕੇ
ਰਹਿਣ ਦਾ ਪਾਠ
ਅਸੀਂ
ਆਪਣੀ ਵਰਣਮਾਲਾ ਤੋਂ ਹੀ ਪੜ੍ਹਿਆ ਸੀ
ਪਰ ਹੁਣ ਮੋਬਾਈਲ ਦੀ ਇਸ ਸਕਰੀਨ ਨੇ
ਲੈ ਲਈ ਉਸ ਤਖ਼ਤੀ ਦੀ ਥਾਂ।
ਜੋ ਦੌੜ ਰਿਹਾ ਹੈ।
ਉਹ ਨਕਲੀ ਹੈ
ਕਾਲਪਨਿਕ ਹੈ
ਜੋ ਅਸਲੀ ਹੈ
ਉਹ ਨਕਲੀ ਨਾਲ ਸਾਂਝ ਪਾ ਰਿਹਾ ਹੈ
ਨਕਲੀ ਦੇ ਜਿੱਤਣ ਨਾਲ ਗਰਜਦਾ ਹੈ ਅਸਲੀ
ਨਕਲੀ ਰੁਪਈਏ ਖਾਂਦਾ ਤਾਂ ਅਸਲੀ ਹੱਸਦਾ ਹੈ
ਨਕਲੀ ਫੜਿਆ ਜਾਂਦਾ ਹੈ ਤਾਂ ਅਸਲੀ
ਸਿਸਟਮ ਨੂੰ ਗਾਲਾਂ ਕੱਢਦਾ ਹੈ
ਆਖ਼ਰਕਾਰ
ਦੋ ਘੰਟੇ ਦੀ ਭੱਜ-ਦੌੜ ਵਿੱਚ
ਅਡੋਲ ਬੈਠਾ ਅਸਲੀ
ਦੋ ਲੱਖ ਅੱਸੀ ਹਜ਼ਾਰ ਰੁਪਏ ਜਿੱਤ ਜਾਂਦਾ ਹੈ
ਉਸੇ ਰਾਤ
ਉਹ ਜਦ ਪਾਪਾ ਨਾਲ ਬਾਜ਼ਾਰ ਜਾਂਦਾ ਹੈ
ਤਾਂ ਰੈਸਟੋਰੈਂਟ ਵਿੱਚ ਖਾਣਾ ਖਾਣ ਦੀ ਜ਼ਿੱਦ ਕਰਦਾ ਹੈ
ਪਾਪਾ ਕਹਿੰਦਾ ਹੈ 'ਇੱਥੇ ਖਾਣਾ ਬਹੁਤ ਮਹਿੰਗਾ ਹੈ'
ਉਹ ਕਹਿੰਦਾ ਹੈ 'ਸਿਰਫ
ਦੋ ਹਜ਼ਾਰ ਰੁਪਏ ਦੀ ਤਾਂ ਗੱਲ ਹੈ'
ਕੀ ਤੁਸੀਂ ਇਸ ਨੂੰ ਖੇਡ ਸਮਝਦੇ ਹੋ?
ਐਸੇ ਵਿਹਲੜ ਬੱਚਿਆਂ ਦੀ
ਫ਼ਸਲ ਤਿਆਰ ਕੀਤੀ ਜਾ ਰਹੀ ਹੈ
ਜਿਹੜੇ ਮਿਹਨਤ ਨਾਲ ਨਹੀਂ
ਵਿਹਲੇ ਬੈਠੇ ਬਿਠਾਏ
ਤਿਕੜਬਾਜ਼ੀ ਨਾਲ ਪੈਸਾ ਕਮਾਉਣਾ ਚਾਹੁੰਦੇ ਹਨ
ਕੀ ਤੁਸੀਂ ਸ਼ਿਕਾਰੀ ਦਾ ਜਾਲ ਦੇਖ ਰਹੇ ਹੋ?
ਕੀ ਤੁਸੀਂ ਉਸ ਤੜਪ ਨੂੰ ਮਹਿਸੂਸ ਕਰਦੇ ਹੋ
ਜਿਸ ਵਿੱਚ
ਤੁਹਾਡਾ ਬੱਚਾ ਪੈਰ ਧਰਦੇ ਹੀ
ਫਸਣ ਵਾਲਾ ਹੈ

ਇਕ ਰਿਪੋਰਟ

# 'ਆਪਣੀ ਆਵਾਜ਼' ਦਾ ਰੰਗ ਮੰਚ ਦੇ ਵਿਕਾਸ ਵਿੱਚ ਯੋਗਦਾਨ















ਇਦਾਰਾ 'ਆਪਣੀ ਆਵਾਜ਼' ਜਿੱਥੇ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਪਿਛਲੇ 27 ਵਰਿਆਂ ਤੋਂ ਕਾਰਜਸ਼ੀਲ ਹੈ ਉੱਥੇ ਨਾਲ ਦੀ ਨਾਲ ਇਸ ਇਦਾਰੇ ਵੱਲੋਂ ਪੰਜਾਬੀ ਰੰਗ ਮੰਚ ਦੇ ਵਿਕਾਸ ਲਈ ਵੀ ਬੜੀ ਨਿੱਗਰ ਭੂਮਿਕਾ ਅਦਾ ਕੀਤੀ ਜਾ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ 'ਆਪਣੀ ਆਵਾਜ਼' ਮਾਸਿਕ ਮੈਗਜ਼ੀਨ ਦੇ ਮੁੱਖ ਸੰਪਾਦਕ ਅਤੇ ਮਾਲਕ ਸ. ਸੁਰਿੰਦਰ ਸਿੰਘ ਸੁੰਨੜ ਹੁਣਾਂ ਵੱਲੋਂ ਆਪਣੀ ਕਿਰਤ ਕਮਾਈ ਵਿੱਚੋਂ ਰੰਗ ਮੰਚ ਦੇ ਵਿਕਾਸ ਲਈ ਭਰਪੂਰ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਕੜੀ ਤਹਿਤ ਹਿੰਦੂ ਕੰਨਿਆ ਕਾਲਜ ਕਪੂਰਥਲਾ ਵਿਖੇ ਹਰ ਸਾਲ ਹੁੰਦੇ ਪੰਜਾਬੀ ਨਾਟਕ ਵਿੱਚ ਆਰਥਿਕ ਸਹਾਇਤਾ ਦੇ ਕੇ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਵਾਰ ਵੀ ਮਿਤੀ 18 ਅਗਸਤ ਨੂੰ 2026 ਨੂੰ ਹਿੰਦੂ ਕੰਨਿਆ ਕਾਲਜ ਦੇ ਸੈਮੀਨਾਰ ਹਾਲ ਵਿੱਚ ਅਕਸ ਰੰਗ ਮੰਚ ਸਮਰਾਲਾ ਦੀ ਟੀਮ ਵੱਲੋਂ ਅਮਰਜੀਤ ਸਿੰਘ ਗਰੇਵਾਲ ਦਾ ਲਿਖਿਆ ਨਾਟਕ ਮੁਹੱਬਤ ਮੌਲੀ ਹੈ ਖੇਡਿਆ ਗਿਆ। ਇਸ ਨਾਟਕ ਨੂੰ ਕਰਵਾਉਣ ਵਿੱਚ ਵੀ 'ਆਪਣੀ ਆਵਾਜ਼' ਵੱਲੋਂ ਆਰਥਿਕ ਸਹਾਇਤਾ ਕੀਤੀ ਗਈ ਜਿਸ ਵਿੱਚ 'ਆਪਣੀ ਆਵਾਜ਼' ਦੇ ਮੁੱਖ ਸੰਪਾਦਕ ਸ. ਸੁਰਿੰਦਰ ਸਿੰਘ ਸੁੰਨੜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਉਹਨਾਂ ਦੇ ਨਾਲ 'ਆਪਣੀ ਆਵਾਜ਼' ਦੇ ਸੰਪਾਦਕ ਡਾ. ਰਾਮ ਮੂਰਤੀ ਨੇ ਵੀ ਸ਼ਮੂਲੀਅਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਜਿੱਥੇ ਪੰਜਾਬੀ ਭਾਸ਼ਾ ਦੇ ਪ੍ਰਸਿੱਧ ਵਿਦਵਾਨ ਡਾ. ਆਸਾ ਸਿੰਘ ਘੁੰਮਣ ਅਤੇ ਪ੍ਰੋ. ਕੁਲਵੰਤ ਸਿੰਘ ਔਜਲਾ ਸ਼ਾਮਿਲ ਸਨ ਉੱਥੇ ਕਾਲਜ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ,ਸਟਾਫ ਅਤੇ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ । ਬਿਲਕੁਲ ਨਵੇਂ ਕੰਸੈਪਟ ਤੇ ਲਿਖਿਆ ਗਿਆ ਇਹ ਨਾਟਕ ਪੇਸ਼ਕਾਰੀ ਵਜੋਂ ਵੀ ਬੜਾ ਖੂਬਸੂਰਤ ਸੀ। ਇਸ ਨਾਟਕ ਵਿੱਚ ਮਸ਼ੀਨ ਅਤੇ ਮਨੁੱਖ ਦਾ ਟਾਕਰਾ ਕਰਦਿਆਂ ਅਜੋਕੀ ਪਦਾਰਥਕ ਦੌੜ ਵਿੱਚ ਫਸੇ ਮਨੁੱਖ ਦੀ ਮਰਦੀ ਜਾ ਰਹੀ ਸੰਵੇਦਨਸ਼ੀਲਤਾ ਅਤੇ ਮਸ਼ੀਨਾਂ ਵਿੱਚ ਪੈਦਾ ਹੋ ਰਹੀ ਸੰਵੇਦਨਸ਼ੀਲਤਾ ਦਾ ਟਾਕਰਾ ਕਰਕੇ ਅਜੋਕੇ ਮਨੁੱਖ ਨੂੰ ਉਸਦੀ ਕਰਨੀ ਦਾ ਸ਼ੀਸ਼ਾ ਵਿਖਾਇਆ ਗਿਆ ਹੈ। ਇਸ ਨਾਟਕ ਦੀ ਮੁੱਖ ਪਾਤਰ ਜਿਸਨੇ ਰੋਬੋਟ ਦਾ ਬੜਾ ਖੂਬਸੂਰਤ ਰੋਲ ਅਦਾ ਕੀਤਾ ਉਸ ਦੀ ਅਦਾਕਾਰੀ ਤੋਂ ਖੁਸ਼ ਹੋ ਕੇ ਸ. ਸੁਰਿੰਦਰ ਸਿੰਘ ਸੰਨੜ ਹੋਣਾਂ ਨੇ ਉਸ ਨੂੰ ਵਿਸ਼ੇਸ਼ ਕੈਸ਼ ਪ੍ਰਾਈਜ ਦੇ ਕੇ ਉਸ ਦੀ ਕਲਾ ਦੀ ਸਰਾਹਨਾ ਕੀਤੀ। ਇਸ ਮੌਕੇ 'ਆਪਣੀ ਆਵਾਜ਼' ਦਾ ਨਵਾਂ ਛਪਿਆ ਅੰਕ ਵੀ ਸਟਾਫ ਅਤੇ ਵਿਦਿਆਰਥੀਆਂ ਨੂੰ ਵੰਡਿਆ ਗਿਆ। ਹਿੰਦੂ ਕੰਨਿਆ ਕਾਲਜ ਕਪੂਰਥਲਾ ਦੀ ਪ੍ਰਿੰਸੀਪਲ ਡਾ. ਅਰਚਨਾ ਗਰਗ ਤੇ ਪੰਜਾਬੀ ਵਿਭਾਗ ਦੀ ਮੁਖੀ ਡਾ. ਭੁਪਿੰਦਰ ਕੌਰ ਜੀ ਦਾ ਅਦਾਰੇ ਵੱਲੋਂ ਧੰਨਵਾਦ ਹੈ ਜਿਨਾਂ ਨੇ ਅਜਿਹੇ ਖੂਬਸੂਰਤ ਨਾਟਕ ਦਾ ਆਯੋਜਨ ਕੀਤਾ ਅਤੇ ਇਦਾਰਾ ਆਪਣੀ ਆਵਾਜ਼ ਨੂੰ ਸੇਵਾ ਦਾ ਮੌਕਾ ਦਿੱਤਾ। ਸ. ਸੁਰਿੰਦਰ ਸਿੰਘ ਸੁੰਨੜ ਹੋਣਾਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਉਹ ਅਜਿਹੇ ਨਾਟਕਾਂ ਦੇ ਵਿਕਾਸ ਤੇ ਪੇਸ਼ਕਾਰੀਆਂ ਵਿੱਚ ਆਪਣੀ ਭੂਮਿਕਾ ਹਮੇਸ਼ਾ ਨਿਭਾਉਂਦੇ ਰਹਿਣਗੇ। ਅਖੀਰ ਵਿੱਚ ਕਾਲਜ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਅਤੇ ਸਟਾਫ ਵੱਲੋਂ ਸ.ਸੁਰਿੰਦਰ ਸਿੰਘ ਸੁੰਨੜ ਅਤੇ ਨਾਟਕ ਦੀ ਸਮੁੱਚੀ ਟੀਮ ਨੂੰ ਸਨਮਾਨਿਤ ਵੀ ਕੀਤਾ ਗਿਆ।

ਰਿਪੋਰਟ : ਡਾ ਰਾਮ ਮੂਰਤੀ

## 1. ਗ਼ਜ਼ਲ

-ਮਨਜੀਤ ਸਿੰਘ ਸੋਹਲ



ਪੈਰਾਂ ਦੀ ਮਿੱਟੀ ਦੇ ਵਿੱਚੋਂ ਪੈਦਾ ਹੋਣ ਸਿਤਾਰੇ।
ਗੁਰਬਤ ਦੀ ਭੱਠੀ ਵਿੱਚ ਪੈ ਕੇ ਫੁੱਲ ਬਣਦੇ ਅੰਗਿਆਰੇ।

ਫਾਂਸੀਆਂ, ਜੇਲ੍ਹਾਂ, ਕਾਲੇ ਪਾਣੀ ਸਾਡੇ ਹਿੱਸੇ ਆਏ
ਵਿੱਚ ਹਵਾ ਦੇ ਰੁਲਦੇ ਫਿਰਦੇ ਸਾਡੇ ਖ਼ਾਬ ਕੁਆਰੇ।

ਅਸੀਂ ਉਦੋਂ ਬਹਿ ਜਾਣਾ ਸੀ ਆਪਣਾ ਘਰ ਬਣਾ ਕੇ,
ਕਤਲ ਸਾਡਿਆਂ ਖਾਬਾਂ ਦਾ ਜੇ ਨਾ ਕਰਦੇ ਹਤਿਆਰੇ।

ਐਵੇਂ ਨਾ ਤੂੰ ਝੂਠੀ ਜਾਂ ਇੰਜ ਆਪਣੀ ਕਿਸਮਤ ਉੱਤੇ
ਹੱਕ ਆਪੇ ਮਿਲ ਜਾਵੇ ਨੇ ਜਦ ਜਾਗ ਪਏ ਕੁਲੀਆਂ ਢਾਰੇ।

ਹੈ ਇਤਿਹਾਸ ਗਵਾਹ ਸਾਡਾ ਕਿ ਅਸੀਂ ਕਦੇ ਨਹੀਂ ਡੋਲੇ
ਪਰਖ ਅਸਾਡੀ ਕੀਤੀ ਹੈ ਕਈ ਵਾਰ ਸਮੇਂ ਸੁਨਿਆਰੇ।

ਨਸ਼ਿਆਂ ਦੀ ਇਸ ਦਲਦਲ ਵਿੱਚੋਂ ਨਿਕਲੋ ਬਾਹਰ ਭਰਾਵੋ,
ਅੱਜ ਵੀ ਸਾਨੂੰ ਦੇਣ ਅਵਾਜ਼ਾਂ ਗੁਰੂ ਦੇ ਪੁੱਤਰ ਚਾਰੇ।

ਗੁਰੂਆਂ ਦੀ ਇਸ ਧਰਤੀ ਉੱਤੇ ਬਹਿ ਗਏ ਡੇਰੇ ਲਾ ਕੇ
ਨੂਰ ਮਹਿਲੀਏ, ਸਿਰਸੇ ਵਾਲੇ ਤੇ ਸਾਧ ਭਨਿਆਰੇ।

ਜਗਤਾਰ, ਨਿੱਝਰ, ਇਮਤਿਆਜ, ਮੀਸ਼ਾ ਨੇ ਮਾਂ ਬੋਲੀ ਦੇ ਹੀਰੇ
ਉਲਫ਼ਤ, ਪਾਤਰ, ਸੰਤ ਸੰਧੂ ਤੇ ਪਾਸ਼ ਉਦਾਸੀ ਸਾਰੇ।

ਜ਼ਿੰਦਗੀ ਦੇ ਇਸ ਪੰਧ ਦੇ ਉੱਤੇ ਜੇ ਤੂੰ ਮੰਜ਼ਿਲ ਪਾਉਣੀ
ਦਰਾਂ ਦਰਾਂ 'ਤੇ ਭਟਕਮ ਨਾਲੋਂ ਬਹਿ ਜਾ ਇੱਕ ਦੁਆਰੇ।

## 2. ਗ਼ਜ਼ਲ

ਗੁਰਦਿਆਲ ਸਿੰਘ "ਕਾਂਜਲੀ"
ਪਿੰਡ ਤੇ ਡਾਕਘਰ ਕਾਂਜਲੀ
ਜਿਲ੍ਹਾ ਕਪੂਰਥਲਾ।
ਮੋ. 98148-03213
ਘਰ-01822-231852

ਆਪ ਮੁਹਾਰੇ ਮੁੜ ਜਾਂਦਾ, ਮੂੰਹ, ਕਰਨ ਲਈ ਦੀਦਾਰ ਸਜਣ ਦਾ।
ਲੱਖ ਭੁਲਾਇਆਂ ਵੀ ਨਹੀਂ ਭੁਲਦਾ, ਜਦ ਤੋਂ ਹੋਇਆ ਪਿਆਰ ਸਜਣ ਦਾ।
ਹਾੜ੍ਹੇ ਕੱਢਦੀ, ਤਰਲੇ ਪਾਉਂਦੀ, ਬਾਉਰੀ ਹੋ ਗਈ, ਕਮਲੀ ਹੋ ਗਈ,
ਨੈਣ ਵਿਛਾਵਾਂ, ਔਂਸੀਆਂ ਪਾਵਾਂ, ਕਿੰਝ ਕਰਾਂ ਸਤਿਕਾਰ ਸਜਣ ਦਾ।
ਚੰਨ ਚਾਨਣੀ, ਸੂਰਜ ਲਾਲੀ, ਤਾਰਿਆਂ ਦੇ ਵਿੱਚ ਉਹਦੀਆਂ ਝਲਕਾਂ,
ਐਪਰ ਮੇਰੇ ਹੱਥ ਨਾ ਆਵੇ, ਚਾਨਣ ਮੇਰੇ ਯਾਰ ਸਜਣ ਦਾ।
ਅੱਖ-ਮਚੋਲੀ, ਲੁਕੌਣ-ਮੀਟੀ, ਲਾਰੇ-ਲੱਪੇ ਲਾਉਂਦਾ ਰਹਿੰਦਾ,
ਖਬਰੇ ਕਿੱਦਣ ਪੂਰਾ ਹੋਣਾਂ, ਕੀਤਾ ਕੌਲ ਕਰਾਰਾਂ ਸਜਣ ਦਾ?
ਗੁੱਸਾ ਉਹਦਾ ਨਿੱਘਾ ਨਿੱਘਾ, ਹੱਸੇ ਜਿਉਂ ਖਿੜਦੇ ਫੁੱਲ ਕਲੀਆਂ,
ਕਿੰਨਾ ਸੋਹਣਾ ਸੋਹਣਾ ਜਾਪੇ। ਮੋਹ ਭਰਿਆ ਤਕਰਾਰ ਸਜਣ ਦਾ।
ਕੱਲਮ-ਕੱਲੀ ਲੱਭਦੀ, ਫਿਰਦੀ ਪੈਣ "ਕਾਂਜਲੀ" ਉਹਦੀਆਂ ਦੱਸਾਂ,
ਐਥੇ ਰਹਿੰਦਾ, ਓਥੇ ਰਹਿੰਦਾ, ਵਾਹ! ਕੈਸਾ ਘਰ-ਬਾਰ ਸਜਣ ਦਾ।

# ਪੈੜ ਜਗੀਰੋ ਦੀ



ਸੰਤ ਸਿੰਘ ਸੰਧੂ

| | | |
|---|---|---|
| ਭਾਜਪਾ | – | ਨਾਂ ਲਿਖ ਲਿਆ ਬਿਸ਼ਨੀਏ ਤੇਰਾ, ਸੁੰਮਾਂ ਵਾਲੀ ਡਾਂਗ ਦੇ ਉੱਤੇ। |
| ਬਾਬਾ ਸੀਚੇਵਾਲ | – | ਜਿਵੇਂ ਕਾਲੀਆਂ ਘਟਾਂ ਵਿਚ ਬਗਲਾ, ਬੋਤਾ ਆਵੇ ਮੇਰੇ ਪੀਰ ਦਾ। |
| ਸੁੰਦਰਤਾ ਮੁਕਾਬਲੇ | – | ਲਖ ਸੀਗਾਰ ਬਣਾਇਆ, ਕਾਰਜਿ ਨਹੀਂ ਕੇਤੁ। |
| ਬਲਬੀਰ ਰਾਜੇਵਾਲ | – | ਸਰਵਣ ਵੀਰ ਬਿਨਾਂ, ਮੇਰੀ ਰੁਲਦੀ ਵਣਾਂ ਵਿਚ ਗੱਠੜੀ। |
| ਪਰਵਾਸੀ | – | ਤਾੜੀ ਮਾਰ ਉਡਾ ਨਾ ਬਾਹੂ, ਅਸੀਂ ਆਪੇ ਉਡਣਹਾਰੇ ਹੂ। |
| ਗੁਰਦਾਸ ਮਾਨ | – | ਗੁਲਾਮ ਰਸੂਲ ਜਿਨ੍ਹਾਂ ਇਸ਼ਕ ਨੇ ਫਟਿਆ, ਤਿਨ੍ਹਾਂ ਤਪਦਾ ਲੋਹਾ ਚੱਟਿਆ। |
| ਡਾ. ਇੰਦਰਜੀਤ ਕੌਰ | – | ਤਾਰਾ ਸਿੰਘ ਜਿਨ ਭੋਗਾਂ ਨੂੰ ਪਿੱਠ ਦਿੱਤੀ, ਉਹਦੀ ਜਿੱਤ ਜਹਾਨ ਦੇ ਵਿਚ ਹੋਈ। |
| ਨਰੇਂਦਰ ਮੋਦੀ | – | ਅਜੇ ਨੇਕ ਵੇਲਾ ਤੇਰਾ ਨੇਕੀਆਂ ਦਾ, 'ਮਹਿਰਮ ਸ਼ਾਹ' ਦੀ ਮੱਤ ਵਿਸਾਰ ਨਹੀਂ। |
| ਪੰਜਾਬ | – | ਮੁਹੰਮਦ ਬੂਟਿਆਂ ਰੋਂਦਿਆਂ ਉਮਰ ਗੁਜਰੀ, ਕੇਹਾ ਧੁਰੋਂ ਨਸੀਬ ਖਰਾਬ ਮਿਲਿਆ। |
| ਜੰਗ | – | ਕਾਦਰਯਾਰ ਪਰ ਖ਼ੂਨ ਨਹੀਂ ਬੰਦ ਹੁੰਦਾ, ਫਿਕਰ ਲੱਖ ਹਜ਼ਾਰ ਦੁੜਾਇਓ ਨੇ। |
| ਬੁੱਧੀਜੀਵੀ | – | ਹੀਰੇ ਅੰਦਰੇ ਹੋ ਬਿਮਾਰ ਚੱਲੀ, ਜਾਣ ਬੁਝ ਕੇ ਦੁੱਖ ਵਧਾਉਨੀ ਏਂ। |
| ਬਾਬਾ ਸੇਵਾ ਸਿੰਘ | – | ਅੱਠੇ ਪਹਿਰ ਮਸਤਾਨ ਦੀਵਾਨ ਫਿਰਦੇ, ਉਹਨਾਂ ਪੈਰ ਆਲੂਟ ਨ ਬੋੜਿਆ ਈ। |
| ਪਾਸ਼ ਯਾਦਗਾਰ | – | ਸੁਲ੍ਹਾ ਕੀਤਿਆਂ ਫਤਿਹ ਜੇ ਹੱਥ ਆਵੇ, ਕਮਰ ਜੰਗ 'ਤੇ ਮੂਲ ਨਾ ਕੱਸੀਏ ਜੀ। |
| ਚੜ੍ਹਾਵਾ ਚੋਰੀ | – | ਰੋਟੀ ਹੱਕ ਦੀ ਖਾਈਏ ਜੀ, ਭਾਵੇਂ ਬੂਟ ਪਾਲਸ਼ਾਂ ਕਰੀਏ। |
| ਕਾਰਪੋਰੇਟ ਨੀਤੀ | – | ਵੰਡਿਆ ਹੋਇਆ ਦੇਸ਼ ਮੇਰਾ ਜੇ ਇਕ ਹੋ ਜਾਵੇ। |
| ਤੀਆਂ | – | ਦੋਹਰੀਆਂ ਹੋ ਕੇ ਨੱਚਣ ਲੱਗੀਆਂ, ਜਿਉ ਕੂੰਜਾਂ ਦੀਆਂ ਡਾਰਾਂ। |
| ਅਮਰੀਕਾ ਸਮਝੌਤਾ | – | ਆਟੇ ਦੀ ਮੌਜ ਲੱਗ ਗਈ, ਮੇਰੀ ਸੱਸ ਨੇ ਮਸ਼ੀਨ ਵਾਲਾ ਕੀਤਾ। |
| ਪੰਜਾਬ ਤੇ ਕੇਂਦਰ | – | ਸੱਸ ਮੇਰੀ ਨੇ ਕਰੇਲੇ ਤੁੜਕੇ, ਮੇਰੀ ਵਾਰੀ ਆਈ, ਪਤੀਲਾ ਖੜਕੇ। |
| ਸੁਖਬੀਰ ਬਾਦਲ | – | ਜੋਤ ਜਗਾਉਂਦੇ ਨੇ, ਦਾੜ੍ਹੀ ਫੂਕ ਲਈ ਸਾਰੀ। |
| ਰਾਹੁਲ ਗਾਂਧੀ | – | ਆਕੜ ਕਾਹਦੀ ਵੇ, ਜੱਗ 'ਤੇ ਫਿਰੇ ਕੁਆਰਾ। |
| ਹੰਸ ਰਾਜ ਹੰਸ | – | ਧਰਤੀ ਮਾਂ ਨੂੰ ਮੱਥਾ ਟੇਕ ਕੇ, ਫਿਰ ਗੌਣ ਨੂੰ ਗਾਂਧੀ ਏ। |
| ਅਕਾਲੀ ਭਾਜਪਾ | – | ਓਧਰੋਂ ਰੁਮਾਲ ਹਿੱਲਿਆ, ਮੇਰੀ ਇਧਰੋਂ ਹਿਲੇ ਫੁਲਕਾਰੀ। |
| ਪਰਿਆਵਰਣ | – | ਮੁੰਡਾ ਰੋਵੇ, ਅੰਬੀਆਂ ਨੂੰ, ਕਿਤੇ ਬਾਗ ਨਜ਼ਰ ਨਹੀਂ ਆਉਂਦੇ। |
| ਨਸ਼ੇ | – | ਅੱਗੇ ਰਾਹੀ ਰਾਹ ਪੁਛਦੇ, ਹੁਣ ਪੁਛਦੇ ਸ਼ਰਾਬ ਵਾਲਾ ਠੇਕਾ। |
| ਡਾ. ਨਿਰਮਲ ਸਿੰਘ ਲਾਂਬੜਾ | – | ਮੇਰੇ ਬਾਪ ਨੇ, ਸੱਸ ਨੂੰ ਸੌ ਦਾ ਨੋਟ ਫੜਾਇਆ। |

ਤਲਵੰਡੀ ਸਲੇਮ (ਜਲੰਧਰ)

97794-79169

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ

**ਜਗਦੀਸ਼ ਰਾਏ ਕੁਲਰੀਆਂ**



ਮਨੁੱਖ ਦੀ ਹੋਂਦ ਦੇ ਨਾਲ ਸਮਾਜ ਅਤੇ ਭਾਈਚਾਰਾ ਵੀ ਜੁੜਿਆ ਹੋਇਆ ਹੈ। ਆਦਿ ਕਾਲ ਵਿਚ ਜਦੋਂ ਮਨੁੱਖ ਜੰਗਲਾਂ ਵਿਚ, ਗੁਫਾਵਾਂ ਵਿਚ ਰਹਿੰਦਾ ਸੀ ਤਾਂ ਉਸਨੇ ਭਾਈਚਾਰਕ ਸਾਂਝ ਨਾਲ ਜਿੱਥੇ ਵੱਡੇ ਜਾਨਵਰਾਂ ਦਾ ਸ਼ਿਕਾਰ ਕਰਨਾ ਤੇ ਕਾਬੂ ਕਰਨਾ ਸਿੱਖਿਆ, ਉੱਥੇ ਆਪਣੇ ਵਿਕਾਸ ਵੱਲ ਵੀ ਵਧਿਆ। ਮਿਲ ਕੇ ਰਹਿਣਾ ਅਤੇ ਸਮੱਸਿਆਵਾਂ ਨੂੰ ਸਾਂਝੇ ਤੌਰ ਤੇ ਨਜਿੱਠਣਾ ਉਸਦਾ ਸੁਭਾਅ ਤੇ ਉਸਦੀ ਮੁੱਢੋਂ ਲੋੜ ਰਹੀ ਹੈ, ਪ੍ਰੰਤੂ ਪੂੰਜੀਵਾਦ ਦੇ ਵਧਦੇ ਪਸਾਰ ਨੇ ਮਨੁੱਖ ਦੀ ਭਾਈਚਾਰਕ ਏਕਤਾ ਨੂੰ ਵੱਡੀ ਢਾਅ ਲਾਈ ਹੈ। ਕੁਝ ਰਾਜਨੀਤਿਕਾਂ ਤੇ ਸਰਮਾਏਦਾਰੀ ਦੇ ਹਿਤ ਵੀ ਭਾਈਚਾਰਕ ਸਾਂਝ ਜੁੜਨ ਨਾਲ ਨਹੀਂ, ਟੁੱਟਣ ਨਾਲ ਹੀ ਪੂਰੇ ਹੁੰਦੇ ਹਨ। ਜਦੋਂ ਅਸੀਂ ਮੌਜੂਦਾ ਸਮੇਂ ਵਿਚ ਦੇਸ਼ ਦੇ ਹਾਲਤਾਂ ਨੂੰ ਦੇਖਦੇ ਹਾਂ ਤਾਂ ਅਸਹਿਣਸ਼ੀਲਤਾਂ ਦੇ ਇਸ ਦੌਰ ਵਿਚ ਭਾਈਚਾਰਕ ਸਾਂਝ ਦੀ ਅਹਿਮੀਅਤ ਅਤੇ ਲੋੜ ਹੋਰ ਵੀ ਵਧ ਜਾਂਦੀ ਹੈ। ਕੁਝ ਮਿੰਨੀ ਕਹਾਣੀਆਂ ਇਸੇ ਸੰਦਰਭ ਤੇ ਚੇਤਨਤਾ ਲਈ ਪੇਸ਼ ਹਨ।

### ਸੂਰ / ਰਮੇਸ਼ ਬੱਤਰਾ

ਉਹ ਰੌਲਾ ਪਾਉਂਦੇ ਹੋਏ ਇੱਕ ਪੁਰਾਣੀ ਹਵੇਲੀ ਵਿਚ ਵੜ ਗਏ। ਹਵੇਲੀ ਦੇ ਸਾਰੇ ਘਰਾਂ ਦੇ ਦਰਵਾਜੇ ਬੰਦ ਸਨ। ਸਿਰਫ ਇੱਕ ਕਮਰੇ ਦਾ ਦਰਵਾਜਾ ਖੁੱਲ੍ਹਾ ਸੀ। ਸਾਰੇ ਦੋ-ਦੋ, ਤਿੰਨ ਤਿੰਨ ਵਿੱਚ ਵੰਡੇ ਗਏ ਅਤੇ ਦਰਵਾਜੇ ਤੋੜਨ ਲੱਗੇ ਅਤੇ ਦੋ ਜਣੇ ਉਸ ਖੁੱਲ੍ਹੇ ਕਮਰੇ ਵਿੱਚ ਦਾਖਲ ਹੋ ਗਏ।

ਕਮਰੇ ਵਿੱਚ ਇੱਕ ਟਰਾਂਜਿਸਟਰ (ਰੇਡੀਓ) ਹੌਲੀ-ਹੌਲੀ ਚਲ ਰਿਹਾ ਸੀ ਅਤੇ ਇੱਕ ਆਦਮੀ ਮੰਜੇ 'ਤੇ ਸੁੱਤਾ ਪਿਆ ਸੀ।

"ਇਹ ਕੌਣ ਹੈ?" ਇੱਕ ਨੇ ਦੂਜੇ ਨੂੰ ਪੁੱਛਿਆ।

"ਪਤਾ ਨਹੀਂ," ਦੂਜੇ ਨੇ ਕਿਹਾ।

"ਮੁਹੱਲੇ ਵਿੱਚ ਕਦੇ ਦੇਖਿਆ ਨਹੀਂ ।"

"ਕੋਈ ਵੀ ਹੋਵੇ," ਪਹਿਲਾ ਟਰਾਂਜਿਸਟਰ ਨੂੰ ਚੁੱਕਦਿਆਂ ਬੋਲਿਆ, " ਚੀਰ ਦੇ ਗਲਾ ।"

"ਬਈ, ਕਦੇ ਆਪਣੀ ਜਾਤ ਦਾ ਹੀ ਨਾ ਹੋਵੇ?"

" ਏਹਤੋਂ ਹੀ ਪੁੱਛ ਲੈਂਦੇ ਹਾਂ ।" ਕਹਿੰਦੇ ਕਹਿੰਦੇ ਉਸ ਨੇ ਉਸ ਨੂੰ ਜਗਾ ਦਿਤਾ।

"ਕੌਣ ਐ ਬਈ ਤੂੰ?"

ਉਸ ਨੇ ਆਪਣੀਆਂ ਅੱਖਾਂ ਰਗੜ ਕੇ ਨੀਂਦ ਵਿਚ ਕਿਹਾ, "ਤੁਸੀਂ ਕੌਣ ਹੋ?"

"ਬਹੁਤੇ ਸਵਾਲ ਜਵਾਬ ਨਾ ਕਰ, ਛੇਤੀ ਬੋਲ ਨਹੀਂ ਤਾਂ ਮਾਰਿਆ ਜਾਵੇਗਾ।"

"ਕਿਉਂ ਮਾਰਿਆ ਜਾਵਾਂਗਾ?"

"ਸ਼ਹਿਰ ਵਿੱਚ ਦੰਗਾ ਹੋ ਗਿਆ ਹੈ।"

"ਕਿਉਂ... ਕਿਵੇਂ?"

"ਮਸਜਿਦ ਵਿੱਚ ਸੂਰ ਵੜ ਗਿਆ ।"

"ਤਾਂ ਫੇਰ ਨੀਂਦ ਕਿਉਂ ਖਰਾਬ ਕਰਦੇ ਹੋ ਭਾਈ ! ਰਾਤ ਦੀ ਸ਼ਿਫਟ ਵਿੱਚ ਕਾਰਖਾਨੇ ਕੰਮ ਤੇ ਵੀ ਜਾਣਾ ਹੈ।" ਉਹ ਪਾਸਾ ਲੈ ਕੇ ਫੇਰ ਸੌਂਦਾ ਹੋਇਆ ਬੋਲਿਆ , " ਇੱਥੇ ਕੀ ਕਰ ਰਹੇ ਹੋ? ... ਜਾ ਕੇ ਸੂਰ ਨੂੰ ਮਾਰੋ ਯਰ !"

-o-

### ਰਿਸ਼ਤਾ / ਡਾ. ਸ਼ਿਆਮ ਸੁੰਦਰ ਦੀਪਤੀ

'ਮੋਗੇ ਤੋਂ ਰਾਹ ਦੀ ਸਵਾਰੀ ਕੋਈ ਨਾ ਹੋਵੇ, ਇਕ ਵਾਰ ਫੇਰ ਦੇਖ ਲਓ', ਕਹਿ ਕੇ ਰਾਮ ਸਿੰਘ ਨੇ ਸੀਟੀ ਵਜਾਈ ਅਤੇ ਬਸ ਆਪਣੇ ਰਾਹ ਪੈ ਗਈ।

ਬਸ ਵਿਚ ਬੈਠੇ ਨਿਹਾਲ ਸਿੰਘ ਨੇ ਆਪਣਾ ਪਿੰਡ ਨੇੜੇ ਆਉਂਦਾ ਦੇਖ ਸੀਟ ਛੱਡੀ ਤੇ ਡਰਾਈਵਰ ਕੋਲ ਆ ਕੇ ਹੌਲੀ ਜਿਹਾ ਕਿਹਾ, "ਡਲੈਵਰ ਸਾਬ, ਜਰਾ ਨਹਿਰ ਦੇ ਪੁਲ 'ਤੇ ਬਰੇਕ 'ਤੇ ਪੈਰ ਮਾਰੀ।"

"ਕੀ ਗੱਲ ? ਕੰਡਕਟਰ ਦੀ 'ਵਾਜ ਨ੍ਹੀਂ ਸੀ ਸੁਣੀ।" ਡਰਾਈਵਰ ਬੋਲਿਆ।

"ਬਾਈ ਜ਼ਰਾ ਜਲਦੀ ਸੀ। ਬਈ ਬਣ ਕੇ , ਵੇਖ ਤੂੰ ਵੀ ਜੱਟ ਤੇ ਮੈਂ ਵੀ ਜੱਟ। ਰੋਕੀਂ ਜ਼ਰਾ।" ਨਿਹਾਲ ਸਿੰਘ ਨੇ ਗੁਜ਼ਾਰਿਸ਼ ਕੀਤੀ।

ਡਰਾਈਵਰ ਨੇ ਨਿਹਾਲ ਸਿੰਘ ਵੱਲ ਦੇਖਿਆ ਤੇ ਫਿਰ ਉਸ ਨੇ ਉਸੇ ਸੁਰ ਵਿਚ ਕਿਹਾ, "ਮੈਂ ਤਾਂ ਕੋਈ ਨ੍ਹੀਂ ਜੱਟ-ਜੁੱਟ, ਮੈਂ ਤਾਂ ......।"

ਨਿਹਾਲੇ ਨੇ ਇਕਦਮ ਗੱਲ ਬਦਲੀ ਤੇ ਕਿਹਾ, "ਤਾਂ ਕੀ ਹੋਇਆ? ਸਿੱਖ ਭਰਾ ਹਾਂ ਆਪਾਂ। ਵੀਰ ਬਣ ਕੇ ਰੋਕ ਦੇ।"

ਡਰਾਈਵਰ ਇਸ ਵਾਰ ਮਿੰਨ੍ਹਾ ਜਿਹਾ ਮੁਸਕਰਾਇਆ ਤੇ ਕਹਿਣ ਲੱਗਿਆ, "ਮੈਂ ਸਿੱਖ ਵੀ ਨਹੀਂ, ਜੇ ਸੱਚ ਪੁੱਛੇ ਤਾਂ।"

"ਬਾਈ ਇਨ੍ਹਾਂ ਗੱਲਾਂ ਵਿਚ ਕੁਝ ਪਿਐ। ਬੰਦਾ ਹੀ ਬੰਦੇ ਦੀ ਦਾਰੂ ਹੁੰਦੈ। ਇਸ ਤੋਂ ਵੱਧ ਕੁਝ ਨ੍ਹੀਂ।" ਜਦ ਨਿਹਾਲੇ ਨੇ ਏਨਾ ਕਿਹਾ ਤਾਂ ਡਰਾਈਵਰ ਨੇ ਇਕ ਵਾਰੀ ਪੂਰੇ ਗੌਰ ਨਾਲ ਉਸ ਨੂੰ ਦੇਖਿਆ ਤੇ ਬਰੇਕ ਲਗਾ ਦਿੱਤੀ।

"ਕੀ ਗੱਲ? ਮੈਂ ਪਹਿਲੋਂ ਨਹੀਂ ਸੀ ਕਿਹਾ, ਕਾਸ ਤੋਂ ਰੋਕ 'ਤੀ।"

"ਕੋਈ ਨਾ, ਕੋਈ ਨਾ, ਇਕ ਨਵਾਂ ਰਿਸ਼ਤਾ ਨਿਕਲ ਆਇਆ ਸੀ," ਡਰਾਈਵਰ ਨੇ ਕਿਹਾ ਤੇ ਨਿਹਾਲ ਸਿੰਘ ਤਦ ਤਕ ਥੱਲੇ ਉੱਤਰ ਚੁੱਕਾ ਸੀ।

-o-

**ਭਾਈਚਾਰਾ / ਜਗਦੀਸ਼ ਰਾਏ ਕੁਲਰੀਆਂ**

"ਬਾਈ ਐਤਕੀਂ ਤਾਂ ਜੇਤੂ ਟੀਮ ਦੇ ਕੈਪਟਨ ਲਈ ਗਿੱਲ ਕਲੱਬ ਆਲਿਆ ਨੇ ਬੁਲਟ ਮੋਟਰਸਾਈਕਲ ਦਾ ਇਨਾਮ ਰੱਖਿਐ ." ਕਬੱਡੀ ਦੇ ਮੈਦਾਨ ਵਿੱਚ ਪ੍ਰੈਕਟਿਸ ਕਰਦੇ ਮੁੜਕੋ ਮੁੜਕੀਂ ਹੋਏ ਦੀਪੇ ਨੂੰ ਉਸਦੇ ਖਾਸ ਦੋਸਤ ਨੇ ਪਿੱਛੋਂ ਦੀ ਆ ਕੇ ਹੌਲੀ ਜਿਹੇ ਦੱਸਿਆ।

"ਐ ਕਰੋ ਵੀ ਦੋ ਦੋ ਰੇਡਾਂ ਇੱਕ ਵਾਰ ਹੋਰ ਪਾ ਲਓ" ਆਪਣੇ ਸਾਥੀਆਂ ਨੂੰ ਇਹ ਹੁਕਮ ਚਾੜਦਿਆ ਦੀਪਾ ਉਸ ਨੂੰ ਇੱਕ ਪਾਸੇ ਲੈ ਗਿਆ।

"ਹੋਰ ਕੀ ਸੁਣਿਐ.. ਦੱਸ..?"

"ਹੋਰ ਤਾਂ ਕੁਝ ਨਹੀਂ ਬੱਸ ਸਰਪੰਚ ਕਹਿੰਦੈ ਕਿ ਜਦੋਂ ਦਾ ਦੀਪਾ ਕੈਪਟਨ ਬਣਿਐ ਪਿੰਡ ਦੀ ਟੀਮ ਕਬੱਡੀ ਦਾ ਇੱਕ ਵੀ ਮੈਚ ਨੀਂ ਜਿੱਤ ਸਕੀ.. ਪਹਿਲਾਂ ਸਾਰੇ ਇਲਾਕੇ 'ਚ ਝੰਡੀ ਹੁੰਦੀ ਸੀ ..ਕਹਿੰਦੇ ਬਈ ਜੇ ਆਹ ਗਿੱਲਾਂ ਆਲਾ ਮੈਚ ਨਾ ਜਿੱਤਿਆਂ ਤਾਂ ਕੈਪਟਨ ਬਦਲ ਦਿਓ"

"ਲੈ ..ਆਹ ਕਿਤੇ ਮਖੌਲ ਦੀ ਗੱਲ ਐ, ਮੇਰਾ ਸਾਰਾ ਜ਼ੋਰ ਲੱਗ ਗਿਆ ਕੈਪਟਨ ਬਣਦੇ ਨੂੰ..ਸਰਪੰਚ ਨੂੰ ਪਤਾ ਨੀਂ ਕੀ ਢਿੱਡ ਪੀੜ ਹੁੰਦੀ ਐ..ਮੈਂ ਐਂ ਨੀਂ ਹਾਰ ਮੰਨਣ ਆਲਾ ਚਾਹੇ ਕੁੱਝ ਵੀ ਕਰਨਾ ਪੈ ਜੇ..ਕੁੱਝ ਸੋਚ ਸਾਲਿਆਂ ਮੇਰੇ ਕਨੀਂ ਕੀ ਬਿਟਰ ਬਿਟਰ ਝਾਕੀ ਜਾਨੈ" ਦੀਪੇ ਨੇ ਜੇਬ ਚੋਂ ਕੱਢ ਕੇ ਰਗੜ ਕੇ ਜਰਦਾ ਬੁੱਲਾਂ 'ਚ ਰੱਖਦਿਆਂ ਕਿਹਾ।

"ਬਾਈ ਇੱਕ ਤਾਂ ਤੂੰ ਆਹ ਜੇਹੜਾ ਮਾੜਾ ਮੋਟਾ ਨਸ਼ਾ ਪੱਤਾ ਜਾ ਕਰਦੈ..ਲੁਕ ਛਿਪ ਕੇ ਕਰਿਆ ਕਰ, ਪਿੰਡ 'ਚ ਸਾਲੀ ਊਈਂ ਤੋਏ ਤੋਏ ਹੁੰਦੀ ਰਹਿੰਦੀ ਐ..ਦੂਜੀ ਗੱਲ ਆਪਾਂ ਨੂੰ ਪਤੈ ਕਿ ਆਪਣਾ ਮੈਚ ਕੀਹਦੇ ਨਾਲ ਪੈਣਾ ਐ..ਉਸ ਟੀਮ ਦਾ ਆਗੂ ਵੀ ਬੜਾ ਰੰਗੀਲਾ ਬੰਦੈ।"

"ਬਣੂੰ ਕੋਈ ਹੀਲਾ"

"ਹੀਲੇ ਨੂੰ ਵਸੀਲੇ ਬਥੇਰੇ ਕੋਈ ਨਾ ਆਪਾਂ ਕਰਲਾਂਗੇ ਗੱਲ, ਮੈਚ ਬਈ ਰਲ ਕੇ ਖੇਡਾਂਗੇ ..ਸਾਡੀ ਇੱਜ਼ਤ ਦਾ ਸਵਾਲ ਹੈ..ਜਿਹੜੇ ਇਨਾਮ ਸ਼ਨਾਮ ਮਿਲਣਗੇ ਸਾਰੇ ਉਨਾਂ ਦੇ..ਨਾਲੇ ਸਾਡੇ ਵੱਲੋਂ ਪਾਰਟੀ ਵੱਖਰੀ..ਜੇ ਕਦੇ ਉਨਾਂ ਨੂੰ ਲੋੜ ਹੋਈ ਤਾਂ ਅਸੀਂ ਮੈਚ ਹਾਰ ਜਾਂਗੇ.ਆਖੀਰ ਭਾਈਚਾਰਾ ਵੀ."

"ਵਾਹ ਬਈ ਵਾਹ..ਆਹ ਤਾਂ ਜਮੀਂ ਸਿਰੇ ਲਾਤੀ..ਏਸ ਗੱਲ ਦੀ ਭਾਫ਼ ਨਾ ਕੱਢੀ ਕਿਸੇ ਕੋਲ..ਸਰਪੰਚ ਨੂੰ ਵੀ ਦੇਖਦੇ ਆ ਹੁਣ" ...ਮੁੱਛਾਂ ਨੂੰ ਤਾਅ ਦਿੰਦਿਆਂ ਦੀਪੇ ਨੇ ਥੁੱਕ ਨੂੰ ਪਿਚਕਾਰੀ ਨਾਲ ਬਾਹਰ ਸੁੱਟਦਿਆਂ ਕਿਹਾ।

-o-

**ਪੱਕਾ ਜੂੜ / ਬਿੰਦਰ ਸਿੰਘ ਖੁੱਡੀ ਕਲਾਂ**

"ਕਰਨੈਲ ਸਿੰਹਾਂ ਆਪਣੇ ਬਲਜੀਤ ਲਈ ਰਿਸ਼ਤਾ ਹੈ ਮੇਰੇ ਕੋਲ ਇੱਕ। ਜੇ ਕਹੇ ਤਾਂ ਗੱਲ ਤੋਰਾਂ? ਕੁੜੀ ਦਾ ਕੈਨੇਡਾ ਦੇ ਕਾਲਜ ਦਾ ਆਫਰ ਲੈਟਰ ਆਇਆ ਹੋਇਆ। ਏਜੰਟ ਕਹਿੰਦਾ ਕਾਲਜ ਦੀਆਂ ਫੀਸਾਂ ਭਰਨ ਤੇ ਹੋਰ ਕਾਗਜ਼ੀ ਕਾਰਵਾਈਆਂ ਪੂਰੀਆਂ ਕਰਨ ਸਾਰ ਵੀਜ਼ਾ ਆ ਜਾਣੈ।" ਰਿਸ਼ਤੇ ਕਰਵਾਉਣ ਦੇ ਮਾਹਰ ਬਚਿੰਤ ਸਿਹੁੰ ਨੇ ਕਰਨੈਲ ਸਿੰਘ ਕੋਲ ਮੰਜੇ 'ਤੇ ਬੈਠਦਿਆਂ ਕਿਹਾ।

"ਫੀਸਾਂ ਕਿੰਨ੍ਹੀਆਂ ਕੁ ਹੋਣਗੀਆਂ ਭਾਈ?" ਕਰਨੈਲ ਦੀ ਪਤਨੀ ਨੇ ਬਚਿੰਤ ਨੂੰ ਪੁੱਛਿਆ।

"ਫੀਸਾਂ ਤਾਂ ਭਾਈ ਬਾਕੀ ਤਾਂ ਭਰੇ ਤੋਂ ਪਤਾ ਲੱਗੂ। ਪਰ ਫਿਰ ਵੀ ਕਹਿੰਦੇ ਨੇ ਵੀ ਕੁੱਲ ਮਿਲਾ ਕੇ ਲੱਗੂਗਾ ਪੰਦਰਾ ਅਠਾਰਾਂ ਲੱਖ ਰੁਪਈਆ।"

"ਐਂ ਤਾਂ ਬਚਿੰਤ ਸਿੰਹਾਂ ਕੁੜੀ ਦੀਆਂ ਟਿਕਟਾਂ ਬਗੈਰਾਂ 'ਤੇ ਹੋਰ ਨਿੱਕ ਸੁੱਕ 'ਤੇ ਵੀ ਲੱਗੂ ਦੋ ਢਾਈ ਲੱਖ ਰੁਪਈਆ।" ਕਰਨੈਲ ਸਿਹੁੰ ਬੋਲਿਆ।

" ਕਰਨੈਲ ਸਿੰਹਾਂ ਐਂ ਤਾਂ ਭਾਈ ਵਿਆਹ 'ਤੇ ਵੀ ਸਾਰਾ ਖਰਚਾ ਆਪਾਂ ਨੂੰ ਈ ਕਰਨਾ ਪੈਣਾ। ਕੁੜੀ ਵਾਲੇ ਕਹਿੰਦੇ ਅਸੀਂ ਤਾਂ ਕਰ ਨੀ ਸਕਦੇ। " ਬਚਿੰਤ ਸਿੰਘ ਨੇ ਗੱਲ ਹੋਰ ਸਪੱਸ਼ਟ ਕੀਤੀ।

"ਭਾਈ ਖਰਚਾ ਤਾਂ ਚਲ ਕਰ ਦੇਈਏ ਜਵਾਕ ਦੇ ਮੂੰਹ ਨੂੰ। ਪਰ ਡਰ ਲੱਗਦੈ ਵੀ ਕਿਤੇ ਸਾਰਾ ਕਰ ਕਰਾ ਕੇ ਵੀ ਹੋਰ ਨਾ ਕੋਈ ਜਾਹ ਜਾਂਦੀ ਹੋ ਜਾਵੇ।" ਕਰਨੈਲ ਦੇ ਘਰ ਵਾਲੀ ਨੇ ਵਿਦੇਸ਼ੀ ਕੁੜੀਆਂ ਵੱਲੋਂ ਮੁੰਡੇ ਵਾਲਿਆਂ ਤੋਂ ਵਿਦੇਸ਼ੀ ਪੜ੍ਹਾਈ ਅਤੇ ਬਾਹਰ ਜਾਣ ਦੇ ਸਾਰੇ ਖਰਚਾ ਕਰਵਾ ਕੇ ਕੀਤੇ ਜਾਣ ਵਾਲੇ ਧੋਖਿਆਂ ਬਾਰੇ ਚਿੰਤਾ ਜ਼ਾਹਰ ਕੀਤੀ।

"ਹੋਰ ਬਚਿੰਤ ਯਾਰ ਡਰ ਬਹੁਤ ਲੱਗਦੈ। ਜਵਾਕਾਂ ਦਾ ਕੀ ਆ। ਵਿਦੇਸ਼ ਜਾ ਕੇ ਬਦਲ ਜਾਂਦੀਆਂ ਨੇ ਸੌਹਰੀਆਂ। ਮਾਪਿਆਂ ਤੇ ਸੌਹਰਿਆਂ ਦੀ ਇੱਜ਼ਤ ਦਾ ਭੋਰਾ ਖਿਆਲ ਨੀ ਕਰਦੀਆਂ। ਪਿੱਛੋ ਕੁਛ ਨੀ ਬਣਦਾ। ਅਨੇਕਾਂ ਕੇਸ ਵਾਪਰੇ ਨੇ ਆਪਣੇ ਨੇੜੇ ਤੇੜੇ ਦੇ ਪਿੰਡਾਂ ਵਿੱਚ ਹੀ। ਨਾਲੇ ਪੈਸੇ ਜਾਂਦੇ ਆ ਨਾਲੇ ਜਵਾਕ ਖੋਣਾ ਪੈਂਦਾ।" ਕਰਨੈਲ ਸਿਹੁੰ ਮੱਥੇ 'ਤੇ ਚਿੰਤਾ ਦੇ ਨਿਸ਼ਾਨ ਉਘਾੜਦਾ ਬੋਲਿਆ।

"ਹੋਰ ਭਾਈ ਬਚਿੰਤ ਤੈਨੂੰ ਤਾਂ ਪਤਾ ਈ ਆ ਅੱਜਕੱਲ ਦੀਆਂ ਕੁੜੀਆਂ ਦਾ। ਵਿਦੇਸ਼ ਦੀ ਹਵਾ 'ਚ ਅਜਿਹਾ ਰੁੜਦੀਆਂ ਨੇ ਵੀ ਮੁੜ ਕੇ ਘਰ ਵਾਲੇ ਦਾ ਤਾਂ ਫੋਨ ਈ ਚੁੱਕਣੋ ਹਟ ਜਾਂਦੀਆਂ ਨੇ। " ਕਰਨੈਲ ਦੀ ਪਤਨੀ ਨੇ ਫ਼ਿਕਰ ਜ਼ਾਹਰ ਕੀਤਾ।

"ਵੇਖ ਕਰਨੈਲ ਸਿੰਹਾਂ ਬਾਕੀ ਤਾਂ ਰਹੀ ਕਰਮਾਂ ਦੀ ਗੱਲ ਪਰ ਮੈਂ ਤਾਂ ਹੁਣ ਅਜਿਹੇ ਰਿਸ਼ਤਿਆਂ ਨੂੰ ਪੂਰ ਚੜ੍ਹਾਉਣ ਲਈ ਪੱਕਾ ਜੂੜ ਪਾਉਨਾ ਭਾਈ। ਕੁੜੀ ਵਾਲਿਆਂ ਤੋਂ ਪਹਿਲਾਂ ਕਿੱਲਾ ਜਮੀਨ ਦਾ ਮੁੰਡੇ ਵਾਲਿਆਂ ਦੇ ਨਾਮ ਲਿਖਾਉਨਾ। ਜੇ ਸਭ ਕੁਝ ਠੀਕ ਠਾਕ ਰਹੇ ਤਾਂ ਦੋਵੇਂ ਧਿਰਾਂ ਵਸਣ ਰਸਣ ਪਰ ਜੇ ਕੁੜੀ ਵਾਲੇ ਪੰਜ ਤਿੰਨ ਕਰਨ ਤਾਂ ਮੁੰਡੇ ਵਾਲੇ ਕਿੱਲਾ ਜਮੀਨ ਦਾ ਸਾਂਭ ਲੈਣਗੇ। ਆਪਾਂ ਵੀ ਐ ਈ ਪੱਕਾ ਜੂੜ ਪਾਵਾਂਗੇ ਅਗਲਿਆ ਦੇ। ਜੇ ਵਿਚਾਰ ਹੋਇਆ ਤਾਂ ਇੱਕ ਦੋ ਦਿਨਾਂ 'ਚ ਫੋਨ ਕਰ ਦਿਓ ਮੈਨੂੰ " ਕਹਿ ਬਚਿੰਤ ਸਿਹੁੰ ਮੋਟਰਸਾਈਕਲ ਦੀ ਕਿੱਕ ਮਾਰ ਤੁਰ ਗਿਆ।

"ਕਿਹੋ ਜਿਹਾ ਚੰਦਰਾ ਸਮਾਂ ਆ ਗਿਆ। ਨਿਭਾਉਣ ਲਈ ਰਿਸ਼ਤਿਆਂ ਨੂੰ ਮੋਹ ਮੁਹੱਬਤ ਦੀਆਂ ਤੰਦਾਂ ਪਾਉਣ ਦੀ ਬਜਾਏ ਪੱਕੇ ਜੂੜ ਪਾਉਣੇ ਪੈ ਰਹੇ ਨੇ।" ਸੋਚਦੇ ਕਰਨੈਲ ਸਿੰਘ ਨੇ ਪਤਨੀ ਨੂੰ ਚਾਹ ਦੀ ਘੁੱਟ ਹੋਰ ਬਣਾਉਣ ਲਈ ਆਵਾਜ਼ ਮਾਰੀ, "ਸਰਦਾਰਨੀਏ ਆਹ ਚਾਹ ਦੀ ਘੁੱਟ ਹੋਰ ਬਣਾ ਕਰੜੀ ਜਿਹੀ। ਸੋਚ ਸੋਚ ਕੇ ਮੇਰਾ ਤਾਂ ਸਿਰ ਪਾਟਣ ਆਲਾ ਹੋ ਗਿਆ।"

-o-

**ਕਾਕੇ ਦੀ ਫੋਟੋ/ ਡਾ. ਸਾਧੂ ਰਾਮ ਲੰਗੇਆਣਾ**

ਗੱਪੂ ਟੇਸ਼ਨ ਵਾਲੇ ਕੌਲੀਚੱਟ ਬਾਬੇ ਦੀਆਂ ਅੰਧ-ਵਿਸ਼ਵਾਸੀ ਗੱਲਾਂ ਉਪਰ ਵਿਸ਼ਵਾਸ ਕਰਦਿਆਂ ਦੋ ਮਾਸੂਮ ਧੀਆਂ ਦੀ ਮਾਂ 'ਬਲਬੀਰੋ' ਨੇ ਅਗਲੇ ਭਵਿੱਖ ਵਿੱਚ ਪੁੱਤਰ ਜੰਮਣ ਦੀ ਝਾਕ ਨੂੰ ਮੁੱਖ ਰੱਖ ਅੱਜ ਆਪਣੇ ਬੈੱਡਰੂਮ ਵਿੱਚ ਇੱਕ ਨੰਗ-ਧੜੰਗੇ ਨੰਨ੍ਹੇ ਮੁੰਨੇ ਜਿਹੇ ਕਾਕੇ ਦੀ ਫੋਟੋ (ਮਤਲਬ ਲੜਕੇ ਦੀ ਫੋਟੋ) ਵਾਲੇ ਕੈਲੰਡਰ ਨੂੰ ਉੱਚਾ ਅਤੇ ਆਪਣੇ ਬੈੱਡਾ ਦੇ ਸਾਹਮਣੇ ਕਰਕੇ

ਕੰਧ ਉਪਰ ਟੰਗ ਦਿੱਤਾ ਸੀ ਅਤੇ ਉਹ ਬੈੱਡਾ ਉਪਰ ਬੈਠੀ ਹੋਈ 6 ਕੁ ਮਹੀਨੇ ਦੀ ਛੋਟੀ ਬੇਟੀ ਨੂੰ ਆਪਣੀ ਛਾਤੀ ਚੋਂ ਦੁੱਧ ਚੁੰਘਾ ਰਹੀ ਸੀ। ਤਦ ਉਸਦੀ 5 ਕੁ ਸਾਲ ਦੀ ਵੱਡੀ ਬੇਟੀ 'ਰਜਨੀ' ਵੀ ਸਕੂਲੋਂ ਪੜ੍ਹ ਕੇ ਜਿਉਂ ਹੀ ਕਮਰੇ ਅੰਦਰ ਆਈ ਤਾਂ ਉਹ ਮਾਂ ਦੇ ਬਰਾਬਰ ਬੈਠ ਨਾਲੇ ਚਾਹ ਪੀਂਦੀ ਰਹੀ ਨਾਲੋਂ- ਨਾਲ ਕਾਫ਼ੀ ਦੇਰ ਤੱਕ ਚੁੱਪ ਚਾਪ ਕਾਕੇ ਵਾਲੀ ਫੋਟੋ ਨੂੰ ਨਿਹਾਰਦੀ ਰਹੀ। ਚਾਹ ਪੀਣ ਉਪਰੰਤ ਉਹ ਰੋਜਾਨਾ ਵਾਂਗ ਆਪਣੀ ਮਾਂ ਕੋਲੋਂ ਦਸ ਰੁਪਏ ਦਾ ਨੋਟ ਲੈ ਕੇ ਮਿੰਟੂ ਕਰਿਆਨੇ ਵਾਲੇ ਦੀ ਦੁਕਾਨ 'ਤੇ ਪਹੁੰਚ ਅੱਜ ਉਹ ਕੁਰਕੁਰੇ ਦਾ ਲਿਫ਼ਾਫਾ ਲੈਣ ਦੀ ਬਜਾਏ ਆਪਣੀ ਇੱਛਾ ਅਨੁਸਾਰ ਫੋਟੋ ਵਾਲੇ ਕੈਲੰਡਰ ਦੀ ਮੰਗ ਕਰਨ ਲੱਗੀ। ਦੁਕਾਨਦਾਰ ਵੱਲੋਂ ਜਵਾਬ ਮਿਲਣ ਤੇ ਉਹ ਉਦਾਸ ਹੋ ਦੁਬਾਰਾ ਫਿਰ ਬੈੱਡਾ ਉਪਰ ਜਾ ਬੈਠੀ ਸੀ। ਅੱਜ ਕੁਰਕੁਰੇ ਨਾਂ ਲਿਆਉਣ ਬਾਰੇ ਮਾਂ ਵੱਲੋਂ ਪੁੱਛੇ ਗਏ ਸਵਾਲ ਦਾ ਵੀ ਉਸ ਨੇ ਕੋਈ ਢੁੱਕਵਾਂ ਜਵਾਬ ਨਹੀਂ ਸੀ ਦਿੱਤਾ।

ਹੁਣ ਉਹ ਚੁੱਪ- ਚਾਪ ਸਕੂਲ ਦਾ ਕੰਮ ਕਰੀ ਰਹੀ ਸੀ। ਮਾਂ ਨੇ ਛੋਟੀ ਮਾਸੂਮ ਬੇਟੀ ਨੂੰ ਰਜਨੀ ਕੋਲ ਬੈੱਡਾ ਉਪਰ ਲਿਟਾ ਕੇ ਸ਼ਾਮ ਦੀ ਰੋਟੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਕੁਝ ਚਿਰ ਬਾਅਦ ਕੈਲਾਸ਼ ਆਪਣੀ ਧੀ ਕੋਲ ਆ ਕੇ ਕਹਿਣ ਲੱਗੀ 'ਪੁੱਤ ਪਰ੍ਹੇ ਨੂੰ ਫਟਾਫਟ ਪਾਸਾ ਮਾਰ.. ਆਪਾਂ ਦੋਵੇਂ ਮਾਂਵਾਂ-ਧੀਆਂ ਗਰਮ-ਗਰਮ ਰੋਟੀ ਖਾਅ ਲਈਏ। ਫੇਰ ਜਦੋਂ ਤੇਰੇ ਡੈਡੀ ਜੀ ਆ ਗਏ ਉਦੋਂ ਮੈਂ ਉਨ੍ਹਾਂ ਨੂੰ ਗਰਮ-ਗਰਮ ਰੋਟੀ ਪਕਾ ਦੇਵਾਂਗੀ।'

ਦੋਵੇਂ ਮਾਂਵਾਂ-ਧੀਆਂ ਜਦੋਂ ਰੋਟੀ ਖਾਅ ਰਹੀਆਂ ਸਨ। ਤਾਂ ਬਲਬੀਰੋ ਦੀ ਨਿਗ੍ਹਾ ਜਿਉਂ ਹੀ ਕਾਕੇ ਦੀ ਫੋਟੋ ਵੱਲ ਨੂੰ ਵੱਜੀ ਤਾਂ ਉਸ ਦੇ ਮੂੰਹ ਵਿੱਚ ਪਾਈ ਬੁਰਕੀ ਇੱਕਦਮ ਫੁੱਲ ਕੇ ਸੰਘ ਵਿੱਚ ਫਸ ਗਈ ਸੀ। ਕਿਉਂਕਿ ਕਾਕੇ ਦੀ ਫੋਟੋ ਦੇ ਹੇਠਾਂ ਡਰਾਇੰਗ ਕਾਪੀ ਦੇ ਪੇਜ ਉਪਰ ਬਣੀਂ ਹੋਈ ਇੱਕ ਹੋਰ ਬੱਚੇ ਦੀ ਫੋਟੋ ਲੱਗੀ ਹੋਈ ਸੀ। ਜਿਸ ਫੋਟੋ ਹੇਠਾਂ ਲਿਖਿਆ ਹੋਇਆ ਸੀ। ਚਿਤਰਕਾਰ... ਰਜਨੀ, ਜਮਾਤ ਪਹਿਲੀ, ਸਕੂਲ...! ਅਤੇ ਇਹ ਫੋਟੋ ਇੱਕ ਲੜਕੀ ਦੀ ਸੀ। ਉਸਦੇ ਸਿਰ ਤੇ ਵਾਲਾਂ ਦੀਆਂ ਨਿੱਕੀਆਂ-ਨਿੱਕੀਆਂ ਮੀਡੀਆ ਕੀਤੀਆਂ ਹੋਈਆਂ ਸਨ ਅਤੇ ਦੋਵੇਂ ਬਾਹਾਂ ਵਿੱਚ ਦੋ ਕਾਲੇ ਰੰਗ ਦੀਆਂ ਚੂੜੀਆਂ ਪਾਈਆਂ ਹੋਈਆਂ ਸਨ ਪਰ ਜਿਸਦਾ ਬਾਕੀ ਸਰੀਰ ਬਿਲਕੁਲ ਤਾਂ ਨੰਗਾ ਸੀ। ਪ੍ਰੰਤੂ ਉਸਦੇ ਤੇੜ ਕੱਛੀ ਜਰੂਰ ਪਾਈ ਹੋਈ ਸੀ।

ਫੋਟੋ ਤੱਕਦਿਆਂ- ਤੱਕਦਿਆਂ ਹੀ ਬਲਬੀਰੋ ਫਟਾਫਟ ਬੈੱਡਾ ਉਪਰ ਖੜੀ ਹੋਈ ਅਤੇ ਉਸ ਨੇ ਸਿਰਫ਼ ਇਕੱਲੀ ਕਾਕੇ ਦੀ ਫੋਟੋ ਨੂੰ ਉਤਾਰ ਕੇ ਕੀਚਰ-ਕੀਚਰ ਕਰ ਦਿੱਤਾ ਅਤੇ ਆਪਣੀਆਂ ਦੋਵੇਂ ਮਾਸੂਮ ਬੇਟੀਆਂ ਨੂੰ ਘੁੱਟ ਕੇ ਕਲਾਵੇ ਵਿੱਚ ਲੈਂਦਿਆਂ ਛਾਤੀ ਨਾਲ ਲਗਾ ਲਿਆ ਸੀ।

-o-

**ਵੀਰ / ਸਰਵਨ ਸਿੰਘ ਪਤੰਗ**

ਕੈਪਟਨ ਹਰਜੀਤ ਸਿੰਘ ਦੀ ਪਿਛਲੇ ਦਿਨੀਂ ਐਕਸੀਡੈਂਟ ਵਿਚ ਮੌਤ ਹੋ ਗਈ ਸੀ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਤੋਂ ਬਾਦ ਪਰਿਵਾਰ, ਰਿਸ਼ਤੇਦਾਰ ਤੇ ਪਿੰਡ ਦੇ ਪਤਵੰਤੇ ਲੋਕ ਇੱਕਠੇ ਹੋਏ। ਬੈਂਕ ਵਿਚ ਫ਼ੀਲਡ ਅਫ਼ਸਰ ਲੱਗੀ, ਕੈਪਟਨ ਦੀ ਵਿਧਵਾ ਪਤਨੀ ਮਨਜੀਤ ਸਫੈਦ ਕੱਪੜੇ ਪਾਈ ਗੁੰਮਸੁੰਮ ਬੈਠੀ ਸੀ। ਉਸਨੂੰ ਪਤਾ ਸੀ ਕਿ ਇਹ ਇੱਕਠ ਕਿਸ ਲਈ ਹੋਇਆ ਹੈ। ਉਹ ਚਾਹੁੰਦੀ ਤਾਂ ਆਪਣੇ ਭਵਿੱਖ ਸਬੰਧੀ ਫੈਸਲਾ ਆਪ ਕਰ ਸਕਦੀ ਸੀ। ਪਰ ਹਰਜੀਤ ਦੇ ਪਰਿਵਾਰ ਨੇ ਉਸ ਨੂੰ ਬਹੁਤ ਸਤਿਕਾਰ ਦਿੱਤਾ ਸੀ। ਉਸ ਨੂੰ ਧਿਆਨ ਵਿਚ ਰੱਖਕੇ ਉਸਨੇ ਫੈਸਲਾ ਪਰਿਵਾਰ ਉੱਤੇ ਛੱਡ ਦਿੱਤਾ ਸੀ।

ਮਨਜੀਤ ਦੀਆਂ ਨਨਾਣਾਂ ਕਈ ਦਿਨਾਂ ਤੋਂ ਉਸ ਨੂੰ ਆਪਣੇ ਵੱਡੇ ਵੀਰ ਗੁਰਨਾਮ ਸਿੰਘ ਦੇ ਘਰ ਬਹਿ ਜਾਣ ਲਈ ਜੋਰ ਪਾ ਰਹੀਆਂ ਸਨ। ਗੁਰਨਾਮ ਸਿੰਘ ਸਕੂਲ ਵਿਚ ਅਧਿਆਪਕ ਸੀ ਤੇ ਸ਼ਾਦੀਸ਼ੁਦਾ ਸੀ। ਗੁਰਨਾਮ ਦੀ ਪਤਨੀ ਦੀ ਰਜ਼ਾਮੰਦੀ ਤੋਂ ਬਾਦ ਫੈਸਲਾ ਹੋਇਆ ਕਿ ਮਨਜੀਤ ਆਪਣੇ ਜੇਠ ਗੁਰਨਾਮ ਸਿੰਘ ਦੇ ਘਰ ਬੈਠ ਜਾਵੇ।

ਪਰ ਗੁਰਨਾਮ ਫੈਸਲੇ ਨਾਲ ਸਹਿਮਤ ਨਹੀਂ ਸੀ। ਉਹ ਬੋਲਿਆ, " ਜਿਹੜੀ ਮਨਜੀਤ ਪਿਛਲੇ ਪੰਜ ਵਰ੍ਹਿਆਂ ਤੋਂ ਮੈਨੂੰ 'ਵੀਰ ਜੀ-ਵੀਰ ਜੀ' ਕਹਿੰਦੀ ਆ ਰਹੀ ਐ, ਉਹ ਤਾਂ ਮੇਰੇ ਲਈ ਭੈਣਾਂ ਵਰਗੀ ਐਮੈਂ ਕਿਸ ਤਰ੍ਹਾਂ ਅੱਜ ਉਹਨੂ ਆਪਣੀ ਪਤਨੀ

ਮੰਨ ਲਵਾਂ?"

ਉਸਦੀ ਗੱਲ ਸੁਣ ਸਭ ਹੈਰਾਨ ਸਨ। ਉਹਨਾਂ ਨੂੰ ਕੋਈ ਜਵਾਬ ਨਹੀਂ ਸੀ ਸੁੱਝ ਰਿਹਾ।

ਤਦ ਗੁਰਨਾਮ ਫਿਰ ਬੋਲਿਆ, "ਹਰਜੀਤ ਦੇ ਮਿੱਤਰ ਕੈਪਟਨ ਗੁਰਜੀਤ ਸਿੰਘ ਨੂੰ ਅਸੀਂ ਸਭ ਚੰਗੀ ਤਰ੍ਹਾਂ ਜਾਣਦੇ ਆਂ। ਉਹ ਅਜੇ ਕੁਆਰੇ ਹਨ। ਜੇਕਰ ਮਨਜੀਤ ਨੂੰ ਮਨਜ਼ੂਰ ਹੋਵੇ ਤਾਂ ਉਹ ਇਸ ਨਾਲ ਵਿਆਹ ਕਰਾਉਣ ਲਈ ਤਿਆਰ ਹਨ।"

ਗੁਰਨਾਮ ਨੇ ਆਪਣੀ ਭੈਣ ਦੀ ਤਰ੍ਹਾਂ ਮਨਜੀਤ ਨੂੰ ਗੁਰਜੀਤ ਸਿੰਘ ਦੇ ਲੜ ਲਾ ਦਿੱਤਾ।

-o-

## ਸੰਤੁਸ਼ਟੀ / ਸੁਖਵੰਤ ਮਰਵਾਹਾ

ਦਰੱਖਤ ਦੀ ਛਾਂ ਹੇਠ ਲੇਟ ਕੇ ਖਰਬੂਜੇ ਵੇਚ ਰਹੇ ਬਜ਼ੁਰਗ ਨੂੰ ਇਕ ਆਦਮੀ ਨੇ ਪੁੱਛਿਆ, "ਖਰਬੂਜੇ ਕਿਸ ਭਾਅ ਵੇਚੇ ਜਾ ਰਹੇ ਨੇ?"

ਬਜ਼ੁਰਗ ਨੇ ਲੇਟਿਆਂ ਹੀ ਉੱਤਰ ਦਿੱਤਾ, "ਪੰਜਾਹ ਪੈਸੇ ਦਾ ਇਕ ਐ, ਕੋਈ ਲੈ ਲਓ।"

ਉਹ ਆਦਮੀ ਬਹੁਤ ਹੈਰਾਨ ਹੋਇਆ। ਉਸ ਨੇ ਬਜ਼ੁਰਗ ਨੂੰ ਕਿਹਾ, "ਤੁਹਾਨੂੰ ਇਕ ਸਲਾਹ ਦਿਆਂ। ਤੁਸੀਂ ਖਰਬੂਜੇ ਬੈਠ ਕੇ ਵੇਚਿਆ ਕਰੋ।"

ਬਜ਼ੁਰਗ ਨੇ ਪੁੱਛਿਆ, "ਬੈਠ ਕੇ ਖਰਬੂਜੇ ਵੇਚਣ ਨਾਲ ਕੀ ਹੋਏਗਾ?"

ਆਦਮੀ ਬੋਲਿਆ, "ਬੈਠ ਕੇ ਖਰਬੂਜੇ ਧਿਆਨ ਨਾਲ ਵੇਚੋ ਤਾਂ ਇਨ੍ਹਾਂ ਵਿੱਚੋਂ ਕੁਝ ਇਕ ਰੁਪਏ ਦੇ ਤੇ ਕੁਝ ਇਸ ਤੋਂ ਵੀ ਵੱਧ ਦੇ ਵਿਕ ਸਕਦੇ ਹਨ। ਇਸ ਤਰ੍ਹਾਂ ਤੁਸੀਂ ਰੋਜ਼ ਬਹੁਤ ਪੈਸੇ ਕਮਾ ਸਕਦੇ ਹੋ ਤੇ ਇੱਥੇ ਇਕ ਪੱਕੀ ਦੁਕਾਨ ਖੜੀ ਕਰਨ ਦੇ ਯੋਗ ਹੋ ਸਕਦੇ ਹੋ।"

"ਗੱਲ ਤਾਂ ਤੇਰੀ ਠੀਕ ਐ। ਪਰ ਦੁਕਾਨ 'ਚ ਮੈਂ ਕੀ ਕਰਾਂਗਾ?"

"ਦੁਕਾਨ 'ਚ ਬਹਿ ਕੇ ਤੁਸੀਂ ਆਰਾਮ ਨਾਲ ਖਰਬੂਜੇ ਵੇਚ ਸਕੋਗੇ।"

ਬਜ਼ੁਰਗ ਕੁਝ ਦੇਰ ਉਸ ਆਦਮੀ ਦੇ ਚਿਹਰੇ ਵੱਲ ਵੇਖਦਾ ਰਿਹਾ ਤੇ ਫਿਰ ਬੋਲਿਆ, "ਫਿਰ ਆਰਾਮ ਕਿੱਥੇ ਰਹਿਣੈ। ਆਰਾਮ ਨਾਲ ਤਾਂ ਮੈਂ ਹੁਣ ਖਰਬੂਜੇ ਵੇਚ ਰਿਹੈਂ।"

-o-

## ਅਨੁਸ਼ਾਸਨ / ਰਮੇਸ਼ ਤਾਂਗੜੀ

ਸਕੂਲ ਦੇ ਅੱਧ ਤੋਂ ਵੱਧ ਵਿਦਿਆਰਥੀ ਅੱਜ ਸਵੇਰ ਤੋਂ ਹੀ ਗੈਰ-ਹਾਜ਼ਰ ਸਨ। ਕੁਝ ਹੋਰ ਅੱਧੀ ਛੁੱਟੀ ਤੋਂ ਬਾਅਦ ਨਾ ਆਏ। ਹੁਣ ਬਹੁਤ ਘੱਟ ਬੱਚੇ ਹੀ ਬਾਕੀ ਰਹਿ ਗਏ ਸਨ।

ਵਿਹਲੇ ਹੋਏ ਮਾਸਟਰ ਕੁਰਸੀਆਂ ਜੋੜ ਕੇ ਬਾਹਰ ਦਰੱਖਤਾਂ ਹੇਠ ਗੱਪਾਂ ਮਾਰਨ ਲੱਗੇ ਸਨ।

"ਯਾਰ ਆਹ ਜੁਆਕਾਂ ਨੇ ਬੜਾ ਲਹੂ ਪੀਤੈ ਚੌਥੇ ਕੁ ਦਿਨ ਅੱਧੀ ਛੁੱਟੀ ਮਨਾ ਲੈਂਦੇ ਐਕੋਈ ਅਨੁਸ਼ਾਸਨ ਹੀ ਨਹੀਂ ਰਿਹਾ।" ਸਾਇੰਸ ਮਾਸਟਰ ਨੇ ਜਿਵੇਂ ਭੜਾਸ ਕੱਢੀ।

"ਹਾਂ ਯਾਰ ਇੱਕ ਤਾਂ ਸਰਕਾਰ ਪਹਿਲਾਂ ਈ ਬਥੇਰੀਆਂ ਛੁੱਟੀਆਂ ਕਰਦੀ ਐ ਤੇ ਦੂਜਾ ਆਹ ਕਲਾਕਾਰ ਜੇ ਰੋਜ ਕਿਤੇ ਨਾ ਕਿਤੇ 'ਖਾੜੇ ਲਾਈ ਰੱਖਦੇ ਨੇ।"

"ਭੱਠਾ ਬਹਿ ਗਿਆ ਪੜ੍ਹਾਈ ਦਾ ਤੇ ਨਾ ਰਿਹੈ ਅਨੁਸ਼ਾਸਨ।" ਡੀ.ਐਮ. ਨੇ ਦੂਜੇ ਦੀ ਹਾਂ ਵਿੱਚ ਹਾਂ ਮਿਲਾਈ। ਇਸ ਦੌਰਾਨ ਸੇਵਾਦਾਰ ਪ੍ਰਿੰਸੀਪਲ ਦਾ ਹੁਕਮ ਲਈ ਮਾਸਟਰਾਂ ਕੋਲ ਆ ਗਿਆ ਸੀ।

"ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੀ ਹਾਜਰੀ ਲਗਾ ਕੇ ਗੈਰ-ਹਾਜਰਾਂ ਦੇ ਰੋਲ ਨੰਬਰ ਦਫਤਰ ਭੇਜੇ ਜਾਣ।" ਐਸ.ਐਲ.ਏ. ਨੇ ਹੁਕਮ ਸਾਰਿਆਂ ਨੂੰ ਪੜ੍ਹ ਕੇ ਸੁਣਾਇਆ।

"ਲੈ ਮੱਲੋ ਭੇਜਤਾ ਹੁਕਮਬਸ ਹੁਣ ਸਾਰਿਆਂ ਨੂੰ ਫਾਹੇ ਲਾ ਕੇ ਹਟੂ ਜਾਗ ਪਿਆ ਅਨੁਸ਼ਾਸਨ।" ਪੰਜਾਬੀ ਮਾਸਟਰ ਨੇ ਪ੍ਰਿੰਸੀਪਲ ਤੇ ਟਕੋਰ ਕੀਤੀ।

ਫਿਰ ਹਾਜਰ ਵਿਦਿਆਰਥੀ ਮਾਸਟਰਾਂ ਨੂੰ ਆਖ ਰਹੇ ਸਨ, "ਸਰ ਸਾਰੇ ਭੱਜਗੇ।"

"ਹਾਂ ਸਰ, ਅਸੀਂ ਵੀ ਦਸ ਕੁ ਰਹਿ ਗਈਆਂ ਤੇ ਨਾ ਹੀ ਸਵੇਰ ਦਾ ਕੋਈ ਪੀਰੀਅਡ ਲੱਗਿਐ ਸਰ ਸਾਨੂੰ ਵੀ ਭੇਜ ਦਿਓ!"

ਲੜਕੀਆਂ ਨੇ ਵੀ ਮੰਗ ਕੀਤੀ।

"ਇੰਜ ਕਿਵੇਂ ਹੋ ਸਕਦੈ। ਅਸੀਂ ਕਿਵੇਂ ਤੋੜ ਸਕਦੇ ਹਾਂ ਅਨੁਸ਼ਾਸਨ" ਡੀ.ਪੀ. ਮਾਸਟਰ ਧੌਣਾ ਸਿੰਘ ਨੇ ਰੋਅਬ ਛਾਂਟਿਆ।

ਸਹਿਮੇ ਬੱਚੇ ਤੁਰਨ ਲੱਗੇ ਤਾਂ ਸਕੂਲ ਦੇ ਇੱਕ ਪ੍ਰਭਾਵੀ ਮਾਸਟਰ ਨੇ ਉਹਨਾਂ ਨੂੰ ਹੌਲੀ ਦੇਣੇ ਕਿਹਾ, "ਓ ਭਾਈ ਇਹ ਗੱਲਾਂ ਆਏਂ ਨੀ ਪੁੱਛਿਆ ਕਰਦੇ ਅਸੀਂ ਆਪਣੇ ਮੂੰਹੋਂ ਇਹ ਖੁੱਲ੍ਹੇ ਐਲਾਨ ਕਿਵੇਂ ਅੱਛਾ ਜੇ ਜਾਣੈਂ ਤਾਂ ਜਰਾ ਅੱਖ ਬਚਾ ਕੇਦੋ-ਦੋ, ਚਾਰ-ਚਾਰ ਦੀਆਂ ਟੋਲੀਆਂ 'ਚ ਚੁੱਪਚਾਪ ਗੇਟ ਲੰਘ ਜਾਓ।"

ਬੱਚੇ ਹੌਲੀ ਦੇਣੇ ਸਕੂਲੋਂ ਖਿਸਕਣ ਲੱਗੇ। ਮਾਸਟਰਾਂ ਨੇ ਕੁਰਸੀਆਂ ਗੇਟ ਤੋਂ ਉਹਲੇ ਕਰ ਲਈਆਂ ਸਨ। ਸਕੂਲ ਖਾਲੀ ਹੋ ਗਿਆ। ਪ੍ਰਿੰਸੀਪਲ ਨੇ ਸਾਰੀਆਂ ਜਮਾਤਾਂ ਦਾ ਚੱਕਰ ਲਗਾਇਆ ਤੇ ਫਿਰ ਉਸਨੇ ਸਕੂਲ ਅਨੁਸ਼ਾਸਨ ਦੇ ਸਬੰਧ ਵਿੱਚ ਆਪਣੇ ਦਫ਼ਤਰ ਸਟਾਫ਼ ਦੀ ਹੰਗਾਮੀ ਮੀਟਿੰਗ ਸੱਦ ਲਈ ਸੀ।

-o-

### ਅਹਿਸਾਸ / ਗੁਰਮੇਲ ਮਡਾਹੜ

ਵਿਆਹ ਤੋਂ ਪਹਿਲਾਂ ਉਹ ਜਦ ਵੀ ਇਕ ਦੂਜੇ ਨੂੰ ਮਿਲਦੇ ਤਾਂ ਜਸਜੀਤ ਵੀਨਾ ਦੇ ਜੂੜੇ ਵਿਚ ਬੜੇ ਪਿਆਰ ਨਾਲ ਫੁੱਲ ਟੰਗਦਾ। ਜਿਸ ਨੂੰ ਉਹ ਕਿੰਨਾ-ਕਿੰਨਾ ਚਿਰ ਪਿਆਰ ਨਾਲ ਪਲੋਸਦੀ ਰਹਿੰਦੀ ਤੇ ਕਹਿੰਦੀ, "ਜਸਜੀਤ. ਮੈਨੂੰ ਇਕ ਪੁੱਤਰ ਦੇ ਦੇ, ਬਿਲਕੁਲ ਤੇਰੇ ਵਰਗੀ ਸ਼ਕਲ ਹੋਵੇ, ਤੇਰੇ ਵਰਗੀ ਅਕਲ।"

"ਫ਼ਿਕਰ ਨਾ ਕਰ, ਤੇਰੀ ਇਹ ਖਾਹਸ਼ ਵੀ ਜਲਦੀ ਹੀ ਪੂਰੀ ਹੋ ਜਾਵੇਗੀ।" ਜਸਜੀਤ ਉੱਤਰ ਦਿੰਦਾ।

ਫਿਰ ਉਹਨਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਬਾਦ ਉਸ ਨੂੰ ਕਈ ਵਾਰ ਮਾਂ ਬਣਨ ਦੀ ਆਸ ਹੋਈ, ਪਰ ਕੁਝ ਸਮਾਂ ਪਾ ਕੇ ਬਿਮਾਰ ਹੋ ਜਾਂਦੀ ਰਹੀ। ਇਸ ਦੌਰਾਨ ਜਸਜੀਤ ਫੁੱਲ-ਵੁੱਲ ਟੰਗਣੇ ਸਭ ਭੁੱਲ ਗਿਆ। ਬੱਸ ਹਰ ਵਕਤ ਉਹਨੂੰ ਵੀਨਾ ਦੀ ਚਿੰਤਾ ਖਾਈ ਜਾਂਦੀ। ਬੜੀ ਨੱਠ-ਭੱਜ ਤੇ ਇਲਾਜ ਲਈ ਕਈ ਡਾਕਟਰ ਬਦਲਣ ਤੋਂ ਬਾਦ ਕਿਤੇ ਜਾ ਕੇ ਉਹ ਸਫਲ ਹੋਏ। ਉਸ ਦੇ ਘਰ ਲੜਕੇ ਨੇ ਜਨਮ ਲਿਆ। ਜਸਜੀਤ ਮਾਰੇ ਖੁਸ਼ੀ ਦੇ ਫੁੱਲਿਆ ਨਹੀਂ ਸੀ ਸਮਾਉਂਦਾ। ਉਸ ਨੇ ਬੱਚੇ ਨੂੰ ਚੁੱਕ ਕੇ ਰੱਜ ਕੇ ਪਿਆਰ ਕੀਤਾ ਤੇ ਫੇਰ ਵੀਨਾ ਨੂੰ ਮੁਬਾਰਕਬਾਦ ਦੇਣ ਤੋਂ ਬਾਦ ਉਸ ਦੇ ਬੈੱਡ ਤੇ ਪਈ ਦੇ ਹੀ ਜੂੜੇ ਵਿਚ ਜਦ ਫੁੱਲ ਟੰਗਣ ਲੱਗਾ ਤਾਂ ਉਹ ਬੋਲੀ, "ਜਸਜੀਤ ਹੁਣ ਮੇਰੇ ਇਹ ਫੁੱਲ ਨਾ ਟੰਗਿਆ ਕਰ।"

"ਕਿਉਂ ? ਹੁਣ ਮੇਰਾ ਫੁੱਲ ਟੰਗਣਾ ਤੈਨੂੰ ਚੰਗਾ ਨਹੀਂ ਲਗਦਾ?"

"ਨਹੀਂ, ਇਹ ਗੱਲ ਨਹੀਂ।"

"ਫੇਰ?"

"ਫੁੱਲ ਤੋੜਨ ਲਈ ਨਹੀਂ, ਦੇਖਣ ਤੇ ਪਿਆਰ ਕਰਨ ਲਈ ਹੁੰਦੇ ਨੇ।"

"ਅੱਛਾ!" ਜਸਜੀਤ ਨੇ ਹੈਰਾਨੀ ਪ੍ਰਗਟ ਕੀਤੀ।

"ਹਾਂ ਕੋਈ ਫੁੱਲ ਕਿੰਨਾ ਔਖਾ ਖਿੜਦੈ, ਇਹ ਇਕ ਮਾਂ ਹੀ ਜਾਣ ਸਕਦੀ ਐਕੋਈ ਹੋਰ ਨਹੀਂ" ਕਹਿ ਕੇ ਵੀਨਾ ਨੇ ਬੇਟੇ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

-o-

### ਬੀਬਾ ਬੰਦਾ / ਅਮ੍ਰਿਤ ਲਾਲ ਮੰਨਣ

ਮੰਨੂ ਦੌੜਦੀ ਹੋਈ ਘਰ ਵਿਚ ਦਾਖਲ ਹੋਈ ਤੇ ਅਵਾਜ ਦਿੱਤੀ, "ਚਾਚੀ ਜੀ, ਬਾਹਰ ਡਾਕੀਆ ਖੜੈ, ਤੁਹਾਡਾ ਅੱਜ ਇਕ ਹੋਰ ਪਾਸਪੋਰਟ ਆਇਐ।"

ਹਰੀਸ਼ ਦੀ ਪਤਨੀ ਪਤੀ ਨੂੰ ਪੁੱਛਣ ਲੱਗੀ, "ਦੱਸੋ ਜੀ, ਡਾਕੀਏ ਨੂੰ ਕਿੰਨੇ ਪੈਸੇ ਦੇਈਏ, ਛੋਟੂ ਦਾ ਪਾਸਪੋਰਟ ਆਇਆ ਹੋਣੈ।"

ਹਰੀਸ਼ ਬੋਲਿਆ, "ਪੰਜਾਹ ਕੁ ਰੁਪਏ ਦੇ ਦੇ, ਅਜੇ ਪਰਸੋਂ ਈ ਤੇਰੇ ਪਾਸਪੋਰਟ ਦੇ ਪੰਜਾਹ ਦਿੱਤੇ ਸੀ।"

ਦੋ ਕੁ ਮਿੰਟ ਮਗਰੋਂ ਪਤਨੀ ਵਾਪਸ ਆ ਗਈ। ਆਪਣੇ ਦਿੱਲੀ ਵਾਲੇ ਪੋਤਰੇ ਦਾ ਪਾਸਪੋਰਟ ਉਸਨੂੰ ਫੜਾ ਕਹਿਣ ਲੱਗੀ, "ਆਹ ਲਓ ਜੀ ਪੰਜਾਹ ਰੁਪਏ ਵੀ ਨਹੀਂ ਲਏ ਉਸਨੇ।"

ਸਤੀਸ਼ ਇਕਦਮ ਭੜਕ ਉੱਠਿਆ, "ਨਹੀਂ ਲਏ ਉਸ ਨੇ! ਹੋਰ ਮੱਝ ਖੋਲ੍ਹ ਦੇਈਏ। ਡਿਊਟੀ ਕਰਦੇ ਐ , ਸਾਡੇ ਸਿਰ ਅਹਿਸਾਨ ਨਹੀਂ ਕਰਦੇ।" ਸਤੀਸ਼ ਇੱਕੋ ਸਾਹੇ ਬੋਲ ਗਿਆ।

ਉਸਦੀ ਪਤਨੀ ਬੋਲੀ, "ਗੱਲ ਤਾਂ ਸੁਣ ਲਓ ਜੀ ਪੂਰੀ,

ਵਿਹਲੇ ਲੜਨ ਲਈ ਤਿਆਰ ਰਹਿੰਦੇ ਓ। ਡਾਕੀਆ ਕਹਿੰਦਾ 'ਉਸਨੂੰ ਸਾਡੇ ਪੁੱਤਰ ਤੇ ਪੋਤਰੇ ਦੇ ਨਾਵਾਂ ਦਾ ਪਤਾ ਨਹੀਂ ਸੀ ਤੇ ਅਡਰੈੱਸ ਅਧੂਰਾ ਹੋਣ ਕਰਕੇ ਉਹ ਦੋ ਦਿਨ ਇੱਧਰ-ਉੱਧਰ ਪੁੱਛਦਾ ਰਿਹਾ। ਅੱਜ ਪਤਾ ਲੱਗਾ ਕਿ ਇਹ ਪਾਸਪੋਰਟ ਸਾਡੇ ਪੋਤਰੇ ਦਾ ਹੈ'।"

"ਅੱਛਾ! ਫਿਰ ਸੌ ਰੁਪਏ ਦੇ ਦੇ ਉਹਦੀ ਖੱਜਲ-ਖੁਆਰੀ ਦੇ।" ਸਤੀਸ਼ ਬੋਲਿਆ।

"ਬੀਬਾ ਬੰਦਾ ਐ ਜੀ, ਵਧਾਈ ਨਹੀਂ ਲਈ ਉਹਨੇ। ਕਹਿੰਦਾ 'ਪਰਸੋਂ ਵੀ ਤੁਸੀਂ ਬਦੋ-ਬਦੀ ਪੰਜਾਹ ਰੁਪਏ ਦੇ ਦਿੱਤੇ ਸੀ, ਡਾਕ ਵੰਡਣਾ ਤਾਂ ਸਾਡੀ ਡਿਊਟੀ ਐ, ਕੋਈ ਅਹਿਸਾਨ ਨਹੀਂ'।"

-o-

**ਪਿੰਡ ਦੀ ਧੀ / ਸੇਵਾ ਸਿੰਘ ਕੋਹਲੀ**

ਇਸ ਵਾਰ ਜਦੋਂ ਮੈਂ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ ਦਾ ਜੱਥਾ ਬਣਾਇਆ ਤਾਂ ਪ੍ਰੀਤਮ ਸਿੰਘ ਮੇਰੇ ਨਾਲ ਸੀ। ਪੰਜਾ ਸਾਹਿਬ, ਨਨਕਾਣਾ ਸਾਹਿਬ ਤੇ ਪਾਕਿਸਤਾਨ ਵਿਚਲੇ ਹੋਰ ਗੁਰਧਾਮਾਂ ਦੀ ਯਾਤਰਾ ਕਰਕੇ ਜਦੋਂ ਅਸੀਂ ਲਾਹੌਰ ਪੁੱਜੇ ਤਾਂ ਪ੍ਰੀਤਮ ਸਿੰਘ ਨੇ ਮੈਨੂੰ ਇਕ ਪਾਸੇ ਬੁਲਾ ਕੇ ਕਿਹਾ"ਕੋਹਲੀ ਸਾਹਿਬ, ਮੇਰੀ ਯਾਤਰਾ ਤਾਂ ਹਾਲੇ ਅਧੂਰੀ ਹੈ, ਇਹ ਤਾਹੀਓਂ ਪੂਰੀ ਹੋਵੇਗੀ ਜੇਕਰ ਤੁਸੀਂ ਮੈਨੂੰ ਮੇਰਾ ਜੱਦੀ ਪਿੰਡ ਕੋਟਲਾ ਸੁਜਾਨ ਸਿੰਘ ਦਿਖਾ ਦਿਓ।"

ਮਿੰਨਤ-ਤਰਲਾ ਕਰਕੇ ਅਸੀਂ ਪੁਲੀਸ ਤੋਂ ਇਜਾਜਤ ਲਈ। ਸੜਕਾਂ ਦਾ ਨਕਸ਼ਾ ਲੈ ਕੇ ਰਾਹ ਉਲੀਕਿਆ ਤੇ ਅਗਲੀ ਸਵੇਰ ਹੋਰ ਜਿਹੜੇ ਵੀ ਜੱਥੇ 'ਚੋਂ ਤਿਆਰ ਹੋਏ, ਉਨ੍ਹਾਂ ਨਾਲ ਚੱਲਣ ਦਾ ਪ੍ਰੋਗਰਾਮ ਬਣਾਇਆ।

ਸਵੇਰੇ ਦਸ ਕੁ ਵਜੇ ਪੁੱਜੇ ਤਾਂ ਪਿੰਡ ਵੜਦਿਆਂ ਹੀ ਇਕ ਨੌਜਵਾਨ ਮਿਲਿਆ। ਪਹਿਲਾਂ ਤਾਂ ਉਹ ਕਈ ਸਾਰੇ ਪੱਗਾਂ ਵਾਲੇ ਸਿੱਖ ਵੇਖ ਕੇ ਠਠੰਬਰ ਜਿਹਾ ਗਿਆ, ਪਰ ਸਾਡੇ ਪਾਕਿਸਤਾਨੀ ਡਰਾਈਵਰ ਨੇ ਉਸਨੂੰ ਤਸੱਲੀ ਦਿੱਤੀ ਤੇ ਨੰਬਰਦਾਰ ਦਾ ਘਰ ਪੁੱਛਿਆ।

ਇਕ ਉੱਚੇ ਚੁਬਾਰੇ ਵੱਲ ਇਸ਼ਾਰਾ ਕਰਕੇ ਉਸਨੇ ਦੱਸਿਆ ਕਿ ਉਹ ਸੀਮੇ ਨੰਬਰਦਾਰ ਦਾ ਘਰ ਹੈ। ਸੀਮਾ ਪ੍ਰੀਤਮ ਸਿੰਘ ਦਾ ਪੁਰਾਨਾ ਬੇਲੀ ਸੀ ਤੇ ਸਬੱਬ ਨਾਲ ਉਹ ਘਰੇ ਸੀ। ਇਕ ਦੂਜੇ ਨੂੰ ਦੇਖਦਿਆਂ ਹੀ ਉਹਨਾਂ ਨੇ ਪਹਿਚਾਣ ਲਿਆ ਤੇ ਗਲੇ ਲੱਗ ਕੇ ਘੁੱਟ-ਘੁੱਟ ਜੱਫੀਆਂ ਪਾ ਕੇ ਮਿਲੇ। ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ, ਲੀਡਰਾਂ ਨੂੰ ਰੱਜ-ਰੱਜ ਕੇ ਕੋਸਿਆ, ਜਿਨ੍ਹਾਂ ਨੇ ਆਪਣੀਆਂ ਗੱਦੀਆਂ ਦੇ ਲਾਲਚ ਵਿਚ ਦੇਸ਼ ਦੀਆਂ ਵੰਡੀਆਂ ਪਾਈਆਂ।

ਸਾਡੇ ਆਉਣ ਦੀ ਖਬਰ ਪਿੰਡ ਵਿਚ ਜੰਗਲ ਦੀ ਅੱਗ ਵਾਂਗੂੰ ਫੈਲ ਗਈ। ਸਾਰਾ ਪਿੰਡ ਇਕੱਠਾ ਹੋ ਗਿਆ ਉਲ੍ਹਾਮਾ ਇਹ ਸੀ ਕਿ ਅਸੀਂ ਉਹਨਾਂ ਨੂੰ ਪਿੰਡ ਆਉਣ ਦੀ ਅਗਾਊ ਕਿਉਂ ਨਾ ਖਬਰ ਕੀਤੀ। ਉਹਨਾਂ ਦੀ ਤਮੰਨਾ ਸੀ ਕਿ ਫੁੱਲਾਂ ਦੇ ਹਾਰਾਂ ਨਾਲ ਸਾਡਾ ਸਵਾਗਤ ਕਰਦੇ।

ਵਿਦਾ ਹੋਣ ਤੋਂ ਪਹਿਲਾਂ, ਪ੍ਰੀਤਮ ਸਿੰਘ ਨੇ ਜੱਥੇ ਨਾਲ ਆਏ ਹੋਰ ਸੱਜਨਾਂ ਦੀ ਜਾਣ-ਪਹਿਚਾਣ ਕਰਵਾਣੀ ਸ਼ੁਰੂ ਕੀਤੀਇਕ ਬੀਬੀ ਵੱਲ ਇਸ਼ਾਰਾ ਕਰਕੇ ਉਸ ਕਿਹਾ, "ਇਹ ਜੌੜੇ ਖੂਹ ਵਾਲੇ ਸਰਦਾਰਾ ਸਿੰਘ ਦੀ ਧੀ ਹੈ। ਬਟਵਾਰੇ ਤੋਂ ਦੋ ਦਿਨ ਪਹਿਲਾਂ ਹੀ ਇਸਦਾ ਵਿਆਹ ਹੋਇਆ ਸੀ, ਇਸ ਦੀ ਡੋਲੀ ਟੁਰੀ ਤੇ ਫਸਾਦ ਸ਼ੁਰੂ ਹੋ ਗਏ। ਸਮਝੋ ਕਿ ਇਹ ਵਿਆਹ ਤੋਂ ਬਾਅਦ ਪਹਿਲੀ ਫੇਰੀ ਹੀ ਪਿੰਡ ਆਈ ਹੈ।"

ਸੀਮੇ ਦੀਆਂ ਅੱਖਾਂ ਵਿਚ ਪਿਆਰ ਭਰਿਆ ਜਲਾਲ ਆਇਆ। ਉਸਨੇ ਆਪਣੇ ਵੱਡੇ ਮੁੰਡੇ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, "ਬੇਟਾ ਜਾ ਇਕ ਗੁੜ ਦੀ ਭੇਲੀ, ਦੋ ਕਿੱਲੋ ਮਸਰ ਅਤੇ ਇਕ ਅਨਲੱਗ ਚੁੰਨੀ ਲੈ ਕੇ ਆ। ਇਹ ਹੋ ਨਹੀਂ ਸਕਦਾ ਕਿ ਪਿੰਡ ਦੀ ਧੀ ਵਿਆਹ ਤੋਂ ਬਾਅਦ ਪਹਿਲੀ ਵਾਰੀ ਪਿੰਡ ਆਵੇ ਤੇ ਸੱਖਣੀ ਝੋਲੀ ਪਰਤ ਜਾਵੇ।"

ਸੀਮੇ ਦੇ ਇਨ੍ਹਾਂ ਬੋਲਾਂ ਨੇ ਹਰ ਇਕ ਦੀਆਂ ਅੱਖਾਂ ਸਿੱਲੀਆਂ ਕਰ ਦਿੱਤੀਆਂ। ਪ੍ਰੀਤਮ ਸਿੰਘ ਨੇ ਮੈਨੂੰ ਝੰਜੋੜਦੇ ਹੋਏ ਕਿਹਾ, "ਕੋਹਲੀ ਮਿੱਤਰਾ, ਮੇਰੀ ਯਾਤਰਾ ਹੁਣ ਪੂਰੀ ਹੋ ਗਈ।"


ਤੇ ਮੈਨੂੰ ਪਲ ਦੀ ਪਲ ਇੰਜ ਲੱਗਾ ਕਿ ਪੰਜਾਬ ਦੇ ਬਟਵਾਰੇ ਦੀ ਲੀਕ ਹਵਾ ਵਿਚ ਉੱਡ ਗਈ ਹੋਵੇ।

-o-

# ਕਸ਼ਮੀਰ ਦੇ ਗੁਰ ਅਸਥਾਨਾਂ ਦੀ ਯਾਤਰਾ-2

(ਅਗਲਾ ਅੰਕ)

ਚੇਤਨ ਸਿੰਘ,
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ



ਬਾਰਾਮੂਲਾ ਸ੍ਰੀਨਗਰ ਤੋਂ 40-45 ਕਿਲੋਮੀਟਰ ਹੈ। ਇਹ ਸਾਰੀ ਸੜਕ ਡਬਲ ਹੋ ਰਹੀ ਹੋਣ ਕਾਰਨ ਮਿੱਟੀ ਘੱਟਾ ਕਾਫ਼ੀ ਉਡ ਰਿਹਾ ਸੀ। ਸਾਡਾ ਡਰਾਈਵਰ ਮਨਜੀਤ ਸਿੰਘ ਸਮੇਂ ਸਮੇਂ ਰਸਤੇ ਵਿਚ ਆਉਂਦੀਆਂ ਥਾਵਾਂ ਬਾਰੇ ਜਾਣਕਾਰੀ ਦੇ ਰਿਹਾ ਸੀ, ਕਿਉਂਕਿ ਉਹ ਬਾਰਾਮੂੱਲੇ ਪੜ੍ਹਦਾ ਰਿਹਾ ਸੀ। ਉਸ ਨੇ ਦੂਰੋਂ ਸਾਨੂੰ ਸਰਦਾਰ ਕੀਰਤ ਸਿੰਘ (ਡੀ.ਆਈ.ਜੀ.) ਦਾ ਘਰ ਦਿਖਾਇਆ ਜਿਹੜੇ ਕਿ ਮੇਰੇ ਮਿੱਤਰ ਹਨ। ਡਾਕ ਰਾਹੀ ਸਾਨੂੰ ਡਰਾਈ ਫਰੂਟ ਭੇਜਣਾ ਉਨ੍ਹਾਂ ਦੀ ਖ਼ੂਬੀ ਹੈ। ਉਨ੍ਹਾਂ ਨੂੰ ਦਿਤੇ ਇਕਰਾਰ ਅਨੁਸਾਰ ਅਸੀਂ ਅੱਜ ਉਨ੍ਹਾਂ ਨੂੰ ਮਿਲ ਨਹੀਂ ਸਕਦੇ ਸੀ। ਉਹਨਾਂ ਦਾ ਪੋਤਰਾ ਅਚਾਨਕ ਬੀਮਾਰ ਹੋ ਗਿਆ ਤੇ ਕੱਲ ਉਨ੍ਹਾਂ ਨੂੰ ਸ੍ਰੀਨਗਰ ਤੋਂ ਬੈਂਗਲੋਰ ਦੀ ਫਲਾਈਟ ਲੈਣੀ ਪਈ। ਕੱਲ ਸਾਨੂੰ ਇਸ ਹਾਲਾਤ ਤੋਂ ਜਾਣੂ ਕਰਵਾ ਦਿੱਤਾ ਗਿਆ ਸੀ। ਅਸੀਂ ਸਿੱਧਾ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਾਰਾਮੂਲਾ ਪਹੁੰਚੇ ਜਿਹੜਾ ਕਿ ਜੇਹਲਮ ਦਰਿਆ ਦੇ ਕੰਢੇ ਉੱਤੇ ਹੈ। ਇਥੇ ਦੇ ਬਾਜ਼ਾਰ ਪੁਰਾਣੇ ਹਨ। ਇਹ ਗੁਰਦੁਆਰਾ ਸਾਹਿਬ ਉਚੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਗੁਰਦੁਆਰਾ ਸਾਹਿਬ ਦੇ ਅੰਦਰ ਦੀ ਸਜਾਵਟ ਬਹੁਤ ਦਿਲਕਸ਼ ਹੈ। ਸ਼ਾਮ ਨੂੰ ਗੁਰੂ ਕਾ ਲੰਗਰ ਛੱਕ ਕੇ ਅਸੀਂ ਆਪਣੇ ਕਮਰੇ ਵਿੱਚ ਆਰਾਮ ਕਰਨ ਲੱਗ ਪਏ। ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਜਿਹੜੇ ਸੰਗਤਾਂ ਨੂੰ ਤਾਰਨ ਲਈ ਇੰਨੀ ਦੂਰ ਆਏ ਸਨ। ਉਹਨਾਂ ਨੂੰ ਯਾਦ ਕਰਦਿਆਂ ਕਰਦਿਆਂ ਅਸੀਂ ਨੀਂਦ ਦੀ ਗੋਦੀ ਵਿੱਚ ਜਾ ਪਏ।

ਅੱਜ 25 ਜੂਨ 2026 ਸਾਡੀ ਯਾਤਰਾ ਦਾ ਚੌਥਾ ਦਿਨ ਸੀ। ਅਸੀਂ ਇੱਥੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਾਰਾਮੁੱਲਾ ਠਹਿਰੇ ਹੋਏ ਸੀ। ਮੇਰੇ ਦੋਵੇਂ ਸਾਥੀ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਦਰਬਾਰ ਵਿੱਚ ਹਾਜ਼ਰੀ ਭਰਨ ਲਈ ਚਲੇ ਗਏ। ਮੈਂ ਕੁਝ ਥਕੇਵਾਂ ਤੇ ਆਲਸ ਮਹਿਸੂਸ ਕਰ ਰਿਹਾ ਸੀ। ਮੇਰੇ ਇਹ ਸਾਥੀ ਮੇਰੇ ਲਈ ਚਾਹ ਲੈ ਆਏ। ਮੇਰੇ ਵਿਚ ਕੁਝ ਫੁਰਤੀ ਆ ਗਈ। ਇਸ਼ਨਾਨ-ਪਾਣੀ ਕਰਕੇ ਮੈਂ ਸਰਾਂ ਦੀ ਉੱਪਰਲੀ ਮੰਜ਼ਿਲ ਦੇ ਬਰਾਂਡੇ ਵਿੱਚ ਬੈਠਾ ਨਿਤਨੇਮ ਕਰਦਿਆਂ ਆਲਾ ਦੁਆਲਾ ਦੇਖਦਾ ਰਿਹਾ। ਗੁਰਦੁਆਰਾ ਸਾਹਿਬ ਦੇ ਪਾਸ ਦੀ ਲੰਘਦੀ ਚੌੜੀ ਸੜਕ ਉੱਤੋਂ ਸਾਰੀ ਰਾਤ ਟਰੱਕਾਂ ਦੀ ਆਵਾਜਾਈ ਰਹੀ। ਇਹ ਟਰੱਕ ਕਿਸੇ ਸੜਕ ਲਈ ਪੱਥਰੀਲੀ ਮਿੱਟੀ ਦੀ ਢੋਅ-ਢੁਆਈ ਵਿਚ ਦਿਨ ਰਾਤ ਲੱਗੇ ਹੋਏ ਹਨ। ਰਾਤ ਠਹਿਰੇ ਹੋਏ ਯਾਤਰੂ ਜਾਣ ਲਈ ਆਪਣੀਆਂ ਗੱਡੀਆਂ ਵਿੱਚ ਸਮਾਨ ਰੱਖ ਰਹੇ ਸਨ। ਰਵਾਨਾ ਹੋਣ ਤੋਂ ਪਹਿਲਾਂ ਅਸੀਂ ਗੁਰੂ ਦਰਬਾਰ ਵਿੱਚ ਜਾ ਕੇ ਮੱਥਾ ਟੇਕਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬੇਅੰਤ ਲੀਲਾ ਨੂੰ ਯਾਦ ਕੀਤਾ। ਗੁਰੂ ਸਾਹਿਬ ਦੇ ਸਮੇਂ ਨੂੰ ਚਿਤਵਿਆ। ਮੈਂ ਤੇ ਮੇਰੇ ਮਿੱਤਰ ਅਵਤਾਰ ਸਿੰਘ ਨੇ ਯਾਦਗਾਰੀ ਫੋਟੋ ਕਰਾਈ। ਇੱਥੇ ਗੁਰੂ ਸਾਹਿਬ ਦੇ ਵੇਲੇ ਦੀ ਇੱਕ ਖੂਹੀ ਦੇ ਜਲ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਨਿਸ਼ਚੇ ਨਾਲ ਅਸੀਂ ਉਸਦਾ ਕੁਝ ਜਲ ਛਕਿਆ। ਸਥਾਨਕ ਸਿੱਖਾਂ ਨਾਲ ਸੰਖੇਪ ਬਚਨ ਕਰਕੇ ਅਸੀਂ ਲੇਹ-ਲਦਾਖ ਨੂੰ ਜਾਂਦੀ ਸੜਕ ਦੇ ਉੱਪਰ ਸਫ਼ਰ ਆਰੰਭ ਕਰ ਲਿਆ।

ਸਾਡਾ ਅੱਜ ਦਾ ਪ੍ਰੋਗਰਾਮ ਉੜੀ ਨੇੜੇ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ ਛੂਹ ਪ੍ਰਾਪਤ ਅਸਥਾਨ-ਗੁਰਦੁਆਰਾ ਪਰਨਪੀਲਾ ਸਾਹਿਬ ਜਾਣ ਦਾ ਸੀ, ਜੋ ਕਿ ਇਥੋਂ 45-50 ਕਿਲੋਮੀਟਰ ਸੀ। ਸੜਕ ਨੂੰ ਚੌੜਿਆਂ ਕਰਨ ਦਾ ਕੰਮ ਚਲ ਰਿਹਾ ਸੀ। ਕਿਤੇ-ਕਿਤੇ ਸੜਕ ਟੁੱਟੀ ਹੋਈ ਵੀ ਮਿਲਦੀ ਸੀ। ਸਾਰੇ ਰਸਤੇ ਦੇ ਆਸ ਪਾਸ ਆਰਮੀ ਦੀਆਂ ਪਿਕਟਾਂ ਹੋਣ ਕਾਰਨ ਰਸਤਾ ਜਾਮ ਦਾ ਰੂਪ ਨਹੀਂ ਧਾਰਦਾ। ਆਰਮੀ ਵਾਲੇ ਆਪਣੀ ਕਾਨਵਾਈ ਲੰਘਾਉਣ ਲਈ ਸਿਵਲ ਗੱਡੀਆਂ ਨੂੰ ਰੋਕ ਲੈਂਦੇ ਹਨ। ਜੇਹਲਮ ਦਰਿਆ ਨਾਲ ਨਾਲ ਜਾ ਰਿਹਾ ਸੀ। ਪਰਨਪੀਲਾ ਦੇ ਨੇੜੇ ਜਾ ਕੇ ਪਹਾੜਾਂ ਦੀ ਖੁਲ੍ਹੀ ਵਾਦੀ ਆ ਜਾਂਦੀ ਹੈ। ਬਹੁਤ ਦੂਰੋਂ ਦਰਿਆ ਜੇਹਲਮ ਦੇ ਕੰਢੇ ਉੱਤੇ ਸਥਿਤ ਗੁਰਦੁਆਰਾ ਪਰਨਪੀਲਾ ਸਾਹਿਬ ਪਾਤਸ਼ਾਹੀ ਛੇਵੀਂ ਇਸ ਤਰ੍ਹਾਂ ਨਜ਼ਰ ਆਉਂਦਾ ਹੈ ਜਿਵੇਂ, ਨੰਗਲ

ਵਾਲੇ ਪਾਸਿਓਂ ਗੁਰਦੁਆਰਾ ਬਿਭੌਰ ਸਾਹਿਬ ਸਤਲੁਜ ਦਰਿਆ ਦੇ ਕੰਢੇ ਉੱਤੇ ਨਜ਼ਰ ਆਉਂਦਾ ਹੈ। ਇੱਥੋ ਵਸੋਂ ਬਹੁਤ ਘੱਟ ਹੈ। ਹਵਾ ਬਹੁਤ ਸ਼ਾਂਤ, ਸੁੱਧ ਤੇ ਪਵਿੱਤਰ ਵਗਦੀ ਹੈ। ਗੁਰਦੁਆਰਾ ਸਾਹਿਬ ਆਉਣ ਤੋਂ ਅੱਧਾ ਕਿਲੋਮੀਟਰ ਪਹਿਲਾਂ ਦਰਿਆ ਜਿਹਲਮ ਦੇ ਉੱਪਰ ਨਵਾਂ ਪੁਲ ਬਣਿਆ ਹੈ। ਉਥੇ ਅਸੀਂ ਰੁਕੇ ਅਤੇ ਆਲੇ ਦੁਆਲੇ ਨੂੰ ਆਪਣੀ ਯਾਦ ਵਿੱਚ ਵਸਾਉਣ ਲਈ ਰੱਜ ਰੱਜ ਕੇ ਵੇਖਿਆ। ਇਥੇ ਅਸੀਂ ਆਪਣੇ ਡਰਾਈਵਰ ਮਨਜੀਤ ਸਿੰਘ ਤੋਂ ਕੁਝ ਫੋਟੋ ਵੀ ਕਰਵਾਈਆਂ। ਹੇਠਾਂ ਵੱਲ ਦੇਖਿਆ ਕਿ ਦਰਿਆ ਜਿਹਲਮ ਪਾਰ ਕਰਨ ਲਈ ਪੁਰਾਣੇ ਸਮੇਂ ਵਿੱਚ ਜਾਂ ਹੁਣ ਵੀ ਉਥੋਂ ਦੇ ਸਥਾਨਕ ਲੋਕ ਨਾੜੇ ਦੇ ਰਾਹੀਂ ਦਰਿਆ ਪਾਰ ਕਰਦੇ ਹੋਣਗੇ। ਨਾੜੇ ਤੋਂ ਭਾਵ ਇਕ ਪੰਘੂੜਾ ਜਿਹਾ ਹੈ, ਜਿਹੜਾ ਦਰਿਆ ਦੇ ਦੂਸਰੇ ਪਾਸੇ ਚਲੇ ਜਾਂਦਾ ਹੈ। ਉਸਨੂੰ ਇਕ ਖਾਸ ਢੰਗ ਨਾਲ ਬੰਨਿਆ ਹੋਇਆ ਹੁੰਦਾ ਹੈ। ਭਾਈ ਧੰਨਾ ਸਿੰਘ ਨੂੰ ਯਾਤਰਾ ਸਮੇਂ ਕਈ ਵਾਰ ਨਾੜੇ ਰਾਹੀਂ ਨਦੀ ਨਾਲਾ ਪਾਰ ਕਰਨਾ ਪਿਆ ਸੀ। ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰਦੁਆਰਾ ਸਾਹਿਬ ਦੀ ਸਫ਼ਾਈ, ਹਰਾ ਭਰਾ ਫੁੱਲਾਂ ਵਾਲਾ ਵਿਹੜਾ, ਚਾਰੇ ਪਾਸੇ ਉਚੀਆਂ ਪਹਾੜੀਆਂ ਦੀ ਪ੍ਰਕਿਰਤਕ ਸੁੰਦਰਤਾ ਦੇਖ ਕੇ ਬਹੁਤ ਹੀ ਸਕੂਨ ਹਾਸਲ ਹੋਇਆ।

ਇਥੇ ਗੁਰਦੁਆਰਾ ਸਾਹਿਬ ਦੀ ਸਰਾਂ ਵਿਖੇ ਕੁਝ ਯਾਤਰੂ ਠਹਿਰੇ ਹੋਏ ਸਨ, ਜੋ ਜਾਣ ਦੀ ਤਿਆਰੀ ਵਿਚ ਸਨ। ਇਹਨਾਂ ਯਾਤਰੂਆਂ ਦੇ ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਇੱਕ ਪ੍ਰੋਫੈਸਰ -ਡਾ. ਜਸਪ੍ਰੀਤ ਸਿੰਘ (ਬਾਇਓਟੈਕਨੌਲੋਜੀ) ਅਤੇ ਉਹਨਾਂ ਦੀ ਪਤਨੀ ਅਤੇ ਬੱਚੇ ਸਨ। ਉਨਾਂ ਨੇ ਸਾਡੇ ਨਾਲ ਕੁਝ ਸਮਾਂ ਗੱਲਾਂ ਬਾਤਾਂ ਕੀਤੀਆਂ। ਪ੍ਰੋ. ਸਾਹਿਬ ਅਤੇ ਉਹਨਾਂ ਦੀ ਪਤਨੀ ਦੇ ਦਿਲ ਵਿਚ ਡੂੰਘਾ ਪੰਥਕ ਦਰਦ ਹੈ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਅਤੇ ਹਾਜ਼ਰ ਸੰਗਤ ਨੂੰ ਕਿਤਾਬ **'ਗੁਰ ਤੀਰਥ ਸਾਈਕਲ ਯਾਤਰਾ'** ਵਿੱਚੋਂ ਗੁਰਦੁਆਰਾ ਪਰਨਪੀਲਾ ਦਾ ਭਾਈ ਧੰਨਾ ਸਿੰਘ ਦੁਆਰਾ 20 ਜੂਨ 1932 ਨੂੰ ਇਥੇ ਆ ਕੇ ਲਿਖਿਆ ਇਤਿਹਾਸ ਪੜ੍ਹ ਕੇ ਸੁਣਾਇਆ। ਸਰੋਤਿਆਂ ਵਿਚ ਜੇ ਕੇ ਰਾਈਫਲ ਪਲਾਟੂਨ ਦੇ ਦੋ ਸਿੱਖ ਨੌਜੁਆਨ ਫੌਜੀ ਵੀ ਸਨ। ਉਹ ਬਾਰਾਮੁੱਲਾ ਤੋਂ ਹੋਣ ਤੇ ਗੁਰਦੁਆਰੇ ਤੋਂ ਚਾਰ ਕਿਲੋਮੀਟਰ ਆਪਣੀ ਯੂਨਿਟ ਵਿਚ ਤਾਇਨਾਤ ਹੋਣ ਕਾਰਨ ਇਥੇ ਅਕਸਰ ਹੀ ਹਾਜ਼ਰੀ ਭਰਦੇ ਰਹਿੰਦੇ ਹਨ। ਇਸ ਸਿੱਖ ਫੌਜੀ ਨੂੰ 1947-48 ਵਿਚ ਕਸ਼ਮੀਰ ਬਚਾਉਣ ਵਾਲੀ ਫਸਟ ਸਿਖ ਦੇ ਇਕ ਸਿਪਾਹੀ ਦਾ ਲਿਖਿਆ **'ਕਿੱਸਾ ਜੰਗਨਾਮਾ ਕਸ਼ਮੀਰ'** ਗਿਫ਼ਟ ਕੀਤਾ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਤੇ ਮੁੱਖ ਸੇਵਾਦਾਰ ਭਾਈ ਦਲਬੀਰ ਸਿੰਘ ਜੀ ਨੂੰ ਇਹ ਕਿਤਾਬ ਭੇਟਾ ਕਰਦਿਆਂ ਬੇਨਤੀ ਕੀਤੀ ਕਿ ਇਸ ਪੁਸਤਕ ਨੂੰ ਜਨਤਕ ਰੱਖਣਾ ਤੇ ਯਾਤਰੂਆਂ ਨੂੰ ਸਬੰਧਤ ਇਤਿਹਾਸ ਵਿਖਾਉਣਾ ਤੇ ਸੁਣਾਉਣਾ ਕੀਤਾ ਜਾਵੇ। ਇਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੰਜ ਮੁਸਲਮਾਨ ਪੀਰਾਂ ਨਾਲ ਵਿਚਾਰ ਚਰਚਾ ਕੀਤੀ ਸੀ। ਸਾਂਤ ਵਾਤਾਵਰਣ ਵਾਲੇ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਕੇ ਰੂਹਾਨੀ ਰੱਜ ਆਇਆ। ਇਥੋਂ ਪਾਕਿਸਤਾਨ ਦਾ ਬਾਰਡਰ ਨੇੜੇ ਹੀ ਸੀ। ਗ੍ਰੰਥੀ ਸਿੰਘ ਨੇ ਲੰਗਰ ਵਿੱਚ ਜਾ ਕੇ ਸਾਡੀ ਇੱਛਾ ਅਨੁਸਾਰ ਦਾਲ ਚਾਵਲ ਦੇ ਨਾਲ ਫੁੱਲਕੇ ਵੀ ਪਕਾਏ।

ਇੱਥੇ ਅਸੀਂ ਆਪਣੀ ਸੋਚ ਵਿਚ ਇਕ ਟਪਲਾ ਖਾ ਗਏ। ਜਿਹੜਾ ਫੋਨ ਮੈਂ ਪਿਛਲੇ ਚਾਰ ਦਿਨ ਤੋਂ ਬੰਦ ਹੋਣ ਕਾਰਨ, ਨਾ ਸੁਣ ਕੇ ਸ਼ਾਂਤੀ ਬਣਾਈ ਰੱਖ ਰਿਹਾ ਸੀ, ਉਹ ਨਿਯਮ ਭੰਗ ਹੋ ਗਿਆ। ਪੰਜਾਬ ਦੇ ਫ਼ੋਨ ਲੱਖਣਪੁਰ ਤੋਂ ਬੰਦ ਹੋ ਜਾਂਦੇ ਹਨ। ਸਾਰੇ ਜੰਮੂ ਕਸ਼ਮੀਰ ਲਈ ਫ਼ੋਨ ਚਲਦਾ ਰੱਖਣ ਲਈ ਲੱਖਣਪੁਰ ਤੋਂ ਹੀ ਐਕਟੀਵੇਟ ਕਰਵਾਉਣਾ ਪੈਂਦਾ ਹੈ। ਮੈਂ ਅਜਿਹਾ ਨਹੀਂ ਕੀਤਾ ਸੀ। ਗੱਲ ਇਹ ਹੋਈ ਕਿ ਇੱਥੋਂ ਦੇ ਮੁੱਖ ਸੇਵਾਦਾਰ ਨੇ ਖ਼ੁਸ਼ੀ ਤੇ ਕਿਸੇ ਜ਼ਿੰਮੇਵਾਰੀ ਦੀ ਭਾਵਨਾ ਵਿਚੋਂ ਸਾਡੀ ਪੁਸਤਕ ਭੇਟ ਕਰਨ ਦੀ ਗੱਲ ਨੂੰ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਦਾਰ ਭੁਪਿੰਦਰ ਸਿੰਘ ਨੂੰ ਬਾਰਾਮੁੱਲੇ ਫ਼ੋਨ ਰਾਹੀਂ ਸੂਚਨਾ ਦੇ ਦਿੱਤੀ ਅਤੇ ਨਾਲ ਹੀ ਸਾਨੂੰ ਫ਼ੋਨ ਫੜਾ ਦਿੱਤਾ ਕਿ ਤੁਹਾਡਾ ਧੰਨਵਾਦ ਕਰਨਾ ਚਾਹੁੰਦੇ ਹਨ। ਉਹਨਾਂ ਨੇ ਕਿਹਾ ਕਿ ਮੈਂ ਅਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਗੁੱਲਮਰਗ ਤੋਂ ਹੋ ਕੇ ਸ਼ਾਮ ਪੰਜ ਵਜੇ ਤੱਕ ਇੱਥੇ ਤੁਹਾਡੇ ਪਾਸ ਗੁਰਦੁਆਰਾ ਪਰਨਪੀਲਾ ਆ ਜਾਣਾ ਹੈ, ਉਸ ਸਮੇਂ ਤੱਕ ਤੁਸੀਂ ਇੱਥੇ ਹੀ ਰਹੋ। ਅਸੀਂ ਇਥੇ ਰਾਤ ਰਹਿਣ ਦਾ ਮਨ ਬਣਾਇਆ ਹੋਇਆ ਸੀ। ਗੁਰਦੁਆਰਾ ਸਾਹਿਬ ਦੇ ਰੂਹਾਨੀ ਰੰਗ ਦਾ ਖ਼ੂਬ ਆਨੰਦ ਮਾਨਣ ਦੀ ਇੱਛਾ ਸੀ। ਗੁੱਲਮਰਗ ਗੁਰਦੁਆਰੇ ਦਾ ਪੰਥਕ ਮਸਲਾ ਸੁਲਝਾਉਣ ਆਏ ਜਥੇਦਾਰ ਸਾਹਿਬ ਨੂੰ ਇਥੇ ਉਡੀਕਣ ਬਾਰੇ ਸੋਚ ਕੇ ਸਾਡੇ ਉੱਤੇ ਇਹ ਗੱਲ ਭਾਰੀ ਹੋ ਗਈ ਕਿ

ਇਨਾਂ ਧਾਰਮਿਕ ਤੇ ਰਾਜਨੀਤਕ ਸ਼ਖਸ਼ੀਅਤਾਂ ਨੂੰ ਉਡੀਕਣ ਦੀ ਥਾਂ ਆਪਾਂ ਅਗਲਾ ਪੰਧ ਤੈਅ ਕਰੀਏ। ਅਸੀਂ ਇਹ ਭੁੱਲ ਹੀ ਗਏ ਕਿ ਅਸੀਂ ਤਾਂ ਇਥੇ ਰਾਤ ਰਹਿਣਾ ਸੀ। ਜਦੋਂ ਅਸੀਂ 4 ਵਜੇ ਚੱਲ ਪਏ ਤਾਂ ਰਸਤੇ ਵਿੱਚ ਸਾਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ ਦੀਆਂ ਗੱਡੀਆਂ ਦਾ ਕਾਫ਼ਲਾ ਮਿਲਿਆ ਪਰ ਟਰੈਫਿਕ ਸਥਿਤੀ ਇਸ ਤਰ੍ਹਾਂ ਸੀ ਕਿ ਗੱਡੀਆਂ ਰੋਕੀਆਂ ਨਹੀਂ ਜਾ ਸਕਦੀਆਂ ਸਨ ਅਤੇ ਨਾ ਹੀ ਰੋਕਣ ਦੀ ਕੋਈ ਵਿਸ਼ੇਸ਼ ਲੋੜ ਸੀ। ਅਸੀਂ ਫ਼ੋਨ ਦੀ ਮਿਹਰਬਾਨੀ ਨਾਲ ਇਸ ਸਥਾਨ ਵਿਖੇ ਰਾਤ ਦਾ ਅਨੰਦ ਨਾ ਮਾਨਣ ਦੀ ਸਜ਼ਾ ਭੁਗਤ ਚੁੱਕੇ ਸੀ।

ਅਸੀਂ 6 ਕੁ ਵਜੇ ਗੁਰਦੁਆਰਾ ਤਪਿਆਣਾ ਸਾਹਿਬ ਪਹੁੰਚ ਗਏ । ਗੁਰਦੁਆਰਾ ਤਪਿਆਣਾ ਸਾਹਿਬ ਸੰਤ ਰੋਚਾ ਸਿੰਘ ਜੀ ਦਾ ਤਪੁ ਅਸਥਾਨ ਹੈ। ਸੰਤ ਰੋਚਾ ਸਿੰਘ ਜੀ ਦੀ ਸੰਪਰਦਾ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਉਸ ਸਮੇਂ ਤੋਂ ਹੀ ਕਸ਼ਮੀਰ ਦੇ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਦੀ ਸੇਵਾ ਨਿਭਾ ਰਹੀ ਹੈ। ਬੁੱਧ ਸਿੰਘ ਦੀ 1938 ਵਿਚ ਕਸ਼ਮੀਰ ਬਾਰੇ ਲਿਖੀ ਪੁਸਤਕ **ਗੁੱਝੇ ਹੀਰੇ**' ਵਿਚ ਮੈਂ ਉਨਾਂ ਦੀ ਸੰਪਰਦਾ ਵਲੋਂ ਕੀਤੀ ਸੇਵਾ ਬਾਰੇ ਪੜ੍ਹਿਆ ਹੋਇਆ ਹੈ। ਤਪਿਆਣਾ ਸਾਹਿਬ ਪਹੁੰਚਣ ਤੋਂ ਪਹਿਲੋਂ ਸਾਡਾ ਰਸਤਾ ਬਹੁਤ ਪਿੰਡਾਂ ਵਿਚੋਂ ਦੀ ਸੀ। ਕੁਝ ਅਸੀਂ ਆਪਣੇ ਡਰਾਈਵਰ ਨੂੰ ਵੀ ਆਪਣਾ ਦਿਹਾਤੀ ਇਲਾਕਾ ਵਿਖਾਉਣ ਦੀ ਖੁੱਲ੍ਹ ਦਿੱਤੀ ਹੋਈ ਸੀ। ਹੈਰਾਨੀ ਦੀ ਗੱਲ ਹੈ ਕਿ ਪਹਿਲਾਂ ਹਰੇਕ ਪਿੰਡ ਤੇ ਹਰੇਕ ਕਸ਼ਮੀਰੀ ਘਰ ਦੇ ਨਾਲ ਪਾਣੀ ਦਾ ਇਕ ਖ਼ਾਲਾ (rivulet) ਵਗਦਾ ਹੁੰਦਾ ਸੀ, ਜਿਸ ਵਿੱਚ ਔਰਤਾਂ ਬਰਤਨ ਅਤੇ ਕੱਪੜੇ ਧੋਇਆ ਕਰਦੀਆਂ ਸਨ। ਪਰ ਹੁਣ ਉਹ ਕਸ਼ਮੀਰੀ ਜੀਵਨ ਦਾ ਕੁਦਰਤੀ ਦ੍ਰਿਸ਼ ਕਿਧਰੇ ਨਜ਼ਰ ਨਹੀਂ ਆਇਆ। ਸ਼ਾਇਦ ਬਹੁਤ ਵਧੀਆ ਬਣੀਆਂ ਸੜਕਾਂ ਕਾਰਨ ਨਾਲਿਆਂ ਨੂੰ ਕੰਟਰੋਲ ਕਰ ਲਿਆ ਗਿਆ ਹੈ ਜਾਂ ਫਿਰ ਵਾਟਰ ਸਪਲਾਈ ਨੇ ਲੋਕਾਂ ਨੂੰ ਕੁਦਰਤੀ ਜ਼ਿੰਦਗੀ ਨਾਲੋਂ ਤੋੜ ਕੇ ਸੁਖ ਆਰਾਮ ਵਾਲੇ ਬਣਾ ਦਿੱਤਾ ਗਿਆ ਹੋਵੇ। ਗੁਰਦੁਆਰਾ ਤਪਿਆਣਾ ਸਾਹਿਬ ਪਹੁੰਚ ਕੇ ਪ੍ਰਬੰਧਕਾਂ ਨੂੰ ਕਾਫ਼ੀ ਦੇਰ ਉਡੀਕਿਆ। ਰਾਤ ਰਹਿਣ ਦਾ ਇੰਤਜ਼ਾਮ ਨਾ ਹੁੰਦਾ ਵੇਖ ਕੇ ਅਸੀਂ ਵਾਪਸ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਾਰਾਮੁੱਲੇ ਲਈ ਚੱਲ ਪਏ। ਵਾਪਸੀ ਸਮੇਂ ਅਸੀਂ ਨਵਾਂ ਰਸਤਾ ਅਖ਼ਤਿਆਰ ਕੀਤਾ। ਇਥੇ ਇਕ ਪਿੰਡ ਦੀਦਾਰਪੁਰਾ ਵੀ ਆਇਆ, ਜਿਥੋਂ ਦੇ ਮੇਰੇ ਮਿੱਤਰ ਡਾ. ਹਿੰਮਤ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ ਹਨ। ਉਨ੍ਹਾਂ ਨੇ **'ਕਸ਼ਮੀਰ ਲਈ ਕੁਰਬਾਨੀ'** ਨਾਮ ਦੀ ਪੁਸਤਕ ਲਿਖ ਕੇ ਦੇਸ਼ ਦੀ ਵੰਡ ਸਮੇਂ ਕਸ਼ਮੀਰ ਵਿਚ ਸਿੱਖਾਂ ਦੇ ਕਤਲੇਆਮ ਦੀਆਂ ਦੁਖਮਈ ਘਟਨਾਵਾਂ ਦੇ ਵੇਰਵੇ ਦਿੱਤੇ ਹੋਵੇ ਹਨ। ਅੱਜ ਅਸੀਂ ਦਿਹਾਤੀ ਇਲਾਕੇ ਦੀ ਸੁੰਦਰਤਾ ਹੋਰ ਵੀ ਬਹੁਤਾਤ ਵਿੱਚ ਵੇਖੀ। ਅਸੀਂ ਸੇਬਾਂ ਦੇ ਬਾਗਾਂ ਅਤੇ ਸੀਜ਼ਨ ਬਾਰੇ ਕਈ ਤਰ੍ਹਾਂ ਦੇ ਸਵਾਲ ਆਪਣੇ ਡਰਾਈਵਰ ਮਨਜੀਤ ਸਿੰਘ ਨੂੰ ਪੁਛਦੇ ਰਹੇ ਤੇ ਉਹ ਸਾਡੀ ਤਸੱਲੀ ਕਰਵਾਉਂਦਾ ਰਿਹਾ।

ਸ਼ਾਮ ਨੂੰ ਅਸੀਂ ਵਾਪਸ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਾਰਾਮੁੱਲਾ ਪਹੁੰਚ ਗਏ। ਹੁਣ ਰਾਤ ਦੀ ਰਿਹਾਇਸ਼ ਕਰਨ ਲਈ ਉੱਪਰ ਵਾਲੇ ਕਮਰਿਆਂ ਦੀ ਥਾਂ ਹੇਠਲੀ ਮੰਜ਼ਿਲ 'ਤੇ ਰਹਿਣਾ ਪਿਆ। ਦਿਨ ਦੇ ਥੱਕਿਆਂ ਟੁੱਟਿਆਂ ਨੂੰ ਸਾਨੂੰ ਪਤਾ ਹੀ ਨਾ ਲੱਗਾ ਕਿ ਗੱਲਾਂ ਕਰਦਿਆਂ ਕਰਦਿਆਂ ਸਾਨੂੰ ਕਿਸੇ ਨੇ ਕਿਹਾ ਵੀ ਸੀ ਜਾਂ ਨਹੀਂ, ਜਾਂ ਅਸੀਂ ਆਪ ਹੀ ਆਪਣੇ ਨੂੰ ਕਹਿ ਲਿਆ ਸੀ-"ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ ...।"

ਅਸੀਂ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਾਰਾਮੁੱਲਾ ਵਿਖੇ ਠਹਿਰੇ ਹੋਏ ਸੀ। ਅੱਜ 26 ਜੂਨ 2026 ਦਿਨ ਸ਼ੁੱਕਰਵਾਰ ਸੀ। ਗੁਰਦੁਆਰਾ ਸਾਹਿਬ ਅੰਮ੍ਰਿਤ ਵੇਲੇ ਤੋਂ ਕੀਰਤਨ ਦੀ ਆਵਾਜ਼ ਥੱਕੇ ਟੁੱਟੇ ਮੁਸਾਫਰਾਂ ਨੂੰ ਸੁਣ ਪੈਂਦੀ ਹੈ, ਉਠਣ ਭਾਵੇਂ ਮਜਾਜ ਨਾਲ ਹੀ। ਸਥਾਨਕ ਸੰਗਤਾਂ ਗੁਰੂ ਦਰਬਾਰ ਵਿੱਚ ਹਾਜ਼ਰ ਹੋਣ ਲਈ ਜੁੜਨੀਆਂ ਸ਼ੁਰੂ ਹੋ ਜਾਂਦੀਆਂ ਹਨ। ਸੰਗਤ ਲਈ ਚਾਹ ਦਾ ਲੰਗਰ ਹਰ ਵਕਤ ਤਿਆਰ ਹੁੰਦਾ ਹੈ। ਠੰਡਾ ਇਲਾਕਾ ਹੋਣ ਕਾਰਨ ਕਸ਼ਮੀਰ ਦੇ ਸਾਰੇ ਗੁਰਦੁਆਰਿਆਂ ਵਿਚ ਇਹ ਪਰੰਪਰਾ ਕਾਇਮ ਹੈ। ਮੇਰੇ ਸਾਥੀ ਹੈਡਮਾਸਟਰ ਸਾਹਿਬ-ਅਵਤਾਰ ਸਿੰਘ ਅਤੇ ਸਾਡੇ ਡਰਾਈਵਰ ਮਨਜੀਤ ਸਿੰਘ ਮੇਰੇ ਤੋਂ ਪਹਿਲਾਂ ਉੱਠ ਕੇ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਚਲੇ ਗਏ। ਗੁਰਦੁਆਰਾ ਸਾਹਿਬ ਤੋਂ ਵਾਪਸ ਆਉਂਦੇ ਹੋਏ, ਉਹ ਮੇਰੇ ਲਈ ਚਾਹ ਲੈ ਆਏ। ਮੈਂ ਵੀ ਹੁਣ ਤਿਆਰ ਹੋਣ ਦੀ ਸਪੀਡ ਫੜ ਲਈ। ਇਸ਼ਨਾਨ-ਪਾਣੀ ਤੇ ਨਿਤਨੇਮ ਉਪਰੰਤ ਅਸੀਂ ਤਿਆਰ ਹੋ ਕੇ ਰਵਾਨਗੀ ਕਰਨ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋ ਗਏ। ਸਵੇਰ ਦੇ ਸਮਾਗਮ ਦੀ ਸਮਾਪਤੀ ਹੋ ਚੁੱਕੀ ਸੀ। ਪਰ ਤਾਂ ਵੀ ਕੁਝ ਪ੍ਰੇਮੀ ਗੁਰੂ ਦਰਬਾਰ ਦੇ

ਹਜ਼ੂਰ ਸਮਾਧੀ ਲਗਾ ਕੇ ਸਿਮਰਨ ਕਰ ਰਹੇ ਸਨ ਜਾਂ ਬਾਣੀ ਪੜ੍ਹ ਰਹੇ ਸਨ। ਬਹੁਤ ਸੁੰਦਰ ਸਜੇ ਦਰਬਾਰ ਵਿਚ ਪਸਰੀ ਸ਼ਾਂਤੀ ਵਿਚ ਸਾਰਿਆਂ ਦੀਆਂ ਰੂਹਾਂ ਗੁਰੂ ਚਰਨਾਂ ਨਾਲ ਜੁੜੀਆਂ ਨਜ਼ਰ ਆਉਂਦੀਆਂ ਸਨ। ਇਥੋਂ ਦੀ ਯਾਦ ਤਾਜ਼ਾ ਰੱਖਣ ਲਈ ਅਸੀਂ ਗੁਰਦੁਆਰਾ ਸਾਹਿਬ ਦੀ ਪਿੱਠ ਭੂਮੀ ਵਿੱਚ ਕੁਝ ਫੋਟੋਆਂ ਵੀ ਕਰਵਾਈਆਂ। ਸਾਡੇ ਹੈਡਮਾਸਟਰ ਸਾਹਿਬ ਨੇ ਜੋੜੇ ਜਮ੍ਹਾਂ ਕਰਾਉਣ ਵਾਲੇ ਕਮਰੇ ਦੀ ਕੰਧ 'ਤੇ ਲੱਗਿਆ ਇਕ ਵਗਿਆਪਨ ਪੜ੍ਹਿਆ, ਜੋ ਕਿ ਲੋਹੇ ਦਾ ਕੰਮ ਕਰਨ ਵਾਲੇ ਉਨ੍ਹਾਂ ਦੇ ਗੁਆਂਡੀ ਦੇ ਕਾਰੋਬਾਰ ਬਾਰੇ ਸੀ, ਜੋ ਨਵੀਂ ਵਿਧੀ ਵਾਲਾ ਆਟੋਮੈਟਿਕ ਨਿਸ਼ਾਨ ਸਾਹਿਬ ਬਣਾਉਣ ਦੀ ਸੇਵਾ ਕਰਦੇ ਹਨ। ਇਹ ਉਹਨਾਂ ਦੇ ਪ੍ਰਚਾਰ ਦਾ ਸਟਿੱਕਰ ਸੀ। ਸ਼ਾਇਦ ਉਹਨਾਂ ਨੇ ਇੱਥੇ ਅਜਿਹਾ ਨਿਸ਼ਾਨ ਸਾਹਿਬ ਲਗਾਇਆ ਹੋਵੇਗਾ।

ਅਸੀਂ ਗੇਟ ਤੋਂ ਫਿਰ ਗੁਰਦੁਆਰਾ ਸਾਹਿਬ ਨੂੰ ਨਮਸਕਾਰ ਕਰਕੇ ਕੇ ਅਗਲਾ ਪੰਧ ਤਹਿ ਕਰਨ ਲਈ, ਆਪਣੀ ਗੱਡੀ ਵਿੱਚ ਸਵਾਰ ਹੋ ਗਏ। ਗੁਰਦੁਆਰਾ ਸਾਹਿਬ ਦੇ ਨੇੜੇ ਹੀ ਜੇਹਲਮ ਦਰਿਆ ਵਹਿੰਦਾ ਹੈ। ਬਾਰਾਮੁੱਲੇ ਵਿਚ ਇਸ ਦਰਿਆ ਉੱਪਰ ਕਈ ਪੁਲ ਬਣੇ ਹੋਏ ਹਨ। ਸਵੇਰੇ ਸਵੇਰੇ ਇਥੇ ਕੋਈ ਵੀ ਆਵਾਜਾਈ ਨਹੀਂ ਸੀ। ਜੰਮੂ ਤੋਂ ਸਾਡੇ ਨਾਲ ਸ਼ਾਮਲ ਸਾਡੇ ਡਰਾਈਵਰ ਮਨਜੀਤ ਸਿੰਘ ਨੇ ਬਾਰਾਂਮੁੱਲੇ ਦੇ ਬਾਜ਼ਾਰ, ਆਪਣਾ ਘਰ, ਆਪਣਾ ਸਕੂਲ, ਆਪਣੇ ਰਿਸ਼ਤੇਦਾਰਾਂ ਦੇ ਘਰ ਆਦਿ ਥਾਵਾਂ, ਸਾਨੂੰ ਗੱਡੀ ਵਿੱਚ ਬੈਠਿਆਂ ਇਸ਼ਾਰੇ ਨਾਲ ਹੀ ਵਿਖਾਈਆਂ। ਮਨਜੀਤ ਸਿੰਘ ਦਾ ਪਰਿਵਾਰ ਕੁਝ ਸਾਲ ਪਹਿਲਾਂ ਬਾਰਾਮੁੱਲੇ ਤੋਂ ਜੰਮੂ ਚਲੇ ਗਿਆ ਸੀ। ਮਨਜੀਤ ਸਿੰਘ ਸ੍ਰੀਨਗਰ, ਬਾਰਾਮੁੱਲਾ ਤੇ ਦਿਹਾਤੀ ਇਲਾਕਿਆਂ ਦੇ ਰਾਹਾਂ ਨੂੰ ਇਸ ਤਰ੍ਹਾਂ ਜਾਣਦਾ ਹੈ ਜਿਵੇਂ ਪਰਿੰਦਿਆਂ ਨੂੰ ਉਡਦਿਆਂ-ਉਡਦਿਆਂ ਬ੍ਰਿਛਾਂ ਦੀਆਂ ਟਾਹਣੀਆਂ ਵਿਚੋਂ ਲੰਘਣ ਦਾ ਸਹਿਜ ਗਿਆਨ ਹੁੰਦਾ ਹੈ। ਮਨਜੀਤ ਸਿੰਘ ਨੇ ਸ਼ਹਿਰ ਵਿਖਾਉਂਦਿਆਂ ਇੱਕ ਫੌਜੀ ਯਾਦਗਾਰ ਦੇ ਗੇਟ ਅੱਗੇ ਗੱਡੀ ਰੋਕ ਲਈ। ਇਹ ਯਾਦਗਾਰ 1947-48 ਵਿੱਚ ਪਹਿਲੀ ਸਿੱਖ ਪਲਟਨ ਵਲੋਂ ਤੇ ਕਸ਼ਮੀਰ ਦੀ ਖ਼ਾਤਰ ਸ਼ਹੀਦ ਹੋਏ ਫੌਜੀਆਂ ਦੀ ਯਾਦਗਾਰ ਸੀ। 'ਕਿੱਸਾ ਜੰਗ ਕਸ਼ਮੀਰ' ਛਪਵਾਇਆ ਹੋਣ ਕਾਰਨ ਅਸੀਂ ਕਰਨਲ ਬਲਵੀਰ ਸਿੰਘ ਜੀ ਸਰਾਂ ਫਰੀਦਕੋਟ ਵਾਸਤੇ ਸਭ ਨਾਵਾਂ ਦੀਆਂ ਫੋਟੋ ਕੀਤੀਆਂ। ਸ਼ਹਿਰ ਤੋਂ ਬਾਹਰ ਨਿਕਲ ਕੇ, ਜਿਵੇਂ ਸਾਨੂੰ ਦੱਸਿਆ ਹੋਇਆ ਸੀ, ਅਸੀਂ ਗੁਰਦੁਆਰਾ ਕਲਮਸਰ ਸਾਹਿਬ ਸਿੰਘਪੋਰਾ ਨੂੰ ਚੱਲ ਪਏ। ਇਹ ਇਥੋਂ ਅੱਧੇ ਕੁ ਘੰਟੇ ਦਾ ਰਸਤਾ ਸੀ।

ਗੁਰਦੁਆਰਾ ਕਲਮ ਸਾਹਿਬ (ਸਿੰਘਪੋਰਾ) ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ ਸੁਭਾਇਮਾਨ ਹੈ। ਪਿੰਡ ਉੱਚੀ ਥਾਂ ਤੇ ਹੈ। ਬਹੁਤੇ ਘਰ ਸਰਦਾਰਾਂ ਦੇ ਹਨ। ਸਾਡੇ ਮੇਜ਼ਬਾਨ ਸ. ਰਾਜਿੰਦਰ ਸਿੰਘ ਰੈਣਾ ਦਾ ਇਹ ਜੱਦੀ ਪਿੰਡ ਹੈ। ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਫੇਰੀ ਸਮੇਂ ਇੱਥੇ ਆਏ ਸਨ। ਜਿੱਥੇ ਬੈਠ ਕੇ ਗੁਰੂ ਸਾਹਿਬ ਸੰਗਤ ਨੂੰ ਦਰਸ਼ਨ ਦਿੰਦੇ ਤੇ ਬਚਨ ਬਿਲਾਸ ਕਰਦੇ ਸਨ, ਉਸਨੂੰ ਹੁਣ ਵੀ ਥੜ੍ਹਾ ਸਾਹਿਬ ਕਹਿੰਦੇ ਹਨ। 19ਵੀਂ ਸਦੀ ਦੇ ਅਖੀਰ ਵਿਚ ਭਾਈ ਮਤਵਾਲ ਸਿੰਘ ਸਾਹਨੀ ਨੇ ਇਹ ਥੜ੍ਹਾ ਪੱਕਾ ਕਰਵਾਇਆ ਸੀ। 20ਵੀਂ ਸਦੀ ਦੇ ਤੀਜੇ ਦਹਾਕੇ ਵਿਚ ਪੰਜਾਬੀ ਕਵੀ ਭਾਈ ਵੀਰ ਸਿੰਘ ਦੀ ਪ੍ਰੇਰਣਾ ਤੇ ਸੰਗਤ ਦੇ ਸਹਿਯੋਗ ਨਾਲ ਇਸ ਥਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ ਸੀ। ਇਸ ਜਗ੍ਹਾ ਗੁਰੂ ਸਾਹਿਬ ਜੀ ਨੂੰ ਇਕ ਸੂਫ਼ੀ ਫ਼ਕੀਰ ਬਹਿਲੋਲ ਸ਼ਾਹ ਮਿਲਿਆ ਸੀ। ਉਸਨੇ ਇਲਾਕੇ ਵਿਚ ਲੋਕਾਂ ਨੂੰ ਪਾਣੀ ਦੀ ਥੁੜ ਬਾਰੇ ਗੁਰੂ ਜੀ ਅੱਗੇ ਫਰਿਆਦ ਕੀਤੀ ਸੀ। ਗੁਰੂ ਜੀ ਨੇ ਆਪਣੇ ਬਰਛੇ ਨਾਲ ਉੱਥੇ ਇਕ ਚਸ਼ਮਾ ਜ਼ਾਹਰ ਕੀਤਾ ਸੀ। ਜਲ ਦੇ ਉਸ ਸੋਮੇ ਉੱਪਰ ਹੁਣ ਇਤਿਹਾਸਕ ਖੂਹੀ ਦੇ ਦਰਸ਼ਨ ਹੁੰਦੇ ਹਨ। ਗੁਰਦੁਆਰਾ ਸਾਹਿਬ ਬਹੁਤ ਸੁੰਦਰ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੇ ਸਾਰੇ ਵਰਾਂਡੇ ਵਿੱਚ ਨੇਵੀ ਬਲਿਊ ਰੰਗ ਦੇ ਮੋਟੇ ਦਲੀਚਿਆਂ ਉਪਰ ਚਿੱਟੇ ਰੱਗ ਦੇ ਬਣੇ ਫੁੱਲਾਂ ਵਾਲੇ ਬਹੁਤ ਸੁੰਦਰ ਕਲੀਨ ਵਿਸ਼ੇ ਹੋਏ ਸਨ। ਮੇਰਾ ਤਾਂ ਦਿਲ ਕਰੇ ਇੱਥੇ ਬੈਠ ਕੇ ਸੁਖਮਨੀ ਸਾਹਿਬ ਦਾ ਇਕ ਪਾਠ ਕਰਾਂ ਜਾਂ ਕੁਝ ਲਿਖਾਈ ਪੜ੍ਹਾਈ ਦਾ ਕੰਮ ਕਰ ਲਵਾਂ ਤੇ ਦੁਪਹਿਰ ਤੱਕ ਇਥੇ ਹੀ ਰਿਹਾ ਜਾਵੇ। ਪਰ ਸਫ਼ਰ ਦੌਰਾਨ ਅਗਲੀ ਮੰਜਲ ਤੱਕ ਪਹੁੰਚਣ ਦੀ ਮਜਬੂਰੀ ਨੇ ਅਜਿਹਾ ਨਹੀਂ ਕਰਨ ਦਿੱਤਾ। ਕਸ਼ਮੀਰ ਦੇ ਹਰੇਕ ਗੁਰਦੁਆਰੇ ਵਿੱਚ ਕਸ਼ਮੀਰ ਪੁਲਿਸ ਦੇ ਜਵਾਨ ਸੁਰੱਖਿਆ ਡਿਊਟੀ ਲਈ ਤਾਇਨਾਤ ਹਨ। ਇਥੇ ਇਹਨਾਂ ਵਿੱਚ ਇੱਕ ਸਰਦਾਰ ਨਿਰਮਲ ਸਿੰਘ ਸੀ, ਜਿਸ ਦਾ ਘਰ ਸ੍ਰੀਨਗਰ ਵਿਖੇ ਗੁਰਦੁਆਰਾ ਰੈਣਾਵਾੜੀ ਦੇ ਨਾਲ ਹੈ। ਉਸ ਤੋਂ ਅਸੀਂ ਕੁਝ ਹੋਰ ਜਾਣਕਾਰੀ ਲਈ। ਉਸਨੇ ਦੱਸਿਆ ਕਿ ਇੱਥੇ ਪਿੰਡ ਵਿੱਚ

ਅੱਜ ਮੁਹੱਰਮ ਦਾ ਜਲੂਸ ਆਉਣਾ ਹੈ। ਤੁਸੀਂ ਇਸ ਭੀੜ ਵਾਲੇ ਰਸਤੇ ਦੀ ਥਾਂ ਦੂਜੇ ਰਸਤੇ ਵੱਲ ਦੀ ਜਾਓ, ਨਾਲੇ ਦਿਹਾਤੀ ਇਲਾਕਾ ਦੇਖਦੇ ਜਾਵੋਗੇ। ਅਸੀਂ ਪਿੰਡਾਂ ਦਾ ਰਸਤਾ ਫੜਿਆ। ਪਿੰਡਾਂ ਵਿੱਚ ਸੋਹਣੀਆਂ ਸੜਕਾਂ ਬਣੀਆਂ ਹੋਈਆਂ ਹਨ। ਪਿੰਡਾਂ ਦੀਆਂ ਇਨ੍ਹਾਂ ਪਿਆਰੀਆਂ ਸੜਕਾਂ ਵਿੱਚੋਂ ਦੀ ਲੰਘਦਿਆਂ ਸਾਡਾ ਦਿਲ ਕਰੇ ਇਹ ਸਫਰ ਮੁੱਕੇ ਹੀ ਨਾ। ਇਕ ਥਾਂ ਅਜਿਹਾ ਆਇਆ ਜਿੱਥੇ ਸੇਬ ਤੇ ਹੋਰ ਫ਼ਲਦਾਰ ਬੂਟਿਆਂ ਦੀ ਨਰਸਰੀ ਸੀ। ਸਾਡੇ ਹੈਡਮਾਸਟਰ ਸਾਹਿਬ ਗੱਡੀ ਰੁਕਵਾ ਕੇ ਉਹ ਨਰਸਰੀ ਦੇਖਣ ਚਲੇ ਗਏ। ਸੇਬ ਮਹੀਨੇ ਤੱਕ ਖਾਣ ਵਾਲੇ ਹੋਣਗੇ। ਸੇਬਾਂ ਦੇ ਇੱਕ ਦੋ ਸਾਲਾਂ ਦੇ ਬੂਟਿਆਂ ਨੂੰ ਲਾਲ-ਲਾਲ ਸੇਬ ਲੱਗੇ ਹੋਏ ਸਨ। ਬੌਟਨੀ ਪੜ੍ਹਾਉਣ ਵਾਲੇ ਅਧਿਆਪਕ ਰਹੇ ਹੋਣ ਕਾਰਨ ਹੈਡਮਾਸਟਰ ਸਾਹਿਬ ਬਹੁਤ ਗਹੁ ਨਾਲ ਨਰਸਰੀ ਦੇਖ ਕੇ ਆਏ। ਸੇਬਾਂ ਦੇ ਬੂਟਿਆਂ ਤੋਂ ਇਲਾਵਾ ਹੋਰ ਵੀ ਕਈ ਕਿਸਮਾਂ ਦੇ ਫੁੱਲਾਂ ਤੇ ਫ਼ਲਾਂ ਦੇ ਬੂਟੇ ਹੋਣਗੇ। ਨਰਸਰੀ ਦੀ ਯਾਦਗਾਰ ਨੂੰ ਦਿਲ ਵਿੱਚ ਵਸਾ ਕੇ ਅਸੀਂ ਅੱਗੇ ਚੱਲ ਪਏ। ਬਾਗਾਂ ਵੱਲ ਦੇਖਦੇ ਦੇਖਦੇ ਕੁਝ ਮੀਲ ਅੱਗੇ ਲੰਘ ਗਏ।ਅਸੀਂ ਇੱਕ ਮੋੜ ਤੋਂ ਭੁੱਲ ਗਏ ਅਤੇ ਹੋਰ ਰਸਤੇ ਰਾਹੀਂ ਪੈ ਕੇ ਹੋਰ ਹੋਰ ਇਲਾਕਿਆਂ ਵਿਚੋਂ ਦੀ ਹੋ ਕੇ ਸ੍ਰੀਨਗਰ ਦੇ ਗੁਰਦੁਆਰਾ ਸ਼ਹੀਦ ਬੁੰਗਾ ਸਾਹਿਬ ਪਹੁੰਚੇ। ਨਵੇਂ ਸਫ਼ਰ ਵਿਚ ਰਸਤਾ ਭੁੱਲਣਾ ਵੀ ਕੁਦਰਤ ਦਾ ਇਕ ਇਸ਼ਾਰਾ ਸਮਝਣਾ ਚਾਹੀਦਾ ਹੈ। ਗੁਰਦੁਆਰਾ ਸ਼ਹੀਦ ਬੁੰਗਾ ਸਾਹਿਬ ਕਿਸੇ ਗੁਰੂ ਸਾਹਿਬਾਨ ਦੇ ਇਤਿਹਾਸ ਨਾਲ ਤਾਂ ਨਹੀਂ ਜੁੜਿਆ ਹੋਇਆ ਪਰ ਸਿੱਖ ਇਤਿਹਾਸ ਨਾਲ ਇਸਦੀ ਡੂੰਘੀ ਯਾਦ ਜੁੜੀ ਹੋਈ ਹੈ। ਇਸ ਗੁਰਦੁਆਰਾ ਸਾਹਿਬ ਦਾ ਇਤਿਹਾਸ ਇਹ ਹੈ ਕਿ ਇੱਥੇ ਉਹਨਾਂ ਸਿੱਖ ਸ਼ਹੀਦ ਯੋਧਿਆਂ ਦਾ ਸਮੂਹਿਕ ਸਸਕਾਰ ਕੀਤਾ ਗਿਆ ਸੀ। ਜਿਨ੍ਹਾਂ ਨੇ ਕਸ਼ਮੀਰ ਵਿਚ ਸਿੱਖ ਰਾਜ ਸਥਾਪਤ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੀਆਂ ਜੰਗੀ ਮੁਹਿੰਮਾ ਵਿਚ ਸ਼ਹੀਦੀਆਂ ਪਾਈਆਂ ਸਨ। ਇਹ ਗੁਰਦੁਆਰਾ ਸਾਹਿਬ ਬਹੁਤ ਖੁੱਲੀ ਥਾਂ ਵਿੱਚ ਹੈ। ਇਸਦੀ ਲੇਅ ਆਊਟ ਬਹੁਤ ਹੀ ਕਮਾਲ ਦੀ ਹੈ, ਜਿਵੇਂ ਪ੍ਰਦੇਸ਼ਾਂ ਵਿੱਚ ਗੁਰਦੁਆਰੇ ਦੀ ਹਰ ਸੁੱਖ ਸਹੂਲਤ, ਸਫ਼ਾਈ ਤੇ ਸੁੰਦਰਤਾ ਮੁੱਖ ਰੱਖੀ ਜਾਂਦੀ ਹੈ। ਗੁਰਦੁਆਰਾ ਸਾਹਿਬ ਲਈ ਪਾਰਕਿੰਗ, ਲੰਗਰ ਸਥਾਨ, ਰਿਹਾਇਸ਼ੀ ਸਰਾਂ, ਵੇਹੜੇ ਵਿੱਚ ਸੰਭਾਲੇ ਹੋਏ ਚਨਾਰ ਦੇ ਦਰਖਤਾਂ ਨੂੰ ਇਸ ਤਰਾਂ ਸੰਭਾਲ ਕੇ ਰੱਖਿਆ ਹੋਇਆ ਕਿ ਗੁਰਦੁਆਰਾ ਬਹੁਤ ਹੀ ਸੁੰਦਰ ਲੱਗਦਾ ਹੈ। ਮੁਖ ਗੇਟ ਤੋਂ ਦਰਬਾਰ ਤੱਕ ਛੱਤ ਵਾਲੇ ਮਾਰਗ ਅਤੇ ਗੁਰਦੁਆਰਾ ਸਾਹਿਬ ਦੀ ਸ਼ੋਭਾ ਕਹੀ ਹੀ ਨਹੀਂ ਜਾ ਸਕਦੀ।

ਜੰਮੂ ਤੋਂ ਸ. ਰਾਜਿੰਦਰ ਸਿੰਘ ਰੈਣਾ ਸਾਡੀ ਅਗਵਾਈ ਤੇ ਦਿਨ ਦੇ ਟੂਰ ਦੀ ਵਿਉਂਤਬੰਦੀ ਫ਼ੋਨ ਰਾਹੀਂ ਇਸ ਤਰ੍ਹਾਂ ਕਰ ਰਹੇ ਸਨ, ਜਿਵੇਂ ਕੋਈ ਫੌਜੀ ਕਮਾਂਡਰ ਸਕੀਮ ਲਈ ਭੇਜੀ ਹੋਈ ਫੌਜੀ ਟੁਕੜੀ ਨੂੰ ਸਮੇਂ ਸਮੇਂ ਦਿਸ਼ਾ ਨਿਰਦੇਸ਼ ਦਿੰਦੇ ਹਨ। ਰੈਣਾ ਸਾਹਿਬ ਸ੍ਰੀਨਗਰ ਦੇ ਵਾਸੀ ਅਤੇ ਦੂਰਦਰਸ਼ਨ ਦੇ ਡਾਇਰੈਕਟਰ ਹੋਣ ਕਾਰਨ ਇਕੱਲੀ ਇਕੱਲੀ ਗਲੀ, ਸਾਰੇ ਸਾਹਿਤਕਾਰਾਂ ਤੇ ਸਾਰੀਆਂ ਵੇਖਣਯੋਗ ਥਾਵਾਂ ਦੇ ਜਾਣੂ ਹਨ। ਅੱਜ ਉਹਨਾਂ ਨੇ ਤਿੰਨ ਵਜੇ ਸਾਡੀ ਮੀਟਿੰਗ ਜਨਾਬ ਮਨਜ਼ੂਰ ਅਹਿਮਦ ਨਾਲ ਰੱਖੀ ਹੋਈ ਸੀ। ਅਸੀਂ ਕੁਝ ਦੇਰ ਆਰਾਮ ਕਰਕੇ ਉਹਨਾਂ ਨੂੰ ਮਿਲਣ ਲਈ ਦੋ ਵਜੇ ਗੁਰਦੁਆਰਾ ਸ਼ਹੀਦੀ ਬਾਗ਼ ਤੋਂ ਚੱਲ ਪਏ। ਡੱਲ ਗੇਟ, ਡੱਲ ਝੀਲ, ਨਸ਼ਾਤ ਬਾਗ਼ ਰਾਹੀਂ ਲੰਘਦਿਆਂ ਤੇ ਦੇਸ਼ ਭਰ ਤੋਂ ਆਏ ਯਾਤਰੂਆਂ ਨੂੰ ਰਸਤਿਆਂ ਵਿੱਚ ਵੇਖਦੇ ਹੋਏ ਅਸੀਂ ਮਨਜ਼ੂਰ ਸਾਹਿਬ ਦੇ ਪਿੰਡ ਬੁਰੇਨ ਵਿਖੇ ਆਸਿਦ ਰਿਜ਼ੋਰਟ ਦੇ ਨੇੜੇ ਪਹੁੰਚ ਗਏ। ਮਨਜ਼ੂਰ ਸਾਹਿਬ ਨਾਲ ਮੇਰੀ ਪਿਛਲੇ ਸਾਲਾਂ ਤੋਂ ਕੇਵਲ ਟੈਲੀਫ਼ੋਨ 'ਤੇ ਹੀ ਗੱਲਬਾਤ ਹੁੰਦੀ ਰਹਿੰਦੀ ਸੀ। ਉਹ ਸੜਕ ਉਤੇ ਆਪਣੇ ਘਰ ਤੇ ਬਾਗ਼ ਨੂੰ ਜਾਂਦੀ ਗਲੀ ਦੇ ਮੋੜ ਉਤੇ ਸਾਡਾ ਇੰਤਜ਼ਾਰ ਕਰ ਰਹੇ ਸਨ। ਮਨਜ਼ੂਰ ਅਹਿਮਦ ਸਾਨੂੰ ਮੁੱਖ ਸੜਕ ਤੋਂ ਘਰ ਨੂੰ ਜਾਣ ਵਾਲੀ ਸ਼ਾਰਟ ਕੱਟ ਗਲੀ ਰਾਹੀਂ ਘਰ ਦੇ ਬਿਲਕੁਲ ਨੇੜੇ ਸਿੱਧੇ ਆਪਣੇ ਬਾਗ਼ ਵਿਚ ਲੈ ਗਏ। ਰੈਣਾ ਸਾਹਿਬ ਦੇ ਦੱਸਣ ਅਨੁਸਾਰ ਉਹ ਆਰਥਿਕ ਤੌਰ ਤੇ ਬਹੁਤ ਖੁਸ਼ਹਾਲ ਹਨ। ਬਾਗ਼, ਉਨ੍ਹਾਂ ਦੀ ਮਹਿਮਾਨ ਨਿਵਾਜੀ, ਕਈ ਕਮਰਿਆਂ ਤੇ ਮੰਜ਼ਿਲਾਂ ਵਾਲਾ ਘਰ ਇਸ ਸਚਾਈ ਦੀ ਜਾਮਨੀ ਦੇ ਰਿਹਾ ਸੀ।

ਉਸ ਬਾਗ਼ ਵਿੱਚ ਸੇਬ, ਆੜੂ, ਅਖਰੋਟ ਅਤੇ ਆਲੂ ਬੁਖਾਰੇ ਦੇ ਬੂਟਿਆਂ ਨੂੰ ਫ਼ਲ ਲੱਗਿਆ ਹੋਇਆ ਸੀ, ਐਪਰ ਸਾਰੇ ਫ਼ਲਾਂ ਵਿਚੋਂ ਕੇਵਲ ਆਲੂ ਬੁਖਾਰਾ ਹੀ ਪੱਕਿਆ ਹੋਇਆ ਸੀ, ਬਾਕੀ ਅਜੇ ਕੱਚੇ ਸਨ। ਬਾਗ਼ ਵਿੱਚ ਸਾਡੇ ਬੈਠਣ ਲਈ ਖੁੱਲੇ ਥਾਂ ਕੁਰਸੀਆਂ ਅਤੇ ਮੇਜ ਲਗਾਏ ਹੋਏ ਸਨ। ਹਰੇ ਭਰੇ ਬਾਗ ਦੇ ਵਿੱਚ ਬੈਠ ਕੇ ਉਹਨਾਂ ਨੇ ਸਾਡਾ ਖ਼ੂਬ ਦਿਲ ਲਗਾਇਆ ਅਤੇ ਇਲਮ ਦੀਆਂ ਡੂੰਘੀਆਂ ਗੱਲਾਂ ਸੁਣਾਈਆਂ। ਮੇਰੇ ਸਾਥੀ ਪੱਕੇ ਹੋਏ ਫ਼ਲਾਂ

ਦੀਆਂ ਟਾਹਣੀਆਂ ਨੇੜੇ ਖਿੱਚ ਕੇ ਦੇਖਣ ਲੱਗੇ ਤਾਂ ਮਨਜ਼ੂਰ ਅਹਿਮਦ ਨੇ ਪੌੜੀ ਲਿਆ ਦਿੱਤੀ ਕਿ ਆਪ ਤੋੜ ਕੇ ਮਿੱਠੇ ਮਿੱਠੇ ਫ਼ਲ ਖਾਓ। ਇਸ ਤਰਾਂ ਹੁਸ਼ਿਆਰਪੁਰ ਵਿਚ ਸਾਡੇ ਅੰਬਾਂ ਦੇ ਵਪਾਰੀ ਕਰਿਆ ਕਰਦੇ ਸਨ। ਮੇਰੇ ਸਾਥੀਆਂ ਨੇ ਕੁਝ ਫ਼ਲ ਮੇਰੇ ਟੇਬਲ ਉਤੇ ਵੀ ਰੱਖ ਦਿੱਤੇ। ਥੋੜੀ ਦੇਰ ਬਾਅਦ ਮਨਜ਼ੂਰ ਅਹਿਮਦ ਆਪਣੇ ਘਰੋਂ ਚਾਹ ਅਤੇ ਖਾਣ ਵਾਲੇ ਹੋਰ ਪਦਾਰਥਾਂ ਨਾਲ ਭਰਿਆ ਹੋਇਆ ਇਕ ਵੱਡਾ ਟਰੇਅ ਟੇਬਲ ਉਤੇ ਰੱਖ ਰੱਖ ਕੇ ਕਹਿਣ ਲੱਗੇ ਕਿ ਆਓ! ਪਹਿਲਾਂ ਚਾਹ ਪੀਓ। ਮੈਨੂੰ ਇਹ ਮਹਿਮਾਨ ਨਿਵਾਜ਼ੀ ਵੇਖ ਕੇ ਜਪਾਨ ਦੇ ਲੋਕਾਂ ਦੀ ਤਰਜ਼ੇ ਜ਼ਿੰਦਗੀ ਯਾਦ ਆ ਗਈ, ਜਿਸ ਬਾਰੇ ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਹੈ ਕਿ ਜਾਪਾਨ ਦੇ ਲੋਕ ਹਰੇ ਭਰੇ ਖੁੱਲੇ ਬਾਗ਼ਾਂ ਤੇ ਫੁੱਲਾਂ ਵਿੱਚ ਬੈਠ ਕੇ ਚਾਹ ਪੀਣ ਦੇ ਆਨੰਦ ਨੂੰ ਇੱਕ ਬਹਿਸ਼ਤੀ ਨਜ਼ਾਰਾ ਮੰਨਦੇ ਹਨ। ਫਿਰ ਉਹ ਸਾਨੂੰ ਆਪਣੇ ਘਰ ਦੇ ਤੀਸਰੀ ਮੰਜਿਲ ਉਪਰ ਰੱਖੀਆਂ ਹੋਈਆਂ ਬੇਸ਼ੁਮਾਰ ਪੰਜਾਬੀ, ਹਿੰਦੀ, ਉਰਦੂ ਅਰਬੀ, ਫ਼ਾਰਸੀ ਤੇ ਅੰਗਰੇਜ਼ੀ ਦੀਆਂ ਕਿਤਾਬਾਂ ਅਤੇ ਹੱਥਲਿੱਖਤਾਂ ਵੇਖਣ ਲਈ ਕਹਿਣ ਲੱਗੇ। ਮੈਂ ਆਇਆ ਤਾਂ ਇਹੀ ਵੇਖਣ ਤੇ ਖੰਘਾਲਣ ਸੀ, ਪ੍ਰੰਤੂ ਢਲਦੇ ਦਿਨ ਦਾ ਥੋੜਾ ਸਮਾਂ ਬਾਕੀ ਰਹਿਣ, ਸਰੀਰਕ ਥਕਾਵਟ ਤੇ ਫਿਰ ਖੁਲ੍ਹੇ ਸਮੇਂ ਦੀ ਤਵੱਕੋਂ ਕਰਦਿਆਂ ਮੈਂ ਦੋ ਮੰਜਲਾਂ ਉਪਰ ਨਾ ਜਾ ਸਕਿਆ। ਮੈਂ ਆਪਣੇ ਸਾਥੀਆਂ ਨੂੰ ਮਨਜ਼ੂਰ ਸਾਹਿਬ ਦੇ ਨਾਲ ਭੇਜ ਦਿੱਤਾ। ਮੇਰੇ ਸਾਥੀ ਉਹਨਾਂ ਦਾ ਸੰਗ੍ਰਹਿ ਦੇਖ ਕੇ ਬਹੁਤ ਹੈਰਾਨ ਹੋਏ ਅਤੇ ਮੇਰੇ ਲਈ ਇੱਕ ਵੀਡੀਓ ਬਣਾ ਲਿਆਏ। ਮਨਜ਼ੂਰ ਸਾਹਿਬ ਨੇ 7-8 ਹੱਥਲਿਖਤਾਂ ਲਿਆ ਕੇ ਮੇਰੇ ਟੇਬਲ 'ਤੇ ਰੱਖ ਦਿੱਤੀਆਂ। ਇਹ ਹੱਥਲਿਖਤਾਂ ਦੇ ਵਿਕੋਲਤਰੇ ਪੰਨੇ ਸਨ। ਇਹਨਾਂ ਵਿੱਚ ਗੁਰ ਬਿਲਾਸ, ਭਗਵਤ ਗੀਤਾ ਅਤੇ ਹੋਰ ਜਾਣੂ ਪਛਾਣੂ ਕੁਝ ਗ੍ਰੰਥਾਂ ਦੇ ਪੰਨੇ ਸਨ। ਮੈਂ ਸੋਚਿਆ ਫਿਰ ਕਦੇ ਇਹਨਾਂ ਦੇ ਨਾਲ ਰਾਬਤਾ ਕਰਾਂਗੇ ਤੇ ਖੁੱਲਾ ਤੇ ਵਿਸ਼ੇਸ਼ ਸਮਾਂ ਕੱਢ ਕੇ ਇਹਨਾਂ ਦੀ ਲਾਇਬਰੇਰੀ ਵਿੱਚੋਂ ਮੈਂ ਆਪਣੇ ਨਿਸ਼ਾਨੇ ਵਾਲੀਆਂ ਉਨ੍ਹਾਂ ਤਿੰਨ-ਚਾਰ ਹੱਥਲਿਖਤਾਂ ਨੂੰ ਜ਼ਰੂਰ ਲੱਭਾਂਗਾ ਜਿਹੜੀਆਂ ਮੈਂ ਬਹੁਤ ਦੇਰ ਤੋਂ ਤਲਾਸ਼ ਰਿਹਾ ਹਾਂ। ਮੈਨੂੰ

1) ਭਾਈ ਧੰਨਾ ਸਿੰਘ ਚਹਿਲ ਦੀ ਕਸ਼ਮੀਰ ਵਿਚ ਗੁੰਮ ਹੋਈ ਨੌਂਵੀਂ ਡਾਇਰੀ;
2) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਪੰਜਾਬੀ ਕਾਇਦਾ;
3) ਹਜ਼ਰਤ ਮੌਲਵੀ ਗੁਲਾਮ ਰਸੂਲ ਆਲਮਪੁਰੀ ਦੀ ਲਿਖਤ ਦਾ ਕਲਮੀ ਨੁਸਖ਼ਾ ਅਤੇ
4) ਉਰਦੂ ਵਿੱਚ ਲਿਖੀ ਉਹ ਹੱਥਲਿਖਤ ਜਿਸ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਅਤੇ ਬਾਦਸ਼ਾਹ ਜਹਾਂਗੀਰ ਦੀ ਗੱਲਬਾਤ ਲਿਖੀ ਹੋਈ ਹੈ; ਲੱਭਣ ਦਾ ਜਨੂੰਨ ਹੈ। ਇਹ ਹੱਥਲਿਖਤ ਭਾਈ ਧੰਨਾ ਸਿੰਘ ਨੂੰ ਕਸ਼ਮੀਰ ਯਾਤਰਾ ਸਮੇਂ ਇਕ ਮੌਲਵੀ ਨੇ ਵਿਖਾਈ ਸੀ।

ਉਹਨਾਂ ਨੇ ਹੱਥਲਿਖਤਾਂ ਦੇ ਬਾਅਦ ਕੁਝ ਕਿਤਾਬਾਂ ਮੈਨੂੰ ਵਿਖਾਈਆਂ ਜਿਹੜੀਆਂ ਕਿ ਫਜ਼ਲ ਕਸ਼ਮੀਰੀ ਦੁਆਰਾ ਜਪੁਜੀ ਸਾਹਿਬ, ਸੁਖਮਨੀ ਸਾਹਿਬ ਤੇ ਹੋਰ ਬਾਣੀਆਂ ਦੇ ਕਸ਼ਮੀਰੀ ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਤਰਜਮੇ ਸਨ। ਉਹ ਤਰਜਮਾ ਪੜ੍ਹ ਕੇ ਸਾਫ਼ ਪਤਾ ਲੱਗ ਜਾਂਦਾ ਹੈ ਕਿ ਹੋਰ ਭਾਸ਼ਾ ਵਿਚ ਕਾਵਿ ਅਨੁਵਾਦ ਦੇ ਨਾਲ ਅੰਗਰੇਜ਼ੀ ਦੇ ਮੀਟਰ (ਪਿੰਗਲ) ਦੀ ਵੀ ਵਰਤੋਂ ਕੀਤੀ ਹੈ ਤੇ ਫਜ਼ਲ ਕਸ਼ਮੀਰੀ ਨੂੰ ਗੁਰਬਾਣੀ ਦੀ ਖ਼ੂਬ ਸਮਝ ਹੈ। ਭੂਮਿਕਾ ਪੜ੍ਹਨ ਤੋਂ ਮੈਨੂੰ ਪਤਾ ਲੱਗਾ ਕਿ ਫ਼ਜ਼ਲ ਕਸ਼ਮੀਰੀ ਨੇ ਗੁਰੂ ਰਾਮਦਾਸ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਵੀ ਸਫਲ ਅਨੁਵਾਦ ਕੀਤੇ ਹੋਏ ਹਨ। ਇਹਨਾਂ ਪੁਸਤਕਾਂ ਦੀ ਛਪਾਈ ਸਮੇਂ ਪੰਨਿਆਂ ਦੀ ਕੈਲੀਗਰਾਫ਼ੀ ਵੀ ਸੁੰਦਰ ਸੀ। ਸਰਸਰੀ ਨਜ਼ਰ ਮਾਰ ਕੇ ਮੈਂ ਮਨਜ਼ੂਰ ਸਾਹਿਬ ਨਾਲ ਅੱਠਵੀਂ ਅਸ਼ਟਪਦੀ ਦੀਆਂ ਕੁਝ ਤੁਕਾਂ ਦੇ ਮੀਟਰ (ਪਿੰਗਲ) ਵਿੱਚ ਕੀਤੇ ਅਨੁਵਾਦ ਬਾਰੇ ਆਪਣੇ ਖ਼ਿਆਲ ਸਾਂਝੇ ਕੀਤੇ। ਤੁਰਨ ਵੇਲੇ ਅਸੀਂ ਕੁਝ ਕਿਤਾਬਾਂ ਮਨਜ਼ੂਰ ਸਾਹਿਬ ਨੂੰ ਭੇਟ ਕੀਤੀਆਂ ਜਿਹਨਾਂ ਵਿੱਚ **Heritage Beyond Borders ਅਤੇ Sikh Soldiers in Italy During Second World War, ਪੀਰ ਬੁੱਧੂ ਸ਼ਾਹ** ਆਦਿ ਸ਼ਾਮਿਲ ਸਨ। ਮਨਜ਼ੂਰ ਸਾਹਿਬ ਨੇ ਸਾਨੂੰ ਬਹੁਤ ਜ਼ੋਰ ਲਾਇਆ ਕਿ ਸਾਡੇ ਘਰ ਇਕ ਦੋ ਦਿਨ ਜਰੂਰ ਰਹੋ ਪਰ ਸਾਡੇ ਕੋਲ ਸਮਾਂ ਨਹੀਂ ਸੀ। ਅਸੀਂ ਇਹ ਮਨ ਵਿੱਚ ਸੁਪਨਾ ਲੈ ਕੇ ਤੇ ਉਹਨਾਂ ਦੇ ਨਾਲ ਸੱਚਾ ਜਾਂ ਝੂਠਾ ਵਾਹਿਦਾ ਕਰਕੇ, ਕਿ ਫਿਰ ਆਵਾਂਗੇ, ਵਿਦਾਇਗੀ ਲੈ ਕੇ ਅਗਲੀ ਮੰਜਿਲ ਵੱਲ ਚੱਲ ਪਏ। ਉਹਨਾਂ ਦਾ ਇਹ ਖ਼ਜ਼ਾਨਾ ਦੇਖ ਕੇ ਮੇਰੇ ਮਨ 'ਤੇ ਬੜਾ ਹੀ ਚੰਗਾ ਪ੍ਰਭਾਵ ਪਿਆ ਕਿ ਇੱਕ ਸਧਾਰਨ ਜੀਵਨ ਜਿਉਣ ਵਾਲਾ ਤੇ ਖੇਤੀਬਾੜੀ ਕਰਨ ਵਾਲਾ ਵਿਅਕਤੀ ਇੰਨੀਆਂ ਕੀਮਤੀ ਹੱਥਲਿਖਤਾਂ ਤੇ ਕਿਤਾਬਾਂ

ਨੂੰ ਸਾਂਭੀ ਬੈਠਾ ਹੈ। ਗੱਲਬਾਤ ਵਿੱਚ ਮਨਜ਼ੂਰ ਸਾਹਿਬ ਨੇ ਦੱਸਿਆ ਕਿ ਉਹ ਉਰਦੂ ਅਕੈਡਮੀ ਮਲੇਰਕੋਟਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਹੋਰ ਥਾਵਾਂ ਤੇ ਕਈ ਵਾਰ ਜਾ ਚੁੱਕੇ ਹਨ।

ਅਸੀਂ ਵਾਪਸ ਡੱਲ ਲੇਕ ਦੇ ਕਿਨਾਰੇ ਹੁੰਦੇ ਹੋਏ ਸ਼ਹਿਰ ਦੇ ਕਈ ਬਾਜ਼ਾਰ ਲੰਘ ਕੇ ਰੈਣਾ ਸਾਹਿਬ ਦੇ ਛੋਟੇ ਭਰਾ ਸਰਦਾਰ ਜਗਮੋਹਨ ਸਿੰਘ ਰੈਣਾ ਦੇ ਘਰ ਪਹੁੰਚ ਗਏ। ਸਰਦਾਰ ਜਗਮੋਹਨ ਸਿੰਘ ਰੈਣਾ ਦਾ ਘਰ ਬਹੁਤ ਖੁੱਲਾ ਡੁੱਲਾ ਤੇ ਫੁੱਲਦਾਰ ਬਗ਼ੀਚਿਆਂ ਨਾਲ ਭਰਿਆ ਹੋਇਆ ਸੀ। ਘਰ ਵਿੱਚ ਖੜੀਆਂ ਪੰਜ ਛੇ ਕਾਰਾਂ, ਡਰਾਇੰਗ ਰੂਮ ਦਾ ਫਰਨੀਚਰ ਤੇ ਲੱਕੜ ਨਕਾਸ਼ੀ ਆਦਿ ਸਾਰਾ ਕੁਝ ਵੇਖ ਕੇ ਯਕੀਨ ਆਉਂਦਾ ਸੀ ਕਿ ਇਹ ਕਸ਼ਮੀਰ ਦੇ ਕਿਸੇ ਰਾਈਸ ਪੁਰਖ ਦਾ ਘਰ ਹੈ। ਸ. ਜਗਮੋਹਨ ਸਿੰਘ ਬਚਪਨ ਤੋਂ ਸ੍ਰੀਨਗਰ ਰਹਿ ਰਹੇ ਹਨ। ਆਪ ਸਿੱਖ ਰਾਜਨੀਤੀ ਦੇ ਖੇਤਰ ਵਿਚ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕਈ ਸੰਸਥਾਵਾਂ ਦੇ ਮੈਂਬਰ ਤੇ ਉਚ ਅਹੁਦੇਦਾਰ ਹਨ। ਸਮੇਂ ਦੇ ਹਾਕਮਾਂ ਤੇ ਸ਼ਹਿਰ ਦੇ ਸਾਰੇ ਸਿਰ ਕੱਢ ਵਿਅਕਤੀਆਂ ਨਾਲ ਉਹਨਾਂ ਦਾ ਗੂੜ੍ਹਾ ਰਾਬਤਾ ਹੈ। ਅਸੀਂ ਉਹਨਾਂ ਨਾਲ ਕਸ਼ਮੀਰ ਦੇ ਇਤਿਹਾਸ ਤੇ ਸਿੱਖਾਂ ਦੀ ਸਥਿਤੀ ਬਾਰੇ ਗੁਫ਼ਤਗੂ ਕੀਤੀ। ਸਾਨੂੰ ਲੱਗਿਆ ਜਿਵੇਂ ਕਿ ਸਾਨੂੰ ਬਹੁਤ ਨਵਾਂ ਗਿਆਨ ਪ੍ਰਾਪਤ ਹੋਇਆ ਹੈ। ਸ. ਜਗਮੋਹਨ ਸਿੰਘ ਇੱਥੇ ਇੱਕ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਕਸ਼ਮੀਰ ਦੇ ਸੰਚਾਲਕ ਹਨ ਅਤੇ ਸਿੱਖਾਂ ਦੇ ਹਰ ਮਸਲੇ ਲਈ ਸਰਕਾਰ ਪਾਸ ਗੱਲ ਕਰਨ ਵਾਲੇ ਪਹਿਲੀ ਕਤਾਰ ਦੇ ਸਿੱਖ ਆਗੂ ਹਨ। ਉਹਨਾਂ ਦੇ ਕੋਲ ਕੁਝ ਸਮਾਂ ਬਹਿ ਕੇ ਅਸੀਂ ਵਾਪਸ ਗੁਰਦੁਆਰਾ ਸਾਹਿਬ ਆ ਗਏ। ਸ੍ਰੀ ਰਹਿਰਾਸ ਸਾਹਿਬ ਜੀ ਦੇ ਕੀਰਤਨ ਸਰਵਣ ਕਰਨ ਉਪਰੰਤ ਗੁਰਦੁਆਰਾ ਸਾਹਿਬ ਦੇ ਲੰਗਰ ਵਿੱਚ ਜਾ ਬੈਠੇ। ਗੁਰਦੁਆਰਾ ਸਾਹਿਬ ਦੇ ਕਸ਼ਮੀਰੀ ਨੌਜੁਆਨਾਂ ਵਲੋਂ ਬਹੁਤ ਪ੍ਰੇਮ ਦੇ ਨਾਲ ਲੰਗਰ ਵਰਤਾਇਆ ਜਾ ਰਿਹਾ ਵੇਖ ਕੇ ਆਪ ਮੁਹਾਰੇ ਮੂੰਹ ਵਿਚੋਂ ਧੰਨ ਸਿੱਖੀ ! ਧੰਨ ਸਿੱਖੀ !! ਨਿਕਲ ਰਿਹਾ ਸੀ। ਗੁਰਦੁਆਰਾ ਸਾਹਿਬ ਵਿੱਚ ਬਰਤਣ ਰੱਖਣ ਦਾ ਇੱਕ ਵੱਖਰਾ ਹੀ ਸਟਾਈਲ ਸੀ। ਕਈ ਸੱਜਣਾਂ ਨਾਲ ਇਥੇ ਮੁਲਾਕਾਤ ਹੋਈ।

ਅੱਜ 27 ਜੂਨ 2026 ਦਿਨ ਸ਼ਨੀਵਾਰ ਸੀ। ਸਾਡੀ ਵਾਪਸੀ ਦਾ ਦਿਨ ਸੀ। ਅਸੀਂ ਗੁਰਦੁਆਰਾ ਸ਼ਹੀਦ ਬੂੰਗਾ ਵਿਖੇ ਠਹਿਰੇ ਹੋਏ ਸਾਂ। ਅੰਮ੍ਰਿਤ ਵੇਲੇ ਉੱਠ ਕੇ ਗੁਰੂ ਦਰਬਾਰ ਦੇ ਵਿੱਚ ਹਾਜ਼ਰੀ ਭਰੀ। ਗੁਰਦੁਆਰਾ ਸਾਹਿਬ ਦੀ ਅੰਦਰੂਨੀ ਸਜਾਵਟ ਤੇ ਰੂਹਾਨੀ ਵਾਤਾਵਰਣ ਬੇਹੱਦ ਸੋਹਣਾ ਸੀ। ਉੱਠਣ ਨੂੰ ਦਿਲ ਹੀ ਨਹੀਂ ਕਰਦਾ ਸੀ। ਸ਼ਬਦ ਕੀਰਤਨ ਦੀ ਸਮਾਪਤੀ ਉਪਰੰਤ ਅਸੀਂ ਚਾਹ ਦਾ ਲੰਗਰ ਛਕਿਆ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ, ਵਿਸ਼ੇਸ਼ ਤੌਰ 'ਤੇ ਲਾਇਬ੍ਰੇਰੀਅਨ ਅਤੇ ਮੈਨੇਜਰ ਸਾਹਿਬ ਨਾਲ ਰਾਬਤਾ ਕਾਇਮ ਕੀਤਾ। ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਦਾ ਨਾਮ ਕਰਤਾਰ ਸਿੰਘ ਕੋਮਲ ਲਾਇਬਰੇਰੀ ਹੈ। ਲਾਇਬਰੇਰੀ ਬਹੁਤ ਸੋਹਣੇ ਢੰਗ ਨਾਲ ਬਣਾਈ ਹੋਈ ਹੈ। ਕਰਤਾਰ ਸਿੰਘ ਕੋਮਲ ਜੇ. ਐਸ. ਉਬਰਾਏ ਦੇ ਅਧਿਆਪਕ ਰਹੇ ਹਨ। ਉਬਰਾਏ ਸਾਹਿਬ ਨੇ ਕਈ ਕਿਤਾਬਾਂ ਲਿਖੀਆਂ ਹਨ ਤੇ ਅੱਜ ਕੱਲ ਗੁਰਦੁਆਰਾ ਪਾਤਸ਼ਾਹੀ ਛੇਵੀਂ ਰੈਣਾਵਾੜੀ ਦੇ ਪ੍ਰਧਾਨ ਹਨ। ਉਨ੍ਹਾਂ ਨੇ ਫੋਨ ਉਤੇ ਦੱਸਿਆ ਕਿ ਮੈਂ ਜਲੰਧਰ ਪੜ੍ਹਿਆ ਹਾਂ ਤੇ ਸਾਡਾ ਇਕ ਘਰ ਮਿਸ਼ਨ ਹਸਪਤਾਲ ਦੇ ਸਾਹਮਣੇ ਲਾਜਪਤ ਨਗਰ ਜਲੰਧਰ ਵਿਚ ਹੈ। ਇਸ ਗੁਰਦੁਆਰਾ ਸਾਹਿਬ ਦੀ ਕੋਮਲ ਲਾਇਬਰੇਰੀ ਨੂੰ ਭੇਟ ਕੀਤੀਆਂ ਪੁਸਤਕਾਂ ਵਿੱਚ -ਗੁਰ ਤੀਰਥ ਸਾਈਕਲ ਯਾਤਰਾ, ਪੁਰਾਤਨ ਸਿੱਖ ਸਾਹਿਤ ਸੰਗ੍ਰਹਿ, ਭਾਈ ਠਾਕਰ ਸਿੰਘ ਦੀਆਂ ਲਿਖਤਾਂ, ਸਾਹਿਬਜ਼ਾਦਿਆਂ ਦੇ ਸ਼ਹੀਦੀ ਪ੍ਰਸੰਗ, ਕਿੱਸਾ ਜੰਗਨਾਮਾ ਕਸ਼ਮੀਰ, 14 ਜਿਲਦਾਂ ਵਾਲਾ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਇੱਕ ਪੂਰਾ ਸੈਟ, Heritage Beyond Borders ਅਤੇ ਹੋਰ ਕਈ ਕਿਤਾਬਾਂ ਸਨ। ਇਨਾਂ ਦੀ ਸੂਚੀ ਬਣਾ ਕੇ ਅਸੀਂ ਲਾਈਬਰੇਰੀਅਨ ਨੂੰ ਦਿੱਤੀ। ਪ੍ਰਬੰਧਕ ਸਾਡੀ ਸੇਵਾ ਭਾਵਨਾ ਦੇਖ ਕੇ ਬਹੁਤ ਖੁਸ਼ ਹੋਏ। ਮੈਨੇਜਰ ਸਾਹਿਬ- ਸੰਜੀਤ ਸਿੰਘ ਨੇ ਦੱਸਿਆ ਇਥੇ ਪਹਿਲਾਂ ਪੰਜਾਬੀ ਯੂਨੀਵਰਸਿਟੀ ਵਾਲੇ ਆਏ ਸਨ ਅਤੇ ਸਾਡੇ ਨਾਲ ਵਾਇਦਾ ਕਰ ਗਏ ਸਨ ਕਿ ਜਾ ਕੇ ਲਾਇਬ੍ਰੇਰੀ ਲਈ ਕਿਤਾਬਾਂ ਭੇਜਾਂਗੇ ਪਰ ਉਹਨਾਂ ਨੇ ਭੇਜੀਆਂ ਨਹੀਂ। ਤੁਸੀਂ ਆਪਣੇ ਆਪ ਲੈ ਕੇ ਆਏ ਹੋ, ਸਾਨੂੰ ਤੁਹਾਡੇ ਆਉਣ ਦੀ ਬੜੀ ਖੁਸ਼ੀ ਹੈ। ਆਓ ! ਬਾਰ ਬਾਰ ਆਓ !! ਅਸੀਂ ਗੁਰਦੁਆਰਾ ਸਾਹਿਬ ਦਾ ਆਲਾ ਦੁਆਲਾ ਰੱਜ ਰੱਜ ਕੇ ਵੇਖਿਆ। ਗੁਰਦੁਆਰੇ ਤੋਂ ਤੁਰਨ ਸਮੇਂ ਮੇਰੇ ਮਨ 'ਤੇ ਦੈਵੀ ਉਦਾਸੀ ਉਸੇ ਤਰ੍ਹਾਂ ਛਾ ਗਈ, ਜਿਵੇਂ, ਦਸੰਬਰ 1982 ਨੂੰ ਸ੍ਰੀ ਨਨਕਾਣਾ ਸਾਹਿਬ ਤੋਂ ਵਿਛੜਨ ਵੇਲੇ ਸਾਡੇ ਕਾਫ਼ਲੇ ਦੇ ਬਹੁਤੇ ਜੀਆਂ ਦੇ ਮਨਾਂ ਉਤੇ ਛਾ ਗਈ ਸੀ। "ਨਦੀ ਨਾਵ ਸੰਜੋਗੀ ਮੇਲੇ॥" ਦੀ ਅਮਰ ਸੱਚਾਈ ਸਾਡੇ ਮਨ ਅੰਦਰ ਛਾ


ਰਹੀ ਸੀ। ਅਸਲ ਵਿਚ ਮੈਨੂੰ ਇਸ ਗੁਰਦੁਆਰਾ ਸ਼ਹੀਦ ਬੁੰਗੇ ਵਿਚ ਸ਼ਹੀਦ ਸਿੰਘਾਂ ਦੇ ਹੋਏ ਸਸਕਾਰ, 1947 ਨੂੰ ਕਸ਼ਮੀਰ ਵਿਚ ਸਿੱਖਾਂ ਦਾ ਭਾਰੀ ਜਾਨੀ ਮਾਲੀ ਨੁਕਸਾਨ ਅਤੇ ਸੰਨ 2000 ਵਿਚ ਚਿੱਠੀ ਸਿੰਘਪੋਰਾ ਵਿਚ 40 ਸਿੱਖਾਂ ਦੀ ਸ਼ਹੀਦੀ ਅਤੇ ਭਵਿੱਖ ਵਿਚ ਕਸ਼ਮੀਰੀ ਸਿੱਖਾਂ ਦੀ ਤਕਦੀਰ ਬਾਰੇ ਡਰਾਉਣੇ ਖ਼ਿਆਲ ਦਿਲਗੀਰ ਕਰ ਰਹੇ ਸਨ ਤਾਂ ਮੈਨੂੰ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਬਾਅਦ ਵਿਛੜਨ ਵੇਲੇ ਦਾ ਸਮਾਂ ਯਾਦ ਆ ਗਿਆ।


ਸੰਗਤ ਦੇ ਦਰਸ਼ਨ ਕਰਕੇ ਅਸੀਂ 8 ਵਜੇ ਗੁਰਦੁਆਰਾ ਸ਼ਹੀਦੀ ਬਾਗ਼ ਤੋਂ ਜੰਮੂ ਲਈ ਚੱਲ ਪਏ। ਥੋੜੀ ਦੇਰ ਬਾਅਦ ਅਸੀਂ ਸ੍ਰੀਨਗਰ ਸ਼ਹਿਰ ਛੱਡ ਕੇ ਕਾਜ਼ੀ ਕੁੰਡ-ਬਨਿਹਾਲ ਵਾਲੇ ਐਕਸਪ੍ਰੈਸ ਵੇਅ ਤੇ ਚੜ੍ਹ ਗਏ। ਇਕ ਥਾਂ ਰਸਤੇ ਵਿੱਚ ਖੱਬੇ ਪਾਸੇ ਰੁਕ ਕੇ ਇਕ ਦੁਕਾਨ ਤੋਂ ਯਾਦ ਵਜੋਂ ਤੇ ਲੋੜ ਮੁਤਾਬਿਕ ਡਰਾਈ ਫਰੂਟ ਖਰੀਦਿਆ। ਮੇਰੇ ਮਿੱਤਰ ਅਵਤਾਰ ਸਿੰਘ ਨੇ ਗੁਆਂਡੀਆਂ ਤੇ ਰਿਸ਼ਤੇਦਾਰਾਂ ਨੂੰ ਭਾਜੀ ਵੰਡਣ ਵਾਂਗ ਖੁਲ੍ਹੇ ਦਿਲ ਨਾਲ ਖਰੀਦਾਰੀ ਕੀਤੀ। ਬਨਹਾਲ ਦੇ ਨੇੜੇ ਅੰਮ੍ਰਿਤਸਰ ਦੇ ਗਿਆਨੀਆਂ ਦਾ ਇੱਕ ਢਾਬਾ ਸੀ, ਜਿੱਥੇ ਸੁਆਦੀ ਭੋਜਨ ਖਾਣ ਨੂੰ ਮਿਲਿਆ। ਮਨਜੀਤ ਸਿੰਘ ਨੂੰ ਇਸ ਢਾਬੇ ਦਾ ਪਤਾ ਸੀ।


ਵਾਪਸੀ ਸਮੇਂ ਅਸੀਂ ਬਨਿਹਾਲ ਟੱਨਲ ਲੰਘ ਕੇ ਪਤਨੀਟੌਪ ਚਲੇ ਗਏ, ਜਿਹੜਾ ਕਿ ਐਕਸਪ੍ਰੈਸ ਵੇਅ ਬਣ ਜਾਣ ਕਾਰਨ ਹੁਣ ਇੱਕ ਪਾਸੇ ਰਹਿ ਜਾਂਦਾ ਹੈ। ਇਹ ਉਚਾਈ ਉਤੇ ਹੋਣ ਕਾਰਨ ਪ੍ਰਕ੍ਰਿਤਕ ਨਜ਼ਾਰਿਆਂ ਨਾਲ ਭਰਪੂਰ ਹੈ। ਪਤਨੀਟੌਪ ਦੀ ਸੜਕ ਵਿਚ ਸੁਧਾਰ ਕੀਤਾ ਜਾ ਰਿਹਾ ਸੀ। ਇਸ ਨਾਲ ਸਾਨੂੰ 40-50 ਕਿਲੋਮੀਟਰ ਦਾ ਵਾਧੂ ਸਫਰ ਤਾਂ ਪਿਆ, ਪਰ ਸਾਰੀ ਯਾਤਰਾ ਵਿਚ ਮੈਂ ਕੇਵਲ ਪਤਨੀਟੌਪ ਵਾਲਾ ਪੁਰਾਣਾ ਰਸਤਾ ਹੀ ਕੁਝ ਕੁਝ ਪਛਾਣ ਸਕਿਆ। ਰਸਤੇ ਵਿੱਚ ਇੱਕ ਚੁੱਲੇ ਵਾਲੀ ਚਾਹ ਦੀ ਮਸ਼ਹੂਰ ਦੁਕਾਨ ਤੋਂ ਸੈਲਾਨੀਆਂ ਦੇ ਰਿਵਾਜ਼ ਵਾਂਗ ਰੁੱਕ ਕੇ ਚਾਹ ਪੀਤੀ।


ਸ਼ਾਮ ਨੂੰ ਅਸੀਂ ਬੱਤੀਆਂ ਜਗਣ ਵੇਲੇ ਰੈਨਾ ਸਾਹਿਬ ਦੇ ਘਰ ਪਹੁੰਚ ਗਏ। ਉਹਨਾਂ ਨੂੰ ਅਸੀਂ ਆਪਣੀ ਸਾਰੀ ਯਾਤਰਾ ਦਾ ਹਾਲ ਸੁਣਾਇਆ। ਮੈਂ ਦੱਸਿਆ ਕਿ ਹੁਣ ਸ੍ਰੀਨਗਰ ਪਹੁੰਚਣ ਤੱਕ ਕਈ ਫਲਾਈ ਓਵਰ, ਨਵੀਆਂ ਇਮਾਰਤਾਂ ਅਤੇ ਮੋੜ ਆਉਂਦੇ ਹਨ। ਮੈਂ ਕੋਈ ਵੀ ਪੁਰਾਣਾ ਮੋੜ ਜਾਂ ਰਸਤਾ ਪਛਾਣ ਨਹੀਂ ਸਕਿਆ। ਇੰਨੇ ਸਮੇਂ ਵਿੱਚ ਬਹੁਤ ਕੁਝ ਬਦਲ ਚੁੱਕਾ ਹੈ। ਲੱਕੜੀ ਦੇ ਬਣੇ ਪੁਰਾਣੇ ਘਰ ਹੁਣ ਕੰਕਰੀਟ ਸੀਮੇਂਟ ਨਾਲ ਬਹੁ ਮੰਜਲਾ ਇਮਾਰਤਾਂ ਬਣ ਰਹੀਆਂ ਹਨ। ਇਸਲਾਮੀ ਪਹਿਰਾਵਾ ਵੀ ਕੁਝ ਘੱਟ ਗਿਆ ਹੈ। ਜਿੱਥੇ ਪਹਿਲਾਂ ਸਾਰੇ ਬੋਰਡ ਉਰਦੂ ਵਿਚ ਲਿਖੇ ਹੋਣ ਕਾਰਨ ਇਹ ਵੱਖਰੀ ਧਰਤੀ ਲੱਗਦੀ ਸੀ, ਪਰ ਹੁਣ 95% ਬੋਰਡ ਅੰਗ੍ਰੇਜ਼ੀ ਵਿਚ ਹਨ। ਸ੍ਰੀਨਗਰ ਦੀਆਂ ਸੜਕਾਂ ਹੋਰ ਮੈਦਾਨੀ ਸ਼ਹਿਰਾਂ ਵਾਂਗ ਅਕਾ ਦੇਣ ਵਾਲੀ ਟਰੈਫਿਕ ਕਸ਼ਮੀਰ ਵੇਖਣ ਵਿਚ ਭਾਰੀ ਵਿਘਨ ਪਾਉਂਦੀਆਂ ਹਨ। ਦਿਹਾਤੀ ਇਲਾਕੇ ਵਿਚ 1980-82 ਵਿਚ ਵੇਖੇ ਪੇਂਡੂ ਜੀਵਨ ਦੇ ਕੁਦਰਤੀ ਵਹਿਣ ਹੁਣ ਵੇਖਣ ਨੂੰ ਨਹੀਂ ਮਿਲੇ। ਪਰ ਗੁਰ ਅਥਸਾਨਾਂ ਦੇ ਦਰਸ਼ਨ ਇਕ ਪ੍ਰਾਪਤੀ ਲਗ ਰਿਹਾ ਹੈ। ਮਨਜ਼ੂਰ ਸਾਹਿਬ ਦਾ ਸਾਹਿਤਕ ਜ਼ਖੀਰੇ ਦਾ ਪਤਾ ਲੈ ਲੈਣਾ ਵੀ ਇਸ ਯਾਤਰਾ ਦਾ ਇਕ ਹਾਸਿਲ ਹੈ। ਡਰਾਈਵਰ ਸਾਥੀ ਦਾ ਅਸੀਂ ਧੰਨਵਾਦ ਕੀਤਾ ਕਿ ਫਿਰ ਵੀ ਸਾਡੇ ਨਾਲ ਜੁੜੇ ਰਹਿਣ ਲਈ ਬਚਨ ਲਿਆ। ਡਾਇਰੈਕਟਰ ਸਾਹਿਬ ਦੇ ਪਰਿਵਾਰ ਨੇ ਸਾਨੂੰ ਲਜ਼ੀਜ਼ ਸੁਆਦੀ ਭੋਜਨ ਛਕਾਇਆ। ਡਾਇਰੈਕਟਰ ਸਾਹਿਬ ਦੀ ਪਤਨੀ, ਜਿਸ ਨੂੰ ਉਹ ਗੱਲਬਾਤ ਵਿਚ 'ਮੇਰੀ ਲਾੜੀ' ਕਹਿੰਦੇ ਹਨ, ਚੱਟਣੀਆਂ ਤੇ ਆਚਾਰ ਏਨੇ ਸੁਆਦ ਬਣਾਉਣ ਦਾ ਏਨਾ ਸ਼ੌਕ ਰੱਖਦੇ ਹਨ ਕਿ ਦੇਸ਼ ਵਿਚ ਲੱਗਦੇ ਵੱਖ ਵੱਖ ਸੇਲ ਮੇਲਿਆਂ ਸਮੇਂ ਉਨ੍ਹਾਂ ਨੂੰ ਸਟਾਲ ਲਾਉਣ ਲਈ ਸੱਦਾ ਪੱਤਰ ਆ ਜਾਂਦੇ ਹਨ ਪਰ ਜਾਂਦੇ ਘੱਟ ਹਨ ਕਿਉਂਕਿ ਇਹ ਕੰਮ ਉਹ ਹੌਬੀ ਵਜੋਂ ਕਰਦੇ ਹਨ। ਉਹਨਾਂ ਦੀ ਮਹਿਮਾਨ ਨਿਵਾਜ਼ੀ ਦਾ ਮੇਰੇ ਦੋਸਤ ਹੈਡਮਾਸਟਰ ਅਵਤਾਰ ਸਿੰਘ ਉੱਪਰ ਬਹੁਤ ਪ੍ਰਭਾਵ ਪਿਆ।

ਅਗਲੇ ਦਿਨ (28.06.26) ਸਵੇਰੇ ਅਸੀਂ ਦੋਵੇਂ ਵਾਰੀ ਵਾਰੀ ਗੱਡੀ ਚਲਾਉਂਦੇ ਹੋਏ ਬਾਰਾਂ ਵਜੇ ਦਸੂਹੇ ਪਹੁੰਚ ਗਏ। ਦਸੂਹੇ ਆਪਣੇ ਸਫ਼ਰ ਦੇ ਸਾਥੀ ਹੈਡਮਾਸਟਰ ਅਵਤਾਰ ਸਿੰਘ ਦੇ ਘਰ ਦੋ ਘੰਟੇ ਆਰਾਮ ਕਰਕੇ ਮੈਂ ਦੋ ਵਜੇ ਜਲੰਧਰ ਆਪਣੇ ਘਰ ਵਾਪਸ ਪਹੁੰਚ ਗਿਆ। ਇਸ ਯਾਤਰਾ ਵਿਚ 1600 ਕਿਲੋਮੀਟਰ ਦਾ ਸਫ਼ਰ ਕਰਕੇ ਮੈਨੂੰ ਕੋਈ ਮਾਨਸਕ ਜਾਂ ਸਰੀਰਕ ਥਕਾਵਟ ਮਹਿਸੂਸ ਨਹੀਂ ਹੋਈ, ਭਾਵੇਂ ਕੱਲ ਨੂੰ ਬੁੱਢਾ ਹੁੰਦਾ ਜਾਂਦਾ ਸਰੀਰ ਕੁੱਝ ਥਕਾਵਟ ਮਹਿਸੂਸ ਕਰ ਸਕਦਾ ਹੈ ਜਾਂ ਜ਼ਿੰਦਗੀ ਦੇ ਫ਼ਜ਼ੂਲ ਰੁਝੇਵੇਂ ਬਿਨਾਂ ਸਰੀਰਕ ਕਸ਼ਟ ਦੇ ਹੀ ਥਕਾ ਦਿਆ ਕਰਨਗੇ!



ਸੰਤ ਰੱਜਬ
ਰਾਧਾਸੁਆਮੀ ਸਤਿਸੰਗ ਬਿਆਸ



ਸੌ ਹੱਥ ਰੱਸਾ
ਸਿਰੇ 'ਤੇ ਗੰਢ
ਡਾ. ਨਿਰਮਲ ਸਿੰਘ



ਸੀਕਰੇਟ ਪਾਰਟਨਰ
ਤੇ
ਹੋਰ ਮਿੰਨੀ ਕਹਾਣੀਆਂ
ਸੰਪਾਦਕ
ਕੁਲਵਿੰਦਰ ਕੌਸ਼ਲ
ਅਨੁਵਾਦ
ਜਗਦੀਸ਼ ਰਾਏ ਕੁਲਰੀਆਂ



ਜ਼ਮਾਨੇ ਬਦਲ ਗਏ
ਬੀਤੇ ਸੱਭਿਆਚਾਰ ਦਾ
ਕਾਵਿ-ਕੋਸ਼
ਜੈਲਦਾਰ ਸਿੰਘ ਹਸਮੁੱਖ

| Apni Aawaaz | Volume 5 | Issue 9 | September 2026 | RNI : PUNPUN/2022/82997 |
|---|---|---|---|---|




Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
Publication Date : 01/09/2026
ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ - ਡਾ. ਰਾਮ ਮੂਰਤੀ
ਪ੍ਰਕਾਸ਼ਨ ਮਿਤੀ : 01/09/2026